ਗੁਰੂ ਭਰੋਸਾ - ਪ੍ਰਭੂ ਭਰੋਸਾ

ਗਿਆਨੀ ਗੁਰਵਿੰਦਰ ਸਿੰਘ ਕੋਮਲ

ਸਿੰਘ ਬ੍ਰਦਰਜ਼
ਅੰਮ੍ਰਿਤਸਰ

Gurū Bharosā - Prabhū Bharosā

by

Giani Gurwinder Singh Komal
V. PANWAN, P.O. KALA AFGHANA,
Teh. Batala, Distt. Gurdaspur (Pb.) - 143 513
Tele. : 01871-265025
Mobile : 98147-81144

ISBN-81-7205-338-X

ਪਹਿਲੀ ਵਾਰ ਜੂਨ 2005

ਮੁੱਲ : 80-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਅਸੀਸ —ਗਿਆਨੀ ਸੰਤ ਸਿੰਘ ਮਸਕੀਨ 5

ਭੂਮਿਕਾ —ਲੇਖਕ 7

- ਗੁਰੂ ਭਰੋਸਾ - ਪ੍ਰਭੂ ਭਰੋਸਾ 9
- ਗੁਰੂ ਨਦਰ 15
- ਮਾਂ-ਬਾਪ, ਗੁਰੂ ਤੇ ਪਰਮਾਤਮਾ 22
- ਭੁੱਖ ਤੇ ਭਗਤੀ 31
- ਗੁਰਬਾਣੀ ਗਾਵਹ ਭਾਈ ਓਹ ਸਫਲ ਸਦਾ ਸੁਖਦਾਈ 38
- ਸਾ ਰਸਨਾ ਧਨੁ ਧੰਨੁ ਹੈ 42
- ਚਾਕਰ ਤੇ ਗ਼ੁਲਾਮ 48
- ਸ਼ਰਧਾ ਤੇ ਅਸ਼ਰਧਾ 53
- ਸਾਕ ਸੁਖਾਲਾ 61
- ਅੰਧਾਪਣ ਤੇ ਸੁਜਾਖਾਪਣ 66
- ਰਖੇ ਰਖਨਹਾਰ 71
- ਸੱਚਾ ਵਪਾਰ 76
- ਸੌਣਾ ਤੇ ਜਾਗਣਾ 83
- ਈਰਖਾ ਦੀ ਅਗਨੀ 91
- ਡੁੱਬਣਾ ਤੇ ਤਰਨਾ 97
- ਜੋਤ ਤੇ ਜਾਤ 104
- ਭਗਤੀ ਦਾ ਪ੍ਰਤਾਪ 109

- ਗੁਣ ਤੇ ਅਵਗੁਣ 115
- ਦ੍ਰਿਸ਼ਟੀ ਭੇਦ 122
- ਆਸਾ ਕਰੀਐ ਰਾਮ ਕੀ 129
- ਮਨ ਦੀ ਭੇਟਾ 134
- ਸਤਿਸੰਗਤ ਤੇ ਕੁਸੰਗਤ 138
- ਮੌਤ ਤੋਂ ਜੀਵਨ ਤਕ 143
- ਸਫ਼ਰ ਤੇ ਮੰਜ਼ਲ 148

ਅਸੀਸ

ਇਕ ਮਨੁੱਖ ਦਾ ਉਹ ਰੂਪ ਹੈ ਜੋ ਦਿਖਾਈ ਦਿੰਦਾ ਹੈ, ਪਰ ਵਾਸਤਵਿਕ ਰੂਪ ਅਦ੍ਰਿਸ਼ ਹੈ। ਉਹ ਅਦ੍ਰਿਸ਼ ਰੂਪ ਉਸ ਦੇ ਵਿਚਾਰ ਹਨ। ਮਨੁੱਖ ਜੋ ਦਿਖਾਈ ਦੇ ਰਿਹਾ ਹੈ ਜਾਂ ਕੁਛ ਕਰ ਰਿਹਾ ਹੈ ਜਾਂ ਬੋਲ ਰਿਹਾ ਹੈ; ਇਹ ਮਨੁੱਖ ਦਾ ਵਾਸਤਵਿਕ ਰੂਪ ਨਹੀਂ ਹੈ। ਮਨੁੱਖ ਉਹੀ ਹੈ ਜੋ ਇਸ ਦੇ ਵਿਚਾਰ ਹਨ। ਵਿਚਾਰਾਂ ਦਾ ਪਰਿਵਰਤਨ ਹੀ ਸੰਸਾਰ ਦਾ ਪਰਿਵਰਤਨ ਹੈ। ਵਿਚਾਰ ਦੇ ਬਦਲਦਿਆਂ ਮਨੁੱਖ ਦੀ ਸਾਰੀ ਦੁਨੀਆ ਬਦਲ ਜਾਂਦੀ ਹੈ। ਗੁਰਮੁਖ ਹੋਣਾ ਇਕ ਵਿਚਾਰ ਹੈ। ਮਨਮੁਖ ਹੋਣਾ ਵੀ ਇਕ ਵਿਚਾਰ ਹੈ। ਵਿਚਾਰ ਦੇ ਬਦਲਦਿਆਂ ਗੁਰਮੁਖ, ਮਨਮੁਖ ਹੋ ਜਾਂਦਾ ਹੈ; ਤੇ ਮਨਮੁਖ, ਗੁਰਮੁਖ ਹੋ ਜਾਂਦਾ ਹੈ। ਹਿੰਦੂ ਹੋਣਾ ਵੀ ਇਕ ਵਿਚਾਰ ਹੈ। ਮੁਸਲਿਮ ਅਤੇ ਕ੍ਰਿਸ਼ਚਨ ਹੋਣਾ ਵੀ ਇਕ ਵਿਚਾਰ ਹੈ। ਜੇਕਰ ਇਕ ਹਿੰਦੂ ਕ੍ਰਿਸ਼ਚਨ ਹੋ ਜਾਏ ਤਾਂ ਰੂਪ-ਰੰਗ, ਨੈਣ-ਨਕਸ਼ ਕੁਝ ਵੀ ਨਹੀਂ ਬਦਲਦੇ, ਸਿਰਫ਼ ਵਿਚਾਰ ਹੀ ਬਦਲਦੇ ਹਨ। ਸਿੱਖ ਹੋਣਾ ਵੀ ਇਕ ਵਿਚਾਰ ਹੈ :

ਸਿਖੀ ਸਿਖਿਆ ਗੁਰ ਵੀਚਾਰਿ ॥ *(ਵਾਰ ਆਸਾ, ਮਹਲਾ ੧, ਪੰਨਾ 465)*

ਮਨੁੱਖ ਦੀ ਵਿਚਾਰ ਦੀ ਧਾਰਾ ਸ਼ੁੱਧ ਹੋਵੇ, ਨਿਰਮਲ ਹੋਵੇ। ਆਦਿ ਕਾਲ ਤੋਂ ਵਿਚਾਰਸ਼ੀਲ ਆਪਣੀ ਲੇਖਣੀ ਦੁਆਰਾ ਉੱਦਮ ਉਪਰਾਲਾ ਕਰਦੇ ਰਹੇ ਹਨ। ਗੁਰਮਤਿ ਦੇ ਸ਼ੁਭ ਵਿਚਾਰਾਂ ਦਾ ਇਹ ਸੰਗ੍ਰਹਿ ਜੋ ਆਪ ਦੇ ਹੱਥਾਂ ਵਿਚ ਹੈ, ਇਹ ਇਕ ਮਹਾਨ ਵਿਚਾਰਕ ਤੇ ਕਥਾਵਾਚਕ ਗਿਆਨੀ ਗੁਰਵਿੰਦਰ ਸਿੰਘ ਕੋਮਲ ਦਾ ਉੱਦਮ ਉਪਰਾਲਾ ਹੈ। ਸਤਿਗੁਰੂ ਜੀ ਇਸ ਕਲਮ ਨੂੰ ਹੋਰ ਸ਼ਕਤੀ ਬਖ਼ਸ਼ਣ ਤੇ ਪਾਠਕਾਂ ਨੂੰ ਹੋਰ ਸੁੰਦਰ ਵਿਚਾਰਾਂ ਦੇ ਪੁਸ਼ਪ ਪ੍ਰਦਾਨ ਹੁੰਦੇ ਰਹਿਣ, ਤਾਕਿ ਗੁਰਮਤਿ ਵਿਚਾਰਾਂ ਦੀ ਸੁਗੰਧ ਨਾਲ ਦਿਲ ਦਿਮਾਗ਼ ਮੁਅੱਤਰ ਹੋ ਸਕੇ !

11.10.2004

ਗਿਆਨੀ ਸੰਤ ਸਿੰਘ ਮਸਕੀਨ

ਮੈਨੂੰ ਬਚਪਨ ਵਿਚ ਹੀ ਸੰਤ ਸੁਭਾਅ ਪਿਤਾ ਜੀ ਪਾਸੋਂ ਪ੍ਰਾਪਤ ਹੋਈ ਸੀ, ਪਰ ਕਥਾ ਵਰਗੀ ਅਗੰਮੀ ਦਾਤ ਨਾਲ ਮਸਕੀਨ ਜੀ ਨੇ ਝੋਲੀ ਭਰੀ। ਇਸ ਲਈ ਇਹ ਪੁਸਤਕ ਸ਼ਰਧਾ ਜੋਂ ਗਿਆਨੀ ਸੰਤ ਸਿੰਘ ਜੀ ਮਸਕੀਨ ਅਤੇ ਗੁਰਪੁਰਵਾਸੀ ਪਿਤਾ ਸ. ਨਰਿੰ ੀ ਨੂੰ ਭੇਟ ਕਰ ਰਿਹਾ ਹਾਂ।

'ਮ ਰਜ਼' ਦੇ ਸਮੁੱਚੇ ਮਿਹਨਤੀ ਪਰਿਵਾਰ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਫ਼ਖ਼ਰਯੋਗ ਮਿਆਰ ਸਦਕਾ ਇਸ ਖਰੜੇ ਨੂੰ ਪੁਸਤਕ ਰੂਪ ਦੇ ਕੇ ਸੰਗਤਾਂ ਦੇ ਹੱਥਾਂ ਤਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ।

ਕੈਨੇਡਾ ਵਾਸੀ ਪ੍ਰਭਦੀਪ ਸਿੰਘ ਮੰਡੇਰ, ਅਮਰਪ੍ਰੀਤ ਸਿੰਘ ਮੰਡੇਰ, ਤ੍ਰਿਪਤਪਾਲ ਸਿੰਘ ਸੰਗੇੜਾ, ਹਰਵੀਰ ਸਿੰਘ ਨਾਗਰਾ, ਜਗਨਦੀਪ ਕੌਰ ਨਾਗਰਾ ਤੇ ਜਸਮੀਨ ਕੌਰ ਭੰਡਾਲ ਵਲੋਂ ਪੁਸਤਕ ਦੇ ਸਬੰਧ 'ਚ ਮਿਲੇ ਸਹਿਯੋਗ ਦਾ ਧੰਨਵਾਦ ਕਰਨਾ ਮੇਰਾ ਫ਼ਰਜ਼ ਬਣਦਾ ਹੈ।

ਅੰਤ 'ਚ ਕਹਿਣਾ ਚਾਹਾਂਗਾ ਕਿ ਗੁਰਬਾਣੀ ਦੀ ਰੋਸ਼ਨੀ ਅੰਦਰ ਗੁਰਮਤਿ-ਸੇਧਾਂ ਨੂੰ ਸਾਂਝਾ ਕਰਨ ਦਾ ਇਹ ਪੁਸਤਕ ਇਕ ਨਿਮਾਣਾ ਜਿਹਾ ਉਪਰਾਲਾ ਹੈ, ਤਾਕਿ ਅਗਿਆਨਤਾ ਦੇ ਅੰਧਕਾਰ ਵਿੱਚੋਂ ਕੋਈ ਮਨੁੱਖੀ ਮਨ ਨਿਕਲ ਕੇ ਗੁਰਮਤਿ ਦੇ ਨੂਰ ਨਾਲ ਆਪਣੇ ਆਪ ਨੂੰ ਲਬਰੇਜ਼ ਕਰ ਕੇ :

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥

(ਗਉੜੀ ਪੂਰਬੀ ਮ: ੫, ਪੰਨਾ 13)

ਦੀ ਬਖ਼ਸ਼ਿਸ਼ ਪਾ ਕੇ ਵਡਭਾਗੀ ਬਣ ਸਕੇ।

ਭੁੱਲਾਂ ਮਨੁੱਖੀ ਸੁਭਾਅ ਦੀਆਂ ਕਮਜ਼ੋਰੀਆਂ ਹਨ। ਚੰਗਿਆਈਆਂ ਕਰਤੇ ਪੁਰਖ ਦਾ ਵਰਦਾਨ ਹਨ। ਗੁਰੂ ਪ੍ਰੇਮੀ ਜਨ ਭੁੱਲਾਂ ਲਈ ਖਿਮਾ ਵਾਲਾ ਬਿਰਦ ਰੱਖਣ ਦੀ ਕ੍ਰਿਪਾਲਤਾ ਕਰਨ। ਚੰਗੇ ਵਿਚਾਰ ਸਤਿਗੁਰੂ ਜੀ ਦੀ ਦੇਣ ਹਨ।

—ਦਾਸਰਾ

ਗਿਆਨੀ ਗੁਰਵਿੰਦਰ ਸਿੰਘ ਕੋਮਲ

ਗੁਰੂ ਭਰੋਸਾ - ਪ੍ਰਭੂ ਭਰੋਸਾ

ਕੁਦਰਤ ਨੇ ਕਰਤੇ ਪੁਰਖ ਵਾਹਿਗੁਰੂ ਜੀ ਦੇ ਅਨੰਤ ਪ੍ਰਕਾਰ ਦੇ ਰਹੱਸ ਆਪਣੇ ਅੰਦਰ ਛੁਪਾਏ ਹੋਏ ਹਨ। ਮਨੁੱਖ ਦੀ ਅੱਖ ਜਦੋਂ ਇਨ੍ਹਾਂ ਨੂੰ ਗਾਹੇ-ਬਗਾਹੇ ਦੇਖਦੀ ਹੈ ਤਾਂ ਅਕਲ ਦੰਗ ਰਹਿ ਜਾਂਦੀ ਹੈ।

ਜਿਉਂਦਾ ਮਨੁੱਖ ਪਾਣੀ ਵਿਚ ਡੁੱਬ ਜਾਂਦਾ ਹੈ, ਪਰ ਮੁਰਦਾ ਪਾਣੀ ਵਿਚ ਨਹੀਂ ਡੁੱਬਦਾ, ਬਲਕਿ ਪਾਣੀ ਉਸ ਨੂੰ ਉਪਰ ਲੈ ਆਉਂਦਾ ਹੈ। ਕੁਝ ਲੋਕ ਜਦ ਮੁਰਦਾ ਸਰੀਰ ਨੂੰ ਜਲ-ਪ੍ਰਵਾਹ ਕਰਦੇ ਹਨ ਤਾਂ ਨਾਲ ਭਾਰੇ ਪੱਥਰ ਬੰਨ੍ਹਦੇ ਹਨ ਤਾਕਿ ਸਰੀਰ ਤੈਰਨ ਨਾ ਲੱਗ ਪਵੇ। ਕੁਝ ਚਿੰਤਕਾਂ ਦਾ ਕਹਿਣਾ ਹੈ ਕਿ ਡੁੱਬਣ ਦਾ ਡਰ ਹੀ ਮਨੁੱਖ ਨੂੰ ਡੋਬ ਦਿੰਦਾ ਹੈ। ਕਈਆਂ ਦਾ ਖ਼ਿਆਲ ਹੈ ਕਿ ਪਾਣੀ ਨਾਲ ਸੰਘਰਸ਼ ਹੀ ਇਸ ਨੂੰ ਡੋਬਦਾ ਹੈ।

ਧਾਰਮਿਕ ਦੁਨੀਆ ਅੰਦਰ ਇਕ ਸੱਚਾਈ ਮੰਨੀ ਪ੍ਰਮੰਨੀ ਹੈ ਕਿ ਅਹੰਕਾਰ ਨਾਲ ਮਨੁੱਖ ਅੰਦਰੋਂ ਭਾਰਾ ਹੁੰਦਾ ਹੈ। ਨਿਰਹੰਕਾਰ ਮਨੁੱਖ ਹੌਲਾ ਫੁੱਲ ਹੁੰਦਾ ਹੈ। ਇਸ ਲਈ ਨਿਰ-ਅਹੰਕਾਰ ਮਨੁੱਖ ਪਾਣੀ ਉਪਰ ਸੁਭਾਵਕ ਹੀ ਤਰਨ ਲੱਗਦਾ ਹੈ। ਉਂਜ ਪਾਣੀ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੈ। ਭਾਰੇ-ਭਾਰੇ ਪ੍ਰਾਣਧਾਰੀ ਨਦੀਆਂ, ਦਰਿਆਵਾਂ ਨੂੰ ਪਾਰ ਕਰਦੇ ਹਨ। ਹਾਥੀ ਪਾਣੀ ਅੰਦਰ ਤੈਰਦਾ ਹੈ; ਮੱਝਾਂ, ਗਾਵਾਂ ਤਰਦੀਆਂ ਹਨ। ਭਾਰੀ ਕੁਕਮ ਬ੍ਰਿਛ ਵੀ ਤਰ ਜਾਂਦੇ ਹਨ। ਸਿਰਫ਼ ਮਨੁੱਖ ਹੀ ਡੁੱਬਦੇ ਹਨ।

ਕਾਦਰ ਨੇ ਕੁਦਰਤ ਦੇ ਜ਼ੱਰੇ-ਜ਼ੱਰੇ ਅੰਦਰ ਆਪਣੇ ਆਪ ਨੂੰ ਛੁਪਾਇਆ ਹੈ, ਬਲਕਿ ਸਾਰੀ ਕਾਇਨਾਤ ਨੂੰ ਉਸ ਨੇ ਹੁਕਮ ਅੰਦਰ ਬੱਧਾ ਹੈ। ਗੁਰਵਾਕ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ *(ਜਪੁਜੀ)*

ਪ੍ਰਭੂ ਪਿਆਰੇ ਗੁਰਮੁਖ ਜਨ ਜਦੋਂ ਗੁਰ-ਸ਼ਬਦ ਅੰਦਰ ਲੀਨ ਹੁੰਦੇ ਹਨ ਤਾਂ ਉਨ੍ਹਾਂ ਉਪਰ ਅੱਗ, ਪਾਣੀ ਤੇ ਹੋਰ ਐਸਾ ਕੁਝ ਅਸਰ ਹੀ ਨਹੀਂ ਕਰਦਾ।

ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥

(ਧਨਾਸਰੀ ਮਹਲਾ ੫, ਪੰਨਾ 679)

ਗੁਰਮੰਤ੍ਰ ਦੀ ਕਮਾਈ ਦੁਆਰਾ ਅੰਦਰੋਂ ਅਵਗੁਣ ਮਿੱਟ ਜਾਂਦੇ ਹਨ। ਕੁਦਰਤ ਭਗਤ ਨਾਲ ਇਕਸੁਰ ਹੋ ਜਾਂਦੀ ਹੈ। ਪਰਮਾਰਥ ਦੀਆਂ ਪੌੜੀਆਂ ਚੜ੍ਹਦਿਆਂ ਇਕ

ਐਸਾ ਪੜਾਅ ਆਉਂਦਾ ਹੈ ਜਿਥੇ ਸਾਰੀ ਕੁਦਰਤ ਮਿੱਤਰ ਬਣ ਜਾਂਦੀ ਹੈ। ਅੱਗ ਸਾੜਦੀ ਨਹੀਂ ਸਗੋਂ ਪਾਲਦੀ ਹੈ, ਪਾਣੀ ਡੋਬਦਾ ਨਹੀਂ ਸਗੋਂ ਸਹਾਇਕ ਬਣ ਜਾਂਦਾ ਹੈ। ਗੁਰੂ ਘਰ ਅੰਦਰ ਕਈ ਸਾਖੀਆਂ ਇਸ ਸਬੰਧ ਵਿਚ ਪ੍ਰਮਾਣਿਕ ਮੰਨੀਆਂ ਗਈਆਂ ਹਨ। ਜਿਵੇਂ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਵੇਈਂ ਨਦੀ ਦੇ ਗਹਿਰੇ ਪਾਣੀ ਅੰਦਰ ਤਿੰਨ ਦਿਨ ਅਲੋਪ ਰਹੇ। ਸੁਲਤਾਨਪੁਰ ਵਿਖੇ ਹਰ ਪਾਸੇ ਉਦਾਸੀ ਛਾ ਗਈ। ਜਨਮਸਾਖੀ ਮੁਤਾਬਕ ਹਰ ਬੰਦਾ ਚਿੰਤਤ ਹੋ ਗਿਆ। ਭਾਈਆ ਜੈ ਰਾਮ ਜੀ ਗ਼ਮਗੀਨ ਹੋਏ, ਸਤਿਕਾਰਤ ਬੇਬੇ ਨਾਨਕੀ ਜੀ ਨੂੰ ਪੁੱਛ ਰਹੇ ਹਨ—ਨਾਨਕੀ! ਹੁਣ ਕੀ ਹੋਵੇਗਾ? ਤਾਂ ਫਿਰ ਬੇਬੇ ਨਾਨਕੀ ਜੀ ਦੇ ਭਰੋਸੇ ਨੇ ਸ਼ਬਦਾਂ ਦਾ ਰੂਪ ਲੈ ਕੇ ਬੋਲਣਾ ਸ਼ੁਰੂ ਕੀਤਾ—ਤੁਸੀਂ ਕਿਉਂ ਐਵੇਂ ਡੋਲਦੇ-ਪਏ ਹੋ? ਮੇਰਾ ਵੀਰ ਡੁੱਬਿਆਂ ਨੂੰ ਤਾਰਨ ਗਿਆ ਹੈ, ਡੁੱਬਿਆ ਨਹੀਂ। ਗੁਰੂ ਨਾਨਕ ਦੇਵ ਜੀ ਮਹਾਰਾਜ ਸੱਚੀ ਦਰਗਾਹੋਂ ਡੁੱਬਦਿਆਂ ਨੂੰ ਤਾਰਨ ਲਈ ਬਖ਼ਸ਼ਿਸ਼ ਹੀ ਲੈਣ ਗਏ ਸਨ। ਭਾਈ ਗੁਰਦਾਸ ਜੀ ਅਨੁਸਾਰ :

ਪਹਿਲਾਂ ਬਾਬੇ ਪਾਧਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲ ਕਮਾਈ॥
ਰੇਤੁ ਅਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ॥
ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥

(ਵਾਰ 1, ਪਉੜੀ 24)

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿਆਰੇ ਸਿੱਖ ਭਾਈ ਬਿਧੀ ਚੰਦ ਜੀ ਪੱਟੀ ਤੋਂ ਦੁਸ਼ਾਲੇ ਲਿਆਉਣ ਸਮੇਂ ਇਕ ਬਲਦੇ ਭੱਠ ਅੰਦਰ ਬੈਠ ਗਏ। ਅਗਨੀ ਨੇ ਉਨ੍ਹਾਂ ਨੂੰ ਆਪਣੇ ਪਰਦੇ ਅੰਦਰ ਰੱਖਿਆ।

ਕਲਗ਼ੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗ਼ੁਲਾਮੀ ਦੇ ਤੌਕ ਦੇਸ਼-ਵਾਸੀਆਂ ਦੇ ਗਲੋਂ ਉਤਾਰਨ ਲਈ ਸੰਸਾਰ ਦੇ ਮੰਚ 'ਤੇ ਪ੍ਰਗਟ ਹੋਏ ਤਾਂ ਇਕ ਸਮੇਂ ਉਨ੍ਹਾਂ ਨੇ ਰੋਪੜ ਵੱਲ ਨੂੰ ਮੁਖੜਾ ਕੀਤਾ। ਰਸਤੇ ਵਿਚ ਕੋਟਲਾ ਨਿਹੰਗ ਦੇ ਅਸਥਾਨ ਕੋਲ ਕੁਝ ਸਮਾਂ ਆਰਾਮ ਕਰਨ ਦੀ ਆਪਣੀ ਮੌਜ ਪ੍ਰਗਟ ਕੀਤੀ। ਭੱਠੇ ਦੇ ਮਜ਼ਦੂਰਾਂ ਤੋਂ ਕੋਈ ਟਿਕਾਣਾ ਪੁੱਛਿਆ। ਤਦ ਸਾਧਾਰਨ ਬੁੱਧੀ ਵਾਲੇ ਮਨੁੱਖਾਂ ਨੇ ਕਿਹਾ ਕਿ ਐਹ ਭੱਠਾ ਹੀ ਟਿਕਾਣਾ ਹੈ। ਗ਼ਰੀਬ ਨਿਵਾਜ ਸਤਿਗੁਰੂ ਜੀ ਜਿਸ ਭਾਗਸ਼ਾਲੀ ਘੋੜੇ ਦੀ ਸੁਆਰੀ ਕਰ ਰਹੇ ਸਨ, ਉਸ ਘੋੜੇ ਦੇ ਪੈਂਡਾਂ ਦੀ ਛੁਹ ਨਾਲ ਬਲਦਾ ਭੱਠਾ ਠੰਡਾ ਹੋ ਗਿਆ। ਰੋਪੜ ਵਿਖੇ ਅੱਜ ਉਸ ਅਸਥਾਨ 'ਤੇ ਪਾਵਨ ਗੁਰ ਅਸਥਾਨ 'ਗੁਰਦੁਆਰਾ ਭੱਠਾ ਸਾਹਿਬ' ਗੁਰੂ ਕਲਾ ਦੀ ਅਲੌਕਿਕ ਗਾਥਾ ਪ੍ਰਗਟਾ ਰਿਹਾ ਹੈ।

ਭਾਈ ਪਾਰੋ ਜੁਲਕਾ ਜੀ ਇਕ ਉੱਘੇ ਗੁਰੂ ਕੇ ਸਿੱਖ ਹੋਏ ਹਨ। ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਰੋਜ਼ਾਨਾ ਡੱਲੇ ਪਿੰਡ ਤੋਂ ਗੋਇੰਦਵਾਲ ਸਾਹਿਬ ਆਉਂਦੇ ਹਨ। ਰਸਤੇ ਵਿਚ ਬਿਆਸਾ ਦਰਿਆ ਹੈ। ਭਾਈ ਪਾਰੋ ਜੁਲਕਾ ਜੀ ਗੁਰੂ ਆਸਰੇ ਦਰਿਆ ਦੀਆਂ ਲਹਿਰਾਂ ਨੂੰ ਪਾਰ ਕਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਧੰਨਭਾਗ ਸਮਝਦੇ ਹਨ। ਉਨ੍ਹਾਂ ਅੰਦਰ ਹਮੇਸ਼ਾ ਗੁਰੂ ਦੀਦਾਰਿਆਂ ਦੀ ਤੜਪ ਬਣੀ ਰਹਿੰਦੀ ਹੈ :

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥

(ਰਾਗ ਸੂਹੀ ਅਸਟਪਦੀਆ ਮਹਲਾ 4, ਪੰਨਾ 757)

ਦਰਸ਼ਨ ਕਰਨ ਉਪਰੰਤ ਉਸੇ ਤਰ੍ਹਾਂ ਦਰਿਆ ਅੰਦਰ ਘੋੜੀ ਠੇਲ੍ਹ ਕੇ ਵਾਪਸ ਪਿੰਡ ਆ ਜਾਂਦੇ ਹਨ। ਦਿੱਲੀਓਂ ਲਾਹੌਰ ਨੂੰ ਜਾਂਦਾ ਫ਼ੌਜਾਂ ਦਾ ਕਾਫ਼ਲਾ ਦਰਿਆ ਦੇ ਹੜ੍ਹ ਨੂੰ ਵੇਖ ਕੇ ਰੁਕ ਗਿਆ। ਫ਼ੌਜਾਂ ਦਾ ਜਰਨੈਲ ਅੱਲਾਯਾਰ ਹੜ੍ਹ ਦੇ ਪਾਣੀ ਦੇ ਉਤਰਨ ਦੀ ਉਡੀਕ ਕਰਨ ਲੱਗਾ। ਜਿਉਂ ਹੀ ਜਰਨੈਲ ਨੇ ਭਾਈ ਪਾਰੋ ਜੁਲਕਾ ਜੀ ਨੂੰ ਰਵਾਂ-ਰਵੀਂ ਘੋੜੀ ਠੇਲ੍ਹ ਕੇ ਦਰਿਆ ਪਾਰ ਕਰਦੇ ਵੇਖਿਆ ਤਾਂ ਉਸ ਦੀ ਅਕਲ ਦੰਗ ਰਹਿ ਗਈ। ਜਦੋਂ ਭਾਈ ਸਾਹਿਬ ਵਾਪਸ ਆਏ ਤਾਂ ਜਰਨੈਲ ਨੇ ਪੁੱਛਿਆ—ਸਿੱਖਾ! ਤੈਨੂੰ ਰੁੜ੍ਹਨ ਦਾ ਡਰ ਨਹੀਂ ਆਇਆ। ਤਾਂ ਭਾਈ ਪਾਰੋ ਜੀ ਨੇ ਕਿਹਾ ਕਿ ਜਦ ਸਤਿਗੁਰੂ ਜੀ ਦੇ ਭਰੋਸੇ ਦੇ ਬੇੜੇ ਚੜ੍ਹ ਜਾਈਏ ਫਿਰ ਡਰ ਕਾਹਦਾ? ਜਰਨੈਲ ਅੱਲਾਯਾਰ ਇਥੋਂ ਹੀ ਗੁਰੂ-ਚਰਨਾਂ ਦਾ ਸਾਦਿਕ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ ਦੇ ਚਰਨਾਂ 'ਚੋਂ ਗੁਰਮਤਿ ਦਾਨ ਪਾ ਕੇ ਵਡਭਾਗਿਆਂ ਵਿਚ ਸ਼ਾਮਿਲ ਹੋ ਗਿਆ। ਤੀਜੇ ਗੁਰੂ ਜੀ ਨੇ ਪ੍ਰਚਾਰ ਦੀ ਜ਼ਿੰਮੇਵਾਰੀ ਜਦ ਗੁਰਸਿੱਖਾਂ ਨੂੰ ਬਖ਼ਸ਼ੀ ਤਾਂ ਉਨ੍ਹਾਂ ਭਾਗਸ਼ਾਲੀ ਗੁਰਸਿੱਖਾਂ ਵਿਚ ਅੱਲਾਯਾਰ ਵੀ ਸੀ।

ਭਾਈ ਪਾਰੋ ਜੁਲਕਾ ਨੂੰ ਭਾਈ ਗੁਰਦਾਸ ਜੀ ਨੇ ਪਰਮ ਹੰਸ ਕਰਕੇ ਵਾਰਾਂ ਅੰਦਰ ਲਿਖਿਆ ਹੈ :

ਪਾਰੋ ਜੁਲਕਾ ਪਰਮ ਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ॥...
ਪੂਰੈ ਸਤਿਗੁਰ ਪੈਜ ਸਵਾਰੀ॥ *(ਵਾਰ 11, ਪਉੜੀ 15)*

ਇਨ੍ਹਾਂ ਗੁਰ-ਸਾਖੀਆਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੋ ਪ੍ਰਮੁੱਖ ਭਗਤਾਂ ਦੀਆਂ ਉਦਾਹਰਣਾਂ ਜਗਤ ਸਾਹਮਣੇ ਰੱਖਦੇ ਹਨ, ਜਿਨ੍ਹਾਂ ਨੂੰ ਸੰਸਾਰੀ, ਅਗਿਆਨੀ ਅਤੇ ਅਭਿਮਾਨੀ ਪੁਰਸ਼ਾਂ ਨੇ ਅੱਗ ਅੰਦਰ ਸਾੜਨ ਦੀ ਕੋਸ਼ਿਸ਼ ਕੀਤੀ। ਪਾਣੀ ਵਿਚ ਡੋਬਣ ਲਈ ਪੂਰਾ ਜ਼ੋਰ ਲਾਇਆ, ਪਰ ਉਨ੍ਹਾਂ ਨੂੰ ਨਾ ਪਾਣੀ ਨੇ ਤੇ ਨਾ ਹੀ ਅੱਗ ਨੇ ਸਤਾਇਆ। ਇਨ੍ਹਾਂ ਭਗਤ-ਜਨਾਂ ਦੇ ਪਾਵਨ ਨਾਮ ਹਨ—ਭਗਤ ਪ੍ਰਹਿਲਾਦ ਜੀ ਤੇ ਭਗਤ ਕਬੀਰ ਜੀ।

ਭਗਤ ਪ੍ਰਹਿਲਾਦ ਜੀ ਨੂੰ ਬਾਲ ਅਵਸਥਾ 'ਚ ਉਨ੍ਹਾਂ ਦੇ ਸੰਸਾਰੀ ਪਿਤਾ ਰਾਜੇ ਹਰਣਾਖਸ਼ ਨੇ ਪ੍ਰਭੂ-ਵਿਸ਼ਵਾਸ ਤੋਂ ਥਿੜਕਾਉਣ ਲਈ ਆਪਣੀ ਸਾਰੀ ਸਿਆਣਪ ਅਤੇ ਤਾਕਤ ਵਰਤੀ। ਰਾਜੇ ਹਰਣਾਖਸ਼ ਦਾ ਸਾਥ ਉਸ ਦੀ ਸਕੀ ਭੈਣ ਹੋਲਕਾ ਵੱਲੋਂ ਵੀ ਦਿੱਤਾ ਗਿਆ। ਅਕਸਰ ਭੂਆ ਆਪਣੇ ਭਤੀਜੇ-ਭਤੀਜੀਆਂ ਦੀ ਸੁਖ ਮੰਗਦੀਆਂ ਹਨ, ਪਰ ਦੁਸ਼ਟ ਭਰਾ ਦੀ ਦੁਸ਼ਟ ਭੈਣ ਭਤੀਜੇ ਨੂੰ ਜਾਨੋਂ ਮਾਰਨ ਵਾਸਤੇ ਪੂਰੀ ਮਦਦ ਕਰਦੀ ਹੈ। ਹੋਲਕਾ ਭਗਤ ਪ੍ਰਹਿਲਾਦ ਨੂੰ ਗੋਦੀ ਚੁੱਕ ਕੇ ਬਲਦੀਆਂ ਲੱਕੜਾਂ ਅੰਦਰ ਬੈਠ ਗਈ। ਹੋਲਕਾ ਸ਼ਿਵ ਜੀ ਦੀ ਉਪਾਸ਼ਕ ਸੀ। ਉਹਨੂੰ ਭਰੋਸਾ ਸੀ ਕਿ ਮੈਨੂੰ ਸ਼ਿਵ ਜੀ ਵੱਲੋਂ ਵਰ ਪ੍ਰਾਪਤ ਹੈ ਕਿ ਜਿਹੜਾ ਦੁਪੱਟਾ ਮੇਰੇ ਸਿਰ 'ਤੇ ਹੈ, ਇਹ ਮੈਨੂੰ ਸੜਨ ਨਹੀਂ

ਦੇਵੇਗਾ, ਪਰ ਕਿਉਂਕਿ ਅੱਗ, ਪਾਣੀ, ਚੰਦ, ਸੂਰਜ, ਹਵਾ, ਦਰਿਆ ਤੇ ਅਨੰਤ ਸ਼ਕਤੀਆਂ ਸਰਬ-ਸ਼ਕਤੀਵਾਨ ਪ੍ਰਭੂ ਜੀ ਦੇ ਵੱਸ ਹਨ :

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ *(ਸੂਹੀ ਮਹਲਾ ੪, ਪੰਨਾ 736)*

ਤਥਾ :

ਡਰਪੈ ਧਰਤਿ ਅਕਾਸੁ ਨਖ੍ਹ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦੁ ਬਿਚਾਰਾ ॥

(ਮਾਰੂ ਮਹਲਾ ੫, ਪੰਨਾ 998)

ਪਰਮਾਤਮਾ ਦੇ ਚਰਨਾਂ ਨਾਲ ਜੁੜੇ ਪ੍ਰਹਿਲਾਦ ਜੀ ਦੀ ਅਗਨੀ ਅੰਦਰ ਰੱਖਿਆ ਹੋਈ ਅਤੇ ਸ਼ਿਵ ਉਪਾਸ਼ਕ ਹੋਲਕਾ ਸੜ ਗਈ। ਹੋਲਕਾ ਦੇ ਸੜਨ ਦੀ ਖ਼ੁਸ਼ੀ 'ਚ ਹੋਲੀ ਦਾ ਤਿਉਹਾਰ ਬਣਿਆ, ਕਿ ਪਰਮਾਤਮਾ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ। ਭਗਤਾਂ ਦੇ ਹਿਰਦਿਆਂ ਵਿਚ ਪਰਮਾਤਮਾ ਦੀ ਭਗਤੀ ਦੀ ਹਮੇਸ਼ਾ ਭੁੱਖ ਬਣੀ ਰਹਿੰਦੀ ਹੈ :

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ *(ਸਲੋਕ ਮ: ੧, ਪੰਨਾ 466)*

ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਵਿਚ ਗਿਆਨ ਕਰਵਾਇਆ ਕਿ ਮਨੁੱਖ ਵਾਹਿਗੁਰੂ ਜੀ ਦੇ ਸਾਜੇ ਦੇਵੀ ਦੇਵਤਿਆਂ ਨੂੰ ਅਗਿਆਨਤਾ ਵੱਸ ਰੱਬ ਮੰਨ ਬੈਠਾ ਹੈ, ਜੋ ਪਰਮਾਤਮਾ ਹੈ—ਉਸ ਦਾ ਤਾਂ ਭੇਦ ਹੀ ਨਹੀਂ ਜਾਣਦਾ :

ਮਹਾਦੇਵ ਕੋ ਕਹਤ ਸਦਾ ਸਿਵ ॥
ਨਿਰੰਕਾਰ ਕਾ ਚੀਨਤ ਨਹਿ ਭਿਵ ॥ *(ਚੌਪਈ ਸਾਹਿਬ)*

ਹੋਲਕਾ ਤੋਂ ਬਾਅਦ ਵਾਰੀ ਆਈ ਰਾਜੇ ਹਰਣਾਖਸ਼ ਦੀ। ਉਸ ਨੂੰ ਵਾਹਿਗੁਰੂ ਜੀ ਨੇ ਜਗ ਜ਼ਾਹਰ ਸਜ਼ਾ ਦੇ ਕੇ ਆਪਣੇ ਕ੍ਰਿਪਾਲੂ ਬਿਰਦ ਦਾ ਪ੍ਰਗਟਾਅ ਕੀਤਾ। ਗੁਰੂ ਅਮਰਦਾਸ ਜੀ ਨੇ ਪਰਮਾਤਮਾ ਦੇ ਬਿਰਦ ਅਤੇ ਭਗਤ ਦੀ ਪ੍ਰੀਤ ਨੂੰ ਦਰਸਾਇਆ ਹੈ :

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥

(ਸੋਰਠਿ ਮਹਲਾ ੩, ਪੰਨਾ 637)

ਤਥਾ :

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥

(ਵਾਰ ਆਸਾ, ਪਉੜੀ, ਪੰਨਾ 468)

ਗੁਰੂ ਰਾਮਦਾਸ ਜੀ ਨੇ ਵੀ ਅਕਾਲ ਪੁਰਖ ਜੀ ਦੇ ਸੱਚ ਤਰਾਜ਼ੂ ਦੇ ਦਰਸ਼ਨ ਕਰਵਾਏ ਹਨ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥

(ਆਸਾ ਮਹਲਾ ੪, ਪੰਨਾ 451)

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਦੀ ਦੂਜੀ ਪਉੜੀ ਵਿਚ ਇਸ ਕਥਾ ਨੂੰ ਬਿਆਨ ਕੀਤਾ ਹੈ :

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ ॥
ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ ॥
ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ ॥
ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ ॥
ਰਾਜੇ ਪਾਸਿ ਰੁਆਇਆ ਦੋਖੀ ਦੈਤਿ ਵਧਾਇਆ ਵਾਦੁ ॥
ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ ॥
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ ॥
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ ॥
ਜੈ ਜੈਕਾਰ ਕਰਨਿ ਬ੍ਰਹਮਾਦਿ ॥੨॥੧੦॥

ਭਗਤ ਕਬੀਰ ਜੀ ਨੇ ਹੱਡੀਂ ਹੰਢਾਇਆ ਸੱਚ ਮੂਰਤੀ-ਮਾਨ ਕਰ ਕੇ ਗੁਰੂ ਪਰਮਾਤਮਾ ਦੇ ਭਰੋਸੇ ਅੰਦਰ ਮਨ ਨੂੰ ਟਿਕਾਉਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਅਧੌਤੀ ਜਾਤ ਦੇ ਅਭਿਮਾਨ ਅੰਦਰ ਫਸੇ ਅੰਧੇ ਮਨੁੱਖਾਂ ਦੀ ਅੱਖ ਭਗਤ ਨੂੰ ਪਹਿਚਾਣ ਨਾ ਸਕੀ। ਕਦੇ ਵਰਨ-ਵੰਡ ਦੀ ਉਨ੍ਹਾਂ ਵੱਲੋਂ ਨਿਰਾਦਰੀ ਕਰਨ ਦਾ ਇਲਜ਼ਾਮ ਲੱਗਾ ਅਤੇ ਕਦੇ ਸ਼ਰ੍ਹਾ ਦਾ ਅਪਮਾਨ ਕਰਨ ਦਾ ਇਲਜ਼ਾਮ ਭਗਤ ਸਿਰ ਮੜ੍ਹਿਆ। ਕਦੇ ਵਰਨ-ਵੰਡ ਦੇ ਮੁੱਦਈ ਬ੍ਰਾਹਮਣਾਂ ਤੇ ਕਦੇ ਸ਼ਰ੍ਹਾ ਦੇ ਦੀਵਾਨਿਆਂ ਨੇ ਭਗਤ ਜੀ ਨੂੰ ਜਾਨੋਂ ਮਾਰਨ ਲਈ ਖ਼ੂਨੀ ਹਾਥੀ ਅੱਗੇ ਸੁੱਟਵਾਇਆ। ਗਹਿਰੀ ਗੰਗਾ ਦੇ ਡੂੰਘੇ ਪਾਣੀ ਅੰਦਰ ਨੂੜ ਕੇ ਸੁੱਟਿਆ।

ਇਥੇ ਵੀ ਪਰਮਾਤਮਾ ਦੇ ਗੁਪਤ ਹੱਥ ਭਗਤ ਦੇ ਸਿਰ 'ਤੇ ਰਹੇ। ਮਨ ਪਰਮਾਤਮਾ ਦੀ ਸ਼ਕਤੀ ਅੰਦਰ ਲਿਵਲੀਨ ਹੋਣ ਕਰਕੇ ਚਿੱਤ ਅਡੋਲ ਰਿਹਾ :

ਗੰਗ ਗੁਸਾਇਨਿ ਗਹਿਰ ਗੰਭੀਰ ॥
ਜੰਜੀਰ ਬਾਂਧਿ ਕਰ�ि ਖਰੇ ਕਬੀਰ ॥੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ਰਹਾਉ॥
ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ ॥
ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥
ਕਹਿ ਕੰਬੀਰ ਕੋਊ ਸੰਗ ਨ ਸਾਥ ॥
ਜਲ ਥਲ ਰਾਖਨ ਹੈ ਰਘੁਨਾਥ ॥੩॥ *(ਭੈਰਉ ਕਬੀਰ ਜੀ, ਪੰਨਾ 1162)*

ਜਗਤ ਵਿਚ ਭਰਮ-ਬੁੱਧੀ ਦੀ ਅਜੋਕੇ ਸਮੇਂ ਵਿਚ ਪ੍ਰਧਾਨਤਾ ਹੈ। ਮਨੁੱਖ ਭਰਮਯੋਗ ਹਾਲਤ ਵਿਚ ਫਸਿਆ ਹੋਇਆ ਹੈ। ਭੌਤਿਕ ਪਦਾਰਥਾਂ ਅਤੇ ਪੱਛਮੀ ਚਮਕ-ਦਮਕ ਤੇ ਭਟਕਾਊ ਸੋਚ ਨੇ ਮਨੁੱਖ ਨੂੰ ਸਰਬ-ਸ਼ਕਤੀਵਾਨ ਪਰਮਾਤਮਾ ਤੋਂ ਥਿੜਕਾ ਦਿੱਤਾ ਹੈ। ਭਗਤਾਂ ਤੇ ਗੁਰਮੁਖਾਂ ਦਾ ਇਤਿਹਾਸ ਥਿੜਕੇ ਮਨਾਂ ਦਾ ਸਹਾਰਾ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਮੀ ਬਾਣੀ ਨਾਲ ਮਨ ਦੀ ਸਾਂਝ ਬਣਾਇਆਂ ਭਰੋਸੇ ਅੰਦਰ ਪ੍ਰਵੇਸ਼ ਕਰੀਦਾ ਹੈ। ਸੰਤ ਨਿਹਾਲ ਸਿੰਘ ਜੀ ਦੇ ਗੁਰੂ ਆਸਰੇ ਵਾਲੇ ਬਚਨ ਯਾਦ ਰੱਖਣ ਯੋਗ ਹਨ :

ਕਾਹੂੰ ਕੌ ਭਰੋਸੋ ਹੈ ਜ਼ਮੀਨ ਕੌ ਜ਼ਮਾਨੇ ਬੀਚ,
ਕਾਹੂੰ ਕੌ ਭਰੋਸੋ ਜ਼ੋਰ ਚਾਕਰੀ ਜਹਾਜ਼ ਪੈ।
ਕਾਹੂੰ ਕੌ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,
ਕਾਹੂੰ ਕੌ ਭਰੋਸੋ ਹੈ ਕੁਟੰਬੀ ਕਰੈ ਕਾਜ ਪੈ।
ਕਾਹੂੰ ਕੌ ਭਰੋਸੋ ਦੇਵ ਥਾਨੀ ਅਰ ਪਾਰਸੀ ਕੌ,
ਕਾਹੂੰ ਕੌ ਭਰੋਸੋ ਸੰਤਗਿਰੀ ਕੀ ਮਿਜ਼ਾਜ ਪੈ।
ਕਾਹੂੰ ਕੌ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ,
ਮੋਕਉ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।

ਗੁਰੂ-ਪਿਆਰ ਅਤੇ ਵਿਸ਼ਵਾਸ ਵਾਲਾ ਵਡਭਾਗਾ ਗੁਰ ਸਿੱਖ ਸਦਾ ਅਨੰਦ ਅਤੇ ਚੜ੍ਹਦੀ ਕਲਾ ਅੰਦਰ ਟਿਕਿਆ ਰਹਿੰਦਾ ਹੈ :

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥

(ਧਨਾਸਰੀ ਮਹਲਾ ੫, ਪੰਨਾ 677)

ਗੁਰੂ ਨਦਰ

ਅਧਿਆਤਮਿਕ ਸਿਖਰਤਾ ਦੀ ਪ੍ਰਾਪਤੀ ਗੁਰੂ ਨਦਰ ਰਾਹੀਂ ਹੁੰਦੀ ਹੈ। ਨਦਰ ਦੇ ਅਰਥ ਹਨ—ਮਿਹਰ, ਬਖ਼ਸ਼ਿਸ਼। ਧਰਮ ਦਾ ਪਾਂਧੀ ਸ਼ਬਦ-ਕਮਾਈ ਨਾਲ ਆਪਣੇ ਅੰਦਰੋਂ ਹਉਮੈ ਦੀ ਮੈਲ ਨੂੰ ਧੋ ਕੇ ਨਿਰਮਲ ਹੁੰਦਾ ਹੈ, ਤਾਂ ਪ੍ਰਭੂ ਦਰੋਂ ਉਸ ਨੂੰ ਨਦਰ ਪ੍ਰਾਪਤ ਹੁੰਦੀ ਹੈ। ਗੁਰਮੁਖਾਂ ਦੇ ਉੱਜਲੇ ਮੁੱਖ ਨਦਰ ਕਰਕੇ ਹੀ ਹੁੰਦੇ ਹਨ। ਪੁੱਛਿਆ ਜਾਵੇ ਕਿ ਮਨੁੱਖ ਸੰਸਾਰ ਉਪਰ ਕਾਹਦੇ ਵਾਸਤੇ ਆਇਆ ਹੈ, ਤਾਂ ਉੱਤਰ ਹੋਵੇਗਾ— 'ਨਦਰ' ਪ੍ਰਾਪਤ ਕਰਨ ਵਾਸਤੇ। ਨਿਹਾਲ ਅਵਸਥਾ ਤਾਂ ਨਦਰ ਕਰਕੇ ਹੀ ਮਿਲਦੀ ਹੈ।

ਗੁਰਵਾਕ ਹੈ :

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ *(ਜਪੁਜੀ)*

ਗੁਰੂ-ਦਰ ਆਉਣ ਵਾਲੇ ਮਨੁੱਖ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਤਿਗੁਰੂ ਜੀ ਦੀ ਪਰਮ ਪਾਵਨ ਸਿੱਖਿਆ ਨੂੰ ਆਪਣੇ ਜੀਵਨ ਵਿਚ ਕਮਾਇਆਂ ਹੀ ਮੇਰੀ ਜੀਵਨ-ਯਾਤਰਾ ਸਫਲ ਅਤੇ ਅਨੰਦਮਈ ਹੋਵੇਗੀ :

ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥ *(ਗਉੜੀ ਸੁਖਮਨੀ ਮ: ੫, ਪੰਨਾ 293)*

ਸਤਿਗੁਰੂ ਪਾਸ ਸਿਰਫ਼ ਪਦਾਰਥਾਂ ਦੀ ਪ੍ਰਾਪਤੀ ਅਤੇ ਦੁਨਿਆਵੀ ਲੋੜਾਂ-ਇੱਛਾਵਾਂ ਲਈ ਆਉਣਾ ਅਧੂਰੀ ਸੋਚ ਹੈ; ਭਾਵੇਂ ਕਿ ਹਰ ਵਸਤੂ ਗੁਰੂ-ਚਰਨਾਂ ਵਿੱਚੋਂ ਮਿਲ ਜਾਂਦੀ ਹੈ :

ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥

(ਸਿਰੀਰਾਗੁ ਮਹਲਾ ੫, ਪੰਨਾ 52)

ਸੰਪੂਰਨ ਸੋਚ ਦਾ ਉੱਤਮ ਪਹਿਲੂ ਹੈ ਕਿ ਭੌਤਿਕ ਪਦਾਰਥਾਂ ਦੀ ਅਸਲੀਅਤ ਵੀ ਸਮਝ ਵਿਚ ਆਵੇ, ਕਿਉਂਕਿ ਹਰ ਚੀਜ਼ ਨਾਲੋਂ ਇਕ ਸਮੇਂ ਵਿਛੋੜਾ ਹੋਣਾ ਨੀਯਤ ਹੈ। ਅੰਤ ਸਮੇਂ ਦੁਨੀਆ ਨਾਲ ਸੰਬੰਧਿਤ ਜੋ ਕੁਝ ਵੀ ਹੈ; ਸਾਥ ਛੱਡ ਜਾਂਦਾ ਹੈ। ਸੰਸਾਰੀ ਲੋੜਾਂ ਅਤੇ ਇੱਛਾਵਾਂ ਤੋਂ ਅੱਗੇ ਲੰਘਣ ਦੀ ਵੀ ਲੋੜ ਹੈ :

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥

(ਸੋਰਠਿ ਮਹਲਾ ੧, ਪੰਨਾ 597)

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਐਸੀ ਹੀ ਉੱਤਮ ਜੀਵਨ-ਜਾਚ ਦੇ ਗੁਰਮਤਿ ਗਾਡੀ-ਰਾਹ ਦਾ ਪਾਂਧੀ ਬਣਾਇਆ ਹੈ। ਸਿੱਖ ਪਦਾਰਥਾਂ ਨੂੰ ਲੋੜਾਂ ਤਕ ਸਮਝੇ, ਪਰ ਇਨ੍ਹਾਂ ਦੀ ਖ਼ਾਤਰ ਵਡਮੁੱਲਾ ਜੀਵਨ ਦਾਅ 'ਤੇ ਨਾ ਲਾ ਦੇਵੇ। ਪਦਾਰਥ ਜੀਵਨ ਲਈ ਹਨ, ਪਰ ਜੀਵਨ ਬੰਦਗੀ ਵਾਸਤੇ ਹੈ। ਗੁਰੂ ਦੇ ਉਪਦੇਸ਼ ਦੀ ਕਮਾਈ ਸਿੱਖ ਦਾ ਸਬੰਧ ਨਦਰ ਨਾਲ ਜੋੜਦੀ ਹੈ :

ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲਘਾਏ ਪਾਰਿ ॥ *(ਵਾਰ ਆਸਾ, ਮਹਲਾ ੧, ਪੰਨਾ 465)*

ਪਰਮਾਤਮਾ ਦੀ ਮਿਹਰ ਦੁਆਰਾ ਹੀ ਚੌਰਾਸੀ ਲੱਖ ਜੂਨ ਦੇ ਵਿਸ਼ਾਲ ਪਾਸਾਰੇ ਵਿੱਚੋਂ ਉੱਤਮ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਬੰਦਗੀ ਦਾ ਕੁਦਰਤੀ ਅਧਿਕਾਰ ਵੀ ਮਨੁੱਖ ਨੂੰ ਮਿਲਿਆ ਹੈ :

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮ ਸੁ ਮਾਣਸਿ ਦੇਹੀ ॥
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣੁ ਬਚਨ ਸਨੇਹੀ ॥
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ ॥
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ ॥
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ ॥
ਗੁਰ ਭਾਈ ਸੰਤੁਸਟਿ ਕਰਿ ਚਰਣਾਮਿਤੁ ਲੈ ਮੁਖ ਪਿਵੇਹੀ ॥
(ਭਾਈ ਗੁਰਦਾਸ ਜੀ, ਵਾਰ 1, ਪਉੜੀ 3)

ਜਦ ਕੋਈ ਮਨੁੱਖ ਕਹਿੰਦਾ ਹੈ ਕਿ ਰੱਬ ਨੇ ਮੈਨੂੰ ਕੀ ਦਿੱਤਾ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ ਇਸ ਮਨੁੱਖ ਪਾਸ ਜੋ ਕੁਝ ਹੈ ਉਸ ਨੂੰ ਵੇਖਣ ਸਮਝਣ ਦੀ ਇਸ ਪਾਸ ਸਮਰੱਥਾ ਨਹੀਂ ਹੈ, ਨਹੀਂ ਤਾਂ ਪਰਮਾਤਮਾ ਅੱਗੇ ਐਸੇ ਗਿਲੇ-ਸ਼ਿਕਵੇ ਨਾ ਕਰਦਾ, ਸਗੋਂ ਸ਼ੁਕਰਾਨੇ ਭਾਵ ਅੰਦਰ ਝੁਕਿਆ ਰਹਿੰਦਾ। ਈਰਾਨੀ ਸੰਤ ਸ਼ੇਖ਼ ਸਾਅਦੀ ਜੀ ਨੇ ਇਕ ਕਥਾ ਵਰਣਨ ਕੀਤੀ ਹੈ :

ਕਹਿੰਦੇ—ਮੈਂ ਮਸਜਿਦ ਅੰਦਰ ਨਮਾਜ਼ ਪੜ੍ਹਨ ਉਪਰੰਤ ਖ਼ੁਦਾ ਅੱਗੇ ਗਿਲੇ ਕਰਨ ਲੱਗ ਪੈਂਦਾ। ਐ ਖ਼ੁਦਾ ! ਤੇਰੀ ਨਮਾਜ਼ ਪੜ੍ਹੀਦੀ ਹੈ। ਤੇਰੇ ਘਰ ਤਕ ਰੋਜ਼ਾਨਾ ਪੰਜ ਵਕਤ ਆਉਂਦਾ ਹਾਂ। ਮੈਨੂੰ ਤੂੰ ਕੀ ਦਿੱਤਾ। ਦੇਖ ਏਨੀ ਜ਼ਿਆਦਾ ਗਰਮੀ ਪੈ ਰਹੀ ਹੈ। ਤਪਦੇ ਰੇਤੇ ਉੱਤੇ ਤੁਰਦਿਆਂ ਮੇਰੇ ਪੈਰ ਸੜਦੇ ਹਨ। ਮੈਨੂੰ ਅਜੇ ਤਕ ਪੈਰੀਂ ਪਾਉਣ ਵਾਸਤੇ ਜੋੜਾ ਵੀ ਨਸੀਬ ਨਹੀਂ ਹੋਇਆ। ਇਸ ਤਰ੍ਹਾਂ ਦੇ ਅਨੇਕਾਂ ਸ਼ਿਕਵੇ ਮਨ ਅੰਦਰ ਭਰੇ ਰਹਿੰਦੇ। ਫਿਰ ਇਕ ਦਿਨ ਖ਼ੁਦਾ ਨੇ ਗਿਆਨ ਕਰਵਾਇਆ। ਸ਼ੇਖ਼ ਸਾਅਦੀ ਜੀ ਦੁਪਹਿਰ ਦੇ ਵਕਤ ਜਿਉਂ ਹੀ ਨਮਾਜ਼ ਅਦਾ ਕਰਨ ਮਸਜਿਦ ਪਹੁੰਚੇ ਤਾਂ ਕੀ ਵੇਖਿਆ ਕਿ ਇਕ ਪਿੰਗਲਾ ਮਨੁੱਖ ਜਿਸ ਦੇ ਦੋਵੇਂ ਪੈਰ ਕੱਟੇ ਸਨ; ਖ਼ੁਦਾ ਦੇ ਪਿਆਰ ਵਿਚ ਸਿਰ ਝੁਕਾ ਕੇ ਧੰਨਵਾਦ ਕਰ ਰਿਹਾ ਸੀ ਕਿ ਮੇਰੇ ਪਿਆਰੇ ਖ਼ੁਦਾ ! ਤੂੰ ਆਪਣੇ ਫ਼ਜ਼ਲ ਮਿਹਰ ਨਾਲ ਆਪਣੇ ਘਰ ਤਕ ਲੈ ਆਉਨਾ ਏਂ। ਤੇਰੀ ਨਮਾਜ਼ ਪੜ੍ਹ ਕੇ ਮੈਨੂੰ ਅੰਤਰੀਵੀ ਆਨੰਦ ਪ੍ਰਾਪਤ ਹੁੰਦਾ ਹੈ।

ਉਸ ਦਿਨ ਮਨ ਨੂੰ ਸਮਝ ਮਿਲੀ ਕਿ ਖ਼ੁਦਾ ਨੇ ਤਾਂ ਮੈਨੂੰ ਹੱਥ, ਪੈਰ, ਸਵਾਸ, ਤੰਦਰੁਸਤੀ ਤੇ ਖਾਣ ਪੀਣ ਵਾਸਤੇ ਬਹੁਤ ਕੁਝ ਦਿੱਤਾ ਹੈ।

ਗੁਰੂ ਦਾ ਬਚਨ ਹੈ :

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥
(ਸੋਰਠਿ ਮਹਲਾ ੫, ਪੰਨਾ 619)

ਮਨੁੱਖ ਨੂੰ ਪਰਮਾਤਮਾ ਦੀ 'ਕ੍ਰਿਪਾ' ਵੇਖਣ ਦੀ ਜਾਚ ਨਹੀਂ ਹੈ। ਹਰ ਪ੍ਰਾਣੀ ਦੀ ਝੋਲੀ ਵਾਹਿਗੁਰੂ ਜੀ ਨੇ ਕੁਝ ਤਾਂ ਜ਼ਰੂਰ ਪਾਇਆ ਹੈ :

ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥
ਕਿਸੈ ਥੋੜੀ ਕਿਸੈ ਹੈ ਘਣੇਰੀ ॥ *(ਮਾਝ ਮਹਲਾ ੩, ਪੰਨਾ 119)*

ਘਣੇਰੀ ਨਦਰ ਤਾਂ ਅੱਠੇ ਪਹਿਰ ਨਾਮ ਰਸ (ਸਮਾਧੀ) ਦਾ ਪ੍ਰਾਪਤ ਹੋਣਾ ਹੈ। ਇਕ ਗਾਥਾ ਮੁਤਾਬਕ ਬਾਬਾ ਆਦਮ ਤੇ ਬੇਬੇ ਹੱਵਾ ਖ਼ੁਦਾਈ ਰਹਿਮਤ ਨੂੰ ਸੰਭਾਲ ਨਾ ਸਕੇ। ਖ਼ੁਦਾ ਨੇ ਇਨ੍ਹਾਂ ਦੋਵਾਂ ਨੂੰ ਵਿਸਮਾਦੀ ਦੁਨੀਆ (ਬਹਿਸ਼ਤ) ਅੰਦਰ ਰੱਖਿਆ ਸੀ। ਬਹੁਤ ਸਮਾਂ ਬੀਤ ਜਾਣ ਬਾਅਦ ਪਰਮਾਤਮਾ ਦੇ ਹੁਕਮ ਰੂਪੀ ਕਾਨੂੰਨ ਤੋਂ ਅਵੇਸਲੇ ਹੋ ਕੇ ਅਚੇਤ ਅਵਸਥਾ ਵੱਸ ਬਾਬਾ ਆਦਮ ਤੇ ਬੇਬੇ ਹੱਵਾ ਸ਼ੈਤਾਨ ਪਿੱਛੇ ਲੱਗ ਗਏ। ਸ਼ੈਤਾਨ ਨੇ ਇਨ੍ਹਾਂ ਨੂੰ ਵਰਜਿਤ ਫਲ ਖਾਣ ਲਈ ਪ੍ਰੇਰਿਆ, ਜਿਸ ਦੇ ਫਲਸਰੂਪ ਦੋਵੇਂ ਜਣੇ ਪਰਮ ਆਨੰਦ (ਸੁਨਤ) ਤੋਂ ਵਿਰਵੇ ਹੋ ਗਏ ਅਤੇ ਅਨ-ਰਸ ਦੀ ਦੁਨੀਆ 'ਚ ਭੇਜ ਦਿੱਤੇ ਗਏ। ਜਿਸ ਰੱਬੀ ਨਦਰ ਨਾਲ ਪਰਮ ਆਨੰਦ (ਬਹਿਸ਼ਤ) ਨੂੰ ਮਾਣ ਕੇ ਵਿਸਮਾਦ ਵਿਚ ਸਨ, ਉਸ ਨਦਰ ਤੋਂ ਖ਼ਾਲੀ ਹੋ ਗਏ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ :

ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥
ਉਨਿ ਭੀ ਭਿਸਤਿ ਘਨੇਰੀ ਪਾਈ ॥ *(ਰਾਗ ਭੈਰਉ ਕਬੀਰ ਜੀ, ਪੰਨਾ 1161)*

ਅੱਜ ਉਸੇ ਪਰਮ ਆਨੰਦ (ਬਹਿਸ਼ਤ) ਦੀ ਤਲਾਸ਼ ਅੰਦਰ ਆਦਮ ਜਾਤ ਭਟਕ ਰਹੀ ਹੈ।

ਦਸਵੇਂ ਪਾਤਸ਼ਾਹ ਜੀ ਨੇ 'ਚੌਪਈ ਸਾਹਿਬ' ਅੰਦਰ ਫ਼ੁਰਮਾਇਆ ਹੈ ਕਿ ਅਕਾਲ ਪੁਰਖ ਜੀ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਸਾਰੇ ਤਾਪ, ਰੋਗ ਨਾਸ਼ ਹੋ ਜਾਂਦੇ ਹਨ :

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
ਤਾ ਕੇ ਤਾਪ ਤਨਕ ਮੋ ਹਰਿਹੋ ॥ *(ਚੌਪਈ ਸਾਹਿਬ)*

ਅਜੋਕਾ ਮਨੁੱਖ ਅਕਾਲ ਪੁਰਖ ਜੀ ਦੀ ਦਿੱਤੀ ਅਕਲ, ਬੁੱਧੀ ਦੇ ਬਲਬੂਤੇ ਭੌਤਿਕ ਵਿਕਾਸ ਅਤੇ ਬਾਹਰੀਆਂ ਤਰੱਕੀਆਂ ਨੂੰ ਵੇਖ-ਵੇਖ ਕੇ ਆਪਣੇ ਦਾਅਵੇ ਕਰਨ ਵੱਲ ਮਸਰੂਫ਼ ਹੈ। ਅਤੇ ਇਸ ਦੀ ਐਸੀ ਸੋਚਣੀ ਹੈ :

ਖ਼ੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ,
ਖ਼ੁਦਾ ਖ਼ੁਦ ਬੰਦੇ ਸੇ ਪੂਛੇ ਕਿ ਬਤਾ ਤੇਰੀ ਰਜ਼ਾ ਕਿਆ ਹੈ।

ਖ਼ੁਦੀ ਦੇ ਵਹਿਣ ਅੰਦਰ ਰੁੜ੍ਹਦਾ ਹੋਇਆ ਇਹ ਮਨੁੱਖ ਅਨੰਤ ਪਰੇਸ਼ਾਨੀਆਂ ਅਤੇ ਦੁਸ਼ਵਾਰੀਆਂ ਦੀਆਂ ਘੁੰਮਣ-ਘੇਰੀਆਂ ਅੰਦਰ ਫਸ ਗਿਆ ਹੈ। ਚਿੰਤਾਵਾਂ ਸਿਰ ਦਾ ਬੋਝ ਬਣ ਗਈਆਂ ਹਨ। ਸੁੱਕੇ ਗਿਆਨ-ਫ਼ਲਸਫ਼ੇ ਮਨੁੱਖ ਵਾਸਤੇ ਜ਼ਹਿਮਤ ਬਣੇ ਪਏ ਹਨ। ਭਾਈ ਵੀਰ ਸਿੰਘ ਜੀ ਨੇ ਮਨ ਨੂੰ ਸਮਝਾਇਆ ਹੈ :

ਕਿਉਂ ਹੋਇਆ ਤੇ ਕੀਕੂੰ ਹੋਇਆ, ਖਪ ਖਪ ਮਰੇ ਸਿਆਣੇ।
ਓਸ ਰਾਹ ਪਵੇਂ ਕਿਉਂ ਜਿੰਦੇ, ਜਿਸ ਰਾਹ ਪੂਰ ਮੁਹਾਣੇ।
ਭਟਕਣ ਛੱਡ, ਲਟਕ ਲਾ ਇਕੋ, ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ, ਰੱਖਦੀ ਸਦਾ ਟਿਕਾਣੇ।

ਇਕ ਹੋਰ ਸ਼ਾਇਰ ਦਾ ਵੀ ਕਥਨ ਹੈ :

ਖਿਰਦ (ਬੁੱਧੀ) ਕੇ ਪਾਸ ਖ਼ਬਰ ਕੇ ਸਿਵਾ ਕੁਛ ਔਰ ਨਹੀਂ।
ਮਗਰ ਤੇਰਾ ਇਲਾਜ ਨਦਰ ਕੇ ਬਗ਼ੈਰ ਕੁਛ ਔਰ ਨਹੀਂ।

ਖ਼ੁਦੀ ਦਾ ਪਰਦਾ ਹਟਾਇਆਂ ਹੀ ਪਰਮਾਤਮਾ ਦੀਆਂ ਵਡਿਆਈਆਂ ਨਜ਼ਰ ਆਉਂਦੀਆਂ ਹਨ। ਤਨ ਤੇ ਮਨ ਅੰਦਰ ਸੁਖ ਸ਼ਾਂਤੀ ਪ੍ਰਗਟ ਹੁੰਦੀ ਹੈ।

ਗੁਰਵਾਕ ਹੈ :

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥

(ਸਲੋਕ, ਗਉੜੀ ਬਾਵਨ ਅਖਰੀ, ਮਹਲਾ ੫, ਪੰਨਾ 260)

ਇਕ ਬੀਜ ਜਦ ਆਪਣੇ ਆਪੇ ਨੂੰ ਮਿੱਟੀ ਨਾਲ ਮਿਲਾ ਕੇ ਆਪਣਾ ਵਜੂਦ ਖ਼ਤਮ ਕਰ ਲੈਂਦਾ ਹੈ ਤਾਂ ਉਸ ਮਿੱਟੀ ਅੰਦਰੋਂ ਇਕ ਨਵੀਂ ਤੇ ਸੁਹੱਪਣ ਭਰੀ ਜ਼ਿੰਦਗੀ ਦੀ ਬੂਟੇ ਦੇ ਰੂਪ ਵਿਚ ਸ਼ੁਰੂਆਤ ਹੁੰਦੀ ਹੈ :

ਮਿਟਾ ਦੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ,
ਕਿ ਦਾਨਾ ਖ਼ਾਕ ਮੇਂ ਮਿਲ ਕਰ ਗੁਲੇ ਗੁਲਜ਼ਾਰ ਹੋਤਾ ਹੈ। *(ਇਕ ਸ਼ਾਇਰ)*

ਇਹ ਸੱਚ ਹੈ ਕਿ ਉੱਤਮ ਅਵਸਥਾ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਤਾਂ ਮਿਟਾਉਣਾ ਹੀ ਪੈਂਦਾ ਹੈ। ਮਨੁੱਖ ਦੀ ਉਂਗਲ ਦਾ ਸੁਹੱਪਣ ਤੇ ਸ਼ਿੰਗਾਰ ਬਣਨ ਤੋਂ ਪਹਿਲਾਂ ਹੀਰੇ ਨੂੰ ਸਾਧਨਾ ਤਾਂ ਕਰਨੀ ਹੀ ਪਈ। ਜੌਹਰੀ ਨੇ ਤਿੱਖੇ ਸੰਦਾਂ ਨਾਲ ਅਨੇਕਾਂ ਵਾਰ ਤਰਾਸ਼ਿਆ :

ਨਾਮੀ ਕੋਈ ਬਗ਼ੈਰ ਮੁਸ਼ੱਕਤ ਨਹੀਂ ਹੂਆ।
ਸੌ ਬਾਰ ਜਬ ਅਕੀਕ (ਹੀਰਾ) ਕਟਾ ਤੋ ਨਗੀਂ ਹੂਆ।

ਧਾਰਮਿਕ ਪੁਰਸ਼ ਦੀ ਕੀ ਪਹਿਚਾਣ ਹੈ ? ਬਸ ਇਹੋ ਕਿ ਉਹ ਧਰਮ ਦੀ ਸਾਧਨਾ ਮੁਸ਼ੱਕਤ ਕਰ ਕੇ ਆਪਣੇ ਆਪ ਨੂੰ ਨਾ ਜਣਾਉਂਦਾ ਹੈ, ਨਾ ਵਡਿਆਉਂਦਾ ਹੈ। ਜੇਕਰ ਕੋਈ ਪੁਰਸ਼ ਐਸਾ ਕਰਦਾ ਹੈ ਅਤੇ ਸਮਝਦਾ ਹੈ, ਮੈਂ ਧਾਰਮਿਕ ਹਾਂ, ਤਾਂ ਇਹ ਉਸ ਦੇ ਮਨ ਦਾ ਭਰਮ ਹੈ। ਆਪਣੇ ਆਪ ਨੂੰ ਜਣਾਉਣ ਤੇ ਵਡਿਆਉਣ ਵਾਲੇ ਮਨੁੱਖ ਰਾਜਨੀਤਕ ਹੁੰਦੇ ਹਨ, ਧਰਮੀ ਨਹੀਂ।

ਗੁਰੂ ਦਰਗਾਹ ਅੰਦਰ ਪ੍ਰਵਾਨੇ ਭੱਟ ਜਲ੍ਹਨ ਜੀ ਨੇ ਗੁਰੂ ਨਦਰ ਦੇ ਦਰਸ਼ਨ ਸਵੱਈਏ ਅੰਦਰ ਕਰਵਾਏ ਹਨ :

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥

(ਸਵਈਏ ਮਹਲੇ ਚਉਥੇ ਕੇ, ਭਟ ਜਲ੍ਹਨ ਜੀ, ਪੰਨਾ 1399)

ਭਾਵ ਉੱਚੀ ਅਵਸਥਾ ਤਦ ਮਿਲਦੀ ਹੈ ਜਦ ਸਤਿਗੁਰੂ ਪ੍ਰਸੰਨ ਹੋ ਕੇ ਨਦਰ ਕਰ ਦੇਣ। ਜਿਸ ਪੁਰਸ਼ ਉਪਰ ਗੁਰੂ ਪ੍ਰਸੰਨ ਹੋਵੇ ਤਾਂ ਉਸ ਵਡਭਾਗੇ ਦਾ ਹਲਤ-ਪਲਤ ਸੰਵਰ ਜਾਂਦਾ ਹੈ :

ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥
ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥
ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ॥
ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ॥

(ਸਵਈਏ ਮਹਲੇ ਚਉਥੇ ਕੇ, ਪੰਨਾ 1398)

ਬੜੀ ਸੁੰਦਰ ਕਥਾ ਹੈ। ਇਕ ਗ਼ਰੀਬ ਲੜਕਾ ਛੋਲਿਆਂ ਦੇ ਖੇਤ ਵਿਚ ਰਖਵਾਲਾ ਹੈ। ਦੇਵਨੇਤ ਗੁਰੂ ਨਾਨਕ ਦੇਵ ਜੀ ਮਹਾਰਾਜ ਜਗਤ ਦੇ ਪ੍ਰਾਣੀਆਂ ਨੂੰ ਗੁਰਮਤਿ ਜੀਵਨ-ਜਾਚ ਸਿਖਾਉਂਦੇ ਉਸ ਖੇਤ ਪਾਸ ਪਹੁੰਚ ਗਏ। ਪੂਰਬਲੇ ਸੰਸਕਾਰਾਂ ਅਤੇ ਮਾਪਿਆਂ ਵੱਲੋਂ ਮਿਲੇ ਸ਼ਰਧਾ-ਸੇਵਾ ਦੇ ਗੁਣਾਂ ਕਰਕੇ ਉਸ ਲੜਕੇ ਨੇ ਸਤਿਗੁਰੂ ਜੀ ਤੇ ਭਾਈ ਮਰਦਾਨਾ ਜੀ ਨੂੰ ਛੋਲਿਆਂ ਦੇ ਫਲਦਾਰ ਬੂਟੇ ਭੁੰਨ ਕੇ ਹੋਲਾਂ ਭੇਟ ਕੀਤੀਆਂ। ਭਾਈ ਮਰਦਾਨਾ ਜੀ ਤੇ ਗੁਰੂ ਸਾਹਿਬ ਜੀ ਨੇ ਇਸ ਪਿਆਰੀ ਭੇਟ ਨੂੰ ਛਕ ਲਿਆ।

ਸ਼ਾਮ ਦਾ ਵਕਤ ਹੋ ਰਿਹਾ ਸੀ, ਰਾਤ ਦੇ ਹਨੇਰੇ ਨੂੰ ਅਨੁਭਵ ਕਰ ਕੇ ਉਹ ਵਡਭਾਗਾ ਲੜਕਾ ਸਤਿਗੁਰੂ ਜੀ ਵਾਸਤੇ ਭੋਜਨ ਅਤੇ ਬਿਸਤਰਾ ਲੈਣ ਤੁਰਿਆ ਤਾਂ ਮਿਹਰਵਾਨ ਪਾਤਸ਼ਾਹ ਜੀ ਨੇ ਆਵਾਜ਼ ਦੇ ਕੇ ਬੁਲਾ ਲਿਆ। ਫਿਰ ਆਪਣੇ ਮੁਬਾਰਕ ਮੁਖਾਰਬਿੰਦ ਤੋਂ ਫ਼ੁਰਮਾਇਆ ਕਿ ਤੇਰਾ ਪਿਆਰ ਹੀ ਸਾਡੇ ਲਈ ਭੋਜਨ ਹੈ। ਖੇਤ ਦਾ ਘਾਹ ਮਖ਼ਮਲੀ ਵਿਛਾਉਣਾ ਹੈ। ਗੁਰੂ-ਬਚਨਾਂ ਅੰਦਰ ਛੁਪੀਆਂ ਬਰਕਤਾਂ ਪ੍ਰਗਟ ਹੋਈਆਂ। ਪਿਆਰ-ਭਾਵਨਾ ਤੋਂ ਬਲਿਹਾਰੇ ਜਾਣ ਵਾਲੇ ਸੱਚੇ ਸਤਿਗੁਰੂ ਜੀ ਦੀ ਅਗੰਮੀ ਨਦਰ ਦੁਆਰਾ ਗ਼ਰੀਬ ਬੱਚੇ ਨੂੰ ਪਾਤਸ਼ਾਹਤ ਮਿਲੀ। ਇਤਿਹਾਸ ਨੇ ਆਪਣੇ ਅੰਦਾਜ਼ ਵਿਚ ਇਸ ਕੌਤਕ ਨੂੰ ਬਿਆਨਿਆ :

ਸੱਖਰ ਤੇਰਾ ਲੇਫ਼ ਨਿਹਾਲੀ ਭਾਉ ਤੇਰਾ ਪਕਵਾਨ।
ਨਾਨਕ ਸਿਫ਼ਤੀ ਰੱਜਿਆ ਆਉ ਬੈਠ ਸੁਲਤਾਨ।

ਲੜਕਾ ਜਿਸ ਨਗਰ ਅੰਦਰ ਰਹਿੰਦਾ ਸੀ, ਉਸ ਨਗਰ ਦਾ ਹਾਕਮ ਨਿਰ-ਸੰਤਾਨ ਸੀ। ਰਾਤ ਉਸ ਦਾ ਅਕਾਲ ਚਲਾਣਾ ਹੋ ਗਿਆ। ਸਲਾਹਕਾਰਾਂ ਨੇ ਆਪੋ ਵਿਚ ਵਿਚਾਰ ਕੀਤਾ ਕਿ ਨਗਰ ਦਾ ਮੁਖ ਦਰਵਾਜ਼ਾ ਬੰਦ ਕਰ ਦਿੰਦੇ ਹਾਂ। ਸਵੇਰੇ ਜੋ ਬਾਹਰੋਂ ਮਨੁੱਖ ਦਰਵਾਜ਼ੇ ਨੂੰ ਪਹਿਲਾਂ ਖੜਕਾਵੇਗਾ, ਉਸ ਨੂੰ ਹੀ ਰਾਜਾ ਮੰਨ ਲਵਾਂਗੇ।

ਉਧਰ ਰਾਤ ਖੇਤਾਂ 'ਚ ਰਹਿਣ ਕਰਕੇ ਲੜਕਾ ਵੱਡੇ ਵੇਲੇ (ਤੜਕਸਾਰ) ਸਤਿਗੁਰੂ ਜੀ ਨੂੰ ਪਿਆਰ ਸਹਿਤ ਵਿਦਾ ਕਰ ਕੇ ਨਗਰ ਨੂੰ ਆਇਆ, ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ਾ ਸਭ ਤੋਂ ਪਹਿਲਾਂ ਖੜਕਾਇਆ ਤਾਂ ਨਗਰ ਦੀ ਪਾਤਸ਼ਾਹਤ ਮਿਲ ਗਈ। ਗ਼ਰੀਬੀ ਅਵਸਥਾ ਤੋਂ ਗੁਰੂ ਨਦਰ ਨਾਲ ਪਾਤਸ਼ਾਹਤ ਪ੍ਰਾਪਤ ਹੋਈ।

ਭਾਈ ਸੁਥਰਾ ਜੀ ਦੀ ਕਥਾ ਬੜੀ ਨਿਰਾਲੀ ਹੈ। ਕਸ਼ਮੀਰ ਅੰਦਰ ਧਰਮ ਪ੍ਰਚਾਰ ਰਾਹੀਂ ਗਿਆਨ ਦਾ ਚਾਨਣ ਵੰਡਦਿਆਂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਸਮੇਤ ਜਾ ਰਹੇ ਸਨ ਤਾਂ ਸੜਕ ਕਿਨਾਰਿਉਂ ਬਾਲਕ ਦੇ ਰੋਣ ਦੀ ਆਵਾਜ਼ ਆਈ। ਸਤਿਗੁਰੂ ਜੀ ਨੇ ਘੋੜਾ ਰੋਕ ਲਿਆ। ਇਕ ਸੇਵਕ ਨੂੰ ਇਸ਼ਾਰਾ ਕੀਤਾ। ਸੇਵਕ ਕਾਹਲੀ ਨਾਲ ਗਿਆ, ਵਾਪਸ ਆਇਆ ਤੇ ਕਿਹਾ—ਮਹਾਰਾਜ ਜੀ, ਇਕ ਬੱਚਾ ਹੈ ਕਪੜੇ ਵਿਚ ਲਪੇਟਿਆ ਹੋਇਆ। ਉਸ ਦੇ ਮੂੰਹ ਅੰਦਰ ਦੋ ਦੰਦ ਵੀ ਨੇ ਜੋ ਰੋਂਦਿਆਂ ਦਿਖਾਈ ਦੇ ਰਹੇ ਹਨ। ਚਿਹਰਾ ਬੜਾ ਕੁਰੂਪ ਹੈ। ਜਾਪਦੈ ਕਿਸੇ ਬੇਦਰਦ ਮਾਂ ਬਾਪ ਨੇ ਮਨਹੂਸ ਜਾਣ ਕੇ ਜਨਮ ਤੋਂ ਬਾਦ ਇਥੇ ਸੁੱਟ ਦਿੱਤਾ ਹੈ। ਦਰਦੇ-ਦਿਲ ਸਤਿਗੁਰੂ ਜੀ ਨੇ ਉਸ ਬੱਚੇ ਨੂੰ ਚੁੱਕ ਲਿਆਉਣ ਲਈ ਬਚਨ ਕਹੇ। ਸੇਵਕ ਚੁੱਕ ਲਿਆਇਆ ਅਤੇ ਨਾਲ ਹੀ ਕਿਹਾ—ਗ਼ਰੀਬ ਨਿਵਾਜ! ਇਹ ਤਾਂ ਕੁਥਰਾ ਹੈ, ਪਰ ਦਇਆਵਾਨ ਸਾਹਿਬ ਜੀ ਨੇ ਆਪਣੀ ਮਿਹਰਾਮਤ ਕਰਦਿਆਂ ਫ਼ੁਰਮਾਇਆ—ਨਹੀਂ ਪਿਆਰਿਆ! ਇਹ ਤਾਂ 'ਸੁਥਰਾ' ਹੈ।

ਯਾਦ ਰਹੇ ਭਾਈ ਸੁਥਰਾ ਜੀ ਦੀ ਪਾਲਣਾ-ਪੋਸਣਾ ਤੇ ਵਿੱਦਿਆ ਗੁਰੂ ਸਾਹਿਬ ਜੀ ਨੇ ਆਪਣੀ ਨਿਗਰਾਨੀ ਵਿਚ ਕਰਵਾਈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ ਨਿਵਾਜੇ ਭਾਈ ਸੁਥਰਾ ਜੀ ਨੇ ਆਪਣੇ ਨਿਵੇਕਲੇ ਹਾਸ-ਰਸੀ ਢੰਗ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ।

ਸੱਚ ਹੈ ਮਨੁੱਖ ਭਾਵੇਂ ਕੁਥਰਾ ਹੀ ਕਿਉਂ ਨਾ ਹੋਵੇ ਜੇਕਰ ਦਇਆਲੂ ਸਤਿਗੁਰੂ ਜੀ ਦੀ ਸ਼ਰਨ ਤਨ ਮਨ ਕਰਕੇ ਆ ਜਾਵੇ ਤਾਂ ਸੁਥਰਾ ਬਣਦਿਆਂ ਦੇਰ ਨਹੀਂ ਲੱਗਦੀ।

ਗੁਰ ਫ਼ੁਰਮਾਨ ਹੈ :

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥ *(ਮਹਲਾ ੧, ਪੰਨਾ 91)*

ਗੁਰੂ ਨਾਨਕ ਜੋਤਿ ਦੇ ਅੱਠਵੇਂ ਸਰੂਪ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੇ ਦਿੱਲੀ ਨੂੰ ਜਾਂਦਿਆਂ ਅੰਬਾਲੇ ਨੇੜੇ ਪੰਜੋਖਰੇ ਦੇ ਅਸਥਾਨ 'ਤੇ ਉਤਾਰਾ ਕੀਤਾ। ਸਤਿਗੁਰੂ ਜੀ ਦਾ ਆਉਣਾ ਸੁਣ ਕੇ ਗੁਰੂ ਨਾਨਕ-ਨਾਮ-ਲੇਵਾ ਪ੍ਰੇਮੀ ਸਤਿਗੁਰੂ ਜੀ ਦੇ ਇਲਾਹੀ ਦਰਸ਼ਨ ਕਰਨ ਲਈ ਵੱਡੀ ਗਿਣਤੀ ਅੰਦਰ ਪਹੁੰਚੇ। ਵੱਡਾ ਇਕੱਠ ਵੇਖ ਕੇ ਇਕ ਵਿੱਦਿਆ ਦਾ ਅਭਿਮਾਨੀ ਪੁਰਸ਼ ਪੰਡਤ ਲਾਲ ਚੰਦ ਪੁੱਛਣ ਲੱਗਾ ਕਿ ਏਥੇ ਏਨੀ ਜ਼ਿਆਦਾ ਭੀੜ ਕਿਉਂ ਹੋਈ ਹੈ? ਤਾਂ ਇਕ ਸ਼ਰਧਾਵਾਨ ਸਿੱਖ ਨੇ ਕਿਹਾ ਕਿ ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੇ ਉਤਾਰਾ ਕੀਤਾ ਹੋਇਆ ਹੈ। ਪੰਡਤ ਲਾਲ ਚੰਦ ਭਰਮ ਵਿਚ ਪੈ ਗਿਆ। ਆਖਣ ਲੱਗਾ ਕਿ ਗੁਰੂ ਦਾ ਨਾਮ ਬੜਾ ਵੱਡਾ ਦੱਸਿਆ ਜੇ। ਦੁਆਪਰ ਯੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਉਚਾਰਨ ਕੀਤੀ ਹੈ। ਇਨ੍ਹਾਂ ਦਾ ਨਾਮ ਉਨ੍ਹਾਂ ਤੋਂ ਵੱਡਾ ਹੈ, ਇਹ ਗੀਤਾ ਦੇ ਮੈਨੂੰ ਅਰਥ ਸੁਣਾ ਦੇਣ।

ਤਦ ਸਤਿਗੁਰੂ ਜੀ ਨੇ ਇਕ ਝੱਲੇ ਜਿਹੇ ਮਨੁੱਖ ਛੱਜੂ ਦੇ ਸਿਰ ਉਪਰ ਆਪਣੀ ਛੜੀ ਰੱਖ ਕੇ ਆਪਣੀ ਅਗੰਮੀ ਨਦਰ ਦੇ ਸਭ ਨੂੰ ਦਰਸ਼ਨ ਕਰਵਾਏ। ਗਿਆਨੀ

ਗਿਆਨ ਸਿੰਘ ਅਲਮਸਤ ਅਨੁਸਾਰ ਭਾਈ ਛੱਜੂ ਪੰਡਤ ਨੂੰ ਸੰਬੋਧਨ ਹੋ ਕੇ ਕਹਿਣ ਲੱਗਾ :

ਏਕ ਗੀਤਾ ਕਿਆ ਕਹੋ ਰਚੋਂ ਮੈਂ ਕਰੋੜ ਗੀਤਾ,
ਲਿਖੋਂ ਚਾਰੇ ਜੁਗੋਂ ਮਾਹਿ ਪਾਛੇ ਜੋਇ ਬੀਤਾ ਹੈ।
ਭੂਤ ਔ ਭਵਿੱਖ ਵਰਤਮਾਨ ਮਹਿ ਜੋ ਲੀਤਾ ਦੀਤਾ,
ਲਿਖੋਂ ਬਿਪਰੀਤਾ ਬੁੱਧੀ ਨਾਹਿ ਤੁਹਿ ਪਰਤੀਤਾ ਹੈ।
ਹੇਰ ਹੇਰ ਹੋਵਤ ਹੈਰਾਨ ਹੈਰਾਨ ਕਾਹਿ ਮੀਤਾ,
ਜਬ ਛਟੀ ਗੁਰ ਸੀਸ ਧਰੀ ਸਭੀ ਜਗ ਜੀਤਾ ਹੈ।
ਲੇਵਉ ਗੁਰ ਆਗਿਆ ਅਨੀਤਾ ਨਾਹਿ ਚਾਲ ਸਕੋਂ,
ਤੋਰਉ ਤੋਹਿ ਗੁਮਾਨ ਜੋ ਬਣਿਓ ਬਡੋ ਗਨੀਤਾ ਹੈ।

ਭਾਈ ਛੱਜੂ ਜੀ ਦੀ ਰਸਨਾ ਤੋਂ ਸੰਸਕ੍ਰਿਤ ਦਾ ਪਾਠ ਤੇ ਗੀਤਾ ਦੇ ਅਰਥ ਸੁਣ ਕੇ ਪੰਡਤ ਲਾਲ ਚੰਦ ਦੇ ਅੰਦਰੋਂ ਵਿਦਵਤਾ ਦਾ ਗ਼ਰੂਰ ਅਤੇ ਸ਼ੱਕ ਦਾ ਹਨੇਰਾ ਮਿਟ ਗਿਆ। ਪ੍ਰਤੱਖ ਗੁਰੂ-ਨਦਰ-ਕਲਾ ਦੇ ਸਨਮੁਖ ਪੰਡਤ ਲਾਲ ਚੰਦ ਸਤਿਗੁਰੂ ਜੀ ਦੇ ਚਰਨ ਚੁੰਮਣ ਲੱਗਾ।

ਅੱਜ ਇਸ ਅਸਥਾਨ ਉੱਤੇ ਪੰਜੋਖਰਾ ਵਿਖੇ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੈ, ਜੋ ਗੁਰੂ ਜੋਤਿ ਦੀ ਅਨੰਤ ਨਦਰ ਦੀ ਕਿਰਨ ਦਾ ਜਲਵਾ ਪ੍ਰਗਟਾਉਂਦਾ ਇਤਿਹਾਸ ਨੂੰ ਸੰਭਾਲ ਕੇ ਅਜੋਕੇ ਮਨੁੱਖ ਦੇ ਡੋਲਦੇ ਵਿਸ਼ਵਾਸ ਨੂੰ ਧਰਵਾਸ ਤੇ ਸਹਾਰਾ ਦਿੰਦਾ ਹੈ।

ਹਕੀਕਤ ਤੋਂ ਬੇਮੁਖ ਹੋ ਕੇ ਮਨੁੱਖ ਸਕੂਨ ਦੀਆਂ ਪੌੜੀਆਂ ਨਹੀਂ ਚੜ੍ਹ ਸਕਦਾ। ਸੁਖਮ ਵੱਲ ਪਿੱਠ ਕੀਤਿਆਂ ਪਰਛਾਵਾਂ ਮਨੁੱਖ ਦੇ ਸਾਹਮਣੇ ਆ ਜਾਂਦਾ ਹੈ। ਪਰਛਾਵਿਆਂ ਨੂੰ ਫੜਨ ਦਾ ਮਨੁੱਖ ਸੁਭਾਅ ਬਣਾ ਬੈਠਾ ਹੈ। ਬਾਹਰੀ ਤਰੱਕੀਆਂ ਦਾ ਮਾਣ ਇਸ ਨੂੰ ਅੰਦਰੋਂ ਹੌਲਾ ਕਰੀ ਜਾ ਰਹੇ ਹਨ। ਦਾਅਵੇ ਅਤੇ ਵਿਖਾਵੇ ਰਾਹੂ ਕੇਤੂ ਬਣ ਕੇ ਇਸ ਨੂੰ ਘੇਰੀ ਬੈਠੇ ਹਨ।

ਗੁਰੂ ਨਦਰ ਕਰਕੇ ਹੀ ਮਨੁੱਖ ਨੂੰ ਪਰਮ ਸੁੱਖ ਮਿਲ ਸਕਦਾ ਹੈ। ਇਕ ਸ਼ਾਇਰ ਦੀ ਜ਼ਬਾਨੀ :

ਨਦਰੇ ਰਹਿਮਤ ਸੇ ਜਿਧਰ ਗੁਰੂ ਨਾਨਕ ਇਸ਼ਾਰਾ ਕਰ ਦੀਆ।
ਜ਼ੱਰੇ ਕੋ ਸੂਰਜ ਕੀਆ ਕਤਰੇ ਕੋ ਦਰਿਆ ਕਰ ਦੀਆ।
ਦੈਂਤ ਸਾਧੂ ਬਨਾ ਸੱਜਣ ਭੀ ਸੱਜਣ ਹੋ ਗਿਆ,
ਅਰੇ ਬੰਦੋਂ ਕੀ ਬਾਤ ਕਿਆ ਥੀ ਰੀਠੇ ਕੋ ਮੀਠਾ ਕਰ ਦੀਆ।
ਇਸ਼ਕ ਕੀ ਭੱਠੀ ਮੇਂ ਡਾਲ ਕਰ ਜਿਸ ਦਮ ਕੁੰਦਨ ਕੀਆ,
ਨਦਰ ਭਰ ਦੇਖਾ ਲਹਿਣੇ ਕੋ ਤੋ ਲਹਿਣੇ ਸੇ ਅੰਗਦ ਕਰ ਦੀਆ।

ਮਾਂ-ਬਾਪ, ਗੁਰੂ ਤੇ ਪਰਮਾਤਮਾ

ਸੰਸਾਰ ਅੰਦਰ ਮਨੁੱਖਾਂ ਦੀ ਸ਼੍ਰੇਣੀ-ਵੰਡ ਕਰੀਏ ਤਾਂ ਤਿੰਨ ਸ਼੍ਰੇਣੀਆਂ ਬਣ ਜਾਂਦੀਆਂ ਹਨ।

ਪਹਿਲੇ ਉਹ ਮਨੁੱਖ ਜਿਨ੍ਹਾਂ ਨੂੰ ਮਾਂ-ਬਾਪ ਦੇ ਪਰਉਪਕਾਰ ਦੀ ਸਮਝ ਹੈ।

ਦੂਜੇ ਉਹ ਮਨੁੱਖ ਜਿਨ੍ਹਾਂ ਨੂੰ ਮਾਂ-ਬਾਪ ਦੇ ਪਰਉਪਕਾਰ ਦੇ ਨਾਲ-ਨਾਲ ਗੁਰੂ ਪਰਮਾਤਮਾ ਦੇ ਅਨੰਤ ਪਰਉਪਕਾਰਾਂ ਦੀ ਸਮਝ ਹੈ।

ਤੀਜੇ ਉਹ ਮਨੁੱਖ ਜਿਨ੍ਹਾਂ ਨੂੰ ਨਾ ਮਾਂ-ਬਾਪ ਤੇ ਨਾ ਗੁਰੂ ਪਰਮਾਤਮਾ ਦੇ ਬਾਰੇ ਕੋਈ ਗਿਆਨ ਹੈ। ਬਿਲਕੁਲ ਮੂੜ੍ਹ ਤੇ ਸੁਆਰਥੀ, ਹੱਦ ਦਰਜੇ ਦੇ ਅਕਿਰਤਘਣ।

ਮਾਂ-ਬਾਪ ਤੋਂ ਸਰੀਰ ਮਿਲਦਾ ਹੈ। ਸਤਿਗੁਰੂ ਪਾਸੋਂ ਜੀਵਨ ਸਫਲਤਾ ਦਾ ਭੇਦ, ਗਿਆਨ ਪ੍ਰਾਪਤ ਹੁੰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਸਰੀਰ ਤੇ ਆਤਮਾ ਦੇ ਸੰਜੋਗ ਦੀ ਬਿਧੀ ਬਣਦੀ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ :

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ *(ਰਾਗ ਗੌਂਡ, ਕਬੀਰ ਜੀ, ਪੰਨਾ 872)*

ਤਥਾ :

ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥
(ਸਵਯੇ ਸ੍ਰੀ ਮੁਖਬਾਕ੍ ਮਹਲਾ ੫, ਪੰਨਾ 1387)

ਕਾਦਰ ਦੀ ਕੁਦਰਤ ਨੂੰ ਦੇਖਣ ਦਾ ਸੁਭਾਗ ਮਨੁੱਖ ਨੂੰ ਮਾਂ-ਬਾਪ ਰਾਹੀਂ ਮਿਲਿਆ ਹੈ। ਮਾਂ-ਬਾਪ ਦੀ ਅੰਸ਼ ਹਰ ਮਨੁੱਖੀ ਸਰੀਰ ਅੰਦਰ ਮੌਜੂਦ ਹੈ। ਇਕ ਲੰਬੀ ਘਾਲਣਾ ਹੈ ਮਾਂ ਦੇ ਰੂਪ ਵਿਚ ਇਸਤਰੀ ਦੀ। ਜਨਮ ਮਰਨ ਦੀ ਖੇਡ ਅੰਦਰੋਂ ਇਕ ਨਵੀਂ ਮੂਰਤ ਨੂੰ ਪ੍ਰਗਟ ਕਰਨਾ। ਫਿਰ ਪਾਲਣਾ ਪੋਸਣਾ। ਵਾਕਿਆ ਹੀ ਮਾਪਿਆਂ ਦੇ ਇਸ ਕਰਜ਼ੇ ਨੂੰ ਚੁਕਾਇਆ ਨਹੀਂ ਜਾ ਸਕਦਾ। ਇਸ ਲਈ ਨਿਰਸੰਦੇਹ ਇਸ ਪਰਉਪਕਾਰ ਨੂੰ ਭੁਲਾਉਣਾ ਅਕਿਰਤਘਣਤਾ ਹੀ ਹੁੰਦਾ ਹੈ।

ਮਾਂ-ਬਾਪ ਦੀ ਸੇਵਾ ਤੇ ਉਨ੍ਹਾਂ ਦੀਆਂ ਲੋੜਾਂ ਵਿਸਾਰ ਕੇ ਜਿਨ੍ਹਾਂ ਮਨੁੱਖਾਂ ਦੇ ਕਦਮ ਧਾਰਮਿਕ ਮੰਦਰਾਂ ਦੀ ਤਰਫ਼ ਚੱਲਦੇ ਹਨ, ਉਨ੍ਹਾਂ ਮਨੁੱਖਾਂ ਨੂੰ ਸਿੱਖ ਪੰਥ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਨੇ ਗਿਆਨ ਭਰਪੂਰ ਤਾੜਨਾ ਕੀਤੀ ਹੈ :

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ ॥
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ ॥

ਮਾਂ ਪਿਉ ਪਰਹਰਿ ਕਰੈ ਪੂਜ ਦੇਵੀ ਦੇਵ ਨ ਸੇਵ ਕਮਾਣੀ ॥
ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ ॥
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ ॥
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ ॥
ਗੁਰੁ ਪਰਮੇਸਰੁ ਸਾਰੁ ਨ ਜਾਣੀ ॥ *(ਵਾਰ 37, ਪਉੜੀ 13)*

ਮਾਪਿਆਂ ਨੂੰ ਨਜ਼ਰ-ਅੰਦਾਜ਼ ਕਰਨ ਵਾਲੇ ਪ੍ਰਾਣੀਆਂ ਲਈ ਧਾਰਮਿਕ ਗ੍ਰੰਥਾਂ ਦਾ ਗਿਆਨ ਕਥਾ-ਵਾਰਤਾ ਮਹਿਜ਼ ਇਕ ਮਨ-ਪਰਚਾਵਾ ਹੁੰਦਾ ਹੈ। ਐਸੇ ਮਨੁੱਖ ਦਾ ਤਪ ਕਰਨਾ ਜੰਗਲਾਂ ਦੀ ਭਟਕਣਾ ਹੀ ਬਣਦਾ ਹੈ। ਮਨ ਸ਼ਾਂਤ ਨਹੀਂ ਹੁੰਦਾ। ਦੇਵੀ ਦੇਵਤਿਆਂ ਦੀ ਪੂਜਾ ਫੋਕਟ ਅਡੰਬਰ ਸਿੱਧ ਹੁੰਦਾ ਹੈ, ਜੇਕਰ ਮਾਂ-ਬਾਪ ਦੇ ਰੂਪ 'ਚ ਘਰ ਬੈਠੇ ਦੇਵੀ ਦੇਵਤੇ ਵੱਲੋਂ ਨਜ਼ਰਾਂ ਫੇਰ ਲਈਆਂ ਗਈਆਂ ਹੋਣ। ਦਾਨ-ਪੁੰਨ ਮਨੁੱਖ ਨੂੰ ਬੇਈਮਾਨ ਬਣਾਉਂਦੇ ਹਨ। ਵਰਤ ਨੇਮ ਤਾਂ ਉਸ ਦੇ ਮੁੜ-ਮੁੜ ਜੰਮਣ ਮਰਨ ਦਾ ਕਾਰਨ ਬਣਦੇ ਹਨ। ਗੁਰੂ ਪਰਮੇਸ਼ਰ ਦੀ ਨਾਸ਼ੁਕਰੇ ਮਨੁੱਖਾਂ ਨੂੰ ਕਦਰ ਕੀ ਹੋਣੀ ਹੋਈ, ਜਿਨ੍ਹਾਂ ਨੂੰ ਮਾਂ-ਬਾਪ ਦੇ ਰੂਪ ਵਿਚ ਪਰਮਾਤਮਾ ਦੀ ਝਲਕ ਨਹੀਂ ਮਿਲੀ।

ਈਰਾਨੀ ਸੰਤ ਸ਼ੇਖ਼ ਸਾਅਦੀ ਜੀ ਨੇ *ਗੁਲਸਤਾਂ* ਨਾਂ ਦੀ ਪੁਸਤਕ ਅੰਦਰ ਇਕ ਐਸੇ ਮਨੁੱਖ ਦੀ ਵਾਰਤਾ ਲਿਖੀ ਹੈ ਜਿਸ ਦੇ ਦਿਲ ਅੰਦਰ ਮਾਂ-ਬਾਪ ਦੀ ਘਾਲਣਾ ਕੁਰਬਾਨੀ ਵਾਸਤੇ ਕੋਈ ਥਾਂ ਨਹੀਂ ਸੀ।

ਇਕ ਪੁੱਤਰ ਨੇ ਆਪਣੀ ਮਾਂ ਦੇ ਉਪਕਾਰ ਵੱਲੋਂ ਅੱਖਾਂ ਫੇਰ ਲਈਆਂ। ਮਾਂ ਬੁੱਢੜੀ ਹੋ ਚੁੱਕੀ ਸੀ ਤੇ ਪੁੱਤਰ ਭਰ ਜੁਆਨ। ਪੁੱਤਰ ਨੇ ਆਪਣੀ ਬਦ-ਜ਼ਬਾਨ ਤੋਂ ਗੁੱਸੇ ਵਿਚ ਮਾਂ ਦੇ ਅਪਮਾਨ ਵਿਚ ਕਈ ਅਪ-ਸ਼ਬਦ ਆਖੇ। ਬੁੱਢੜੀ ਮਾਂ ਕਮਰੇ ਅੰਦਰ ਗਈ। ਉਸ ਨੇ ਆਪਣੇ ਪੁੱਤਰ ਦੇ ਬਚਪਨ ਦਾ ਪੰਘੂੜਾ ਸੰਭਾਲ ਕੇ ਰੱਖਿਆ ਸੀ; ਅੰਦਰੋਂ ਚੁੱਕ ਲਿਆਈ। ਪੰਘੂੜਾ ਪੁੱਤਰ ਨੂੰ ਦਿਖਾਲ ਕੇ ਮਾਂ ਨੇ ਕਿਹਾ—ਠੀਕ ਹੈ ਬੇਟਾ, ਮੈਂ ਅੱਜ ਕਮਜ਼ੋਰ ਹਾਂ ਤੇ ਤੂੰ ਜੁਆਨ ਤੇ ਤਾਕਤਵਰ, ਪਰ ਮੈਨੂੰ ਯਾਦ ਹੈ ਜਦ ਤੂੰ ਛੋਟਾ ਜਿਹਾ ਬੱਚਾ ਸੈਂ, ਮੈਂ ਇਸ ਪੰਘੂੜੇ ਵਿਚ ਤੈਨੂੰ ਲਿਟਾ ਕੇ ਝੂਟੇ ਅਤੇ ਨਾਲ-ਨਾਲ ਲੋਰੀਆਂ ਦਿੰਦੀ ਸਾਂ। ਤੂੰ ਸੌਂ ਜਾਂਦਾ ਸੀ ਤਾਂ ਮੈਂ ਘਰ ਦਾ ਕੰਮ-ਕਾਜ ਸੰਭਾਲਣ ਲੱਗ ਪੈਂਦੀ ਸਾਂ। ਜਦ ਕੁਝ ਸਮੇਂ ਬਾਅਦ ਤੇਰੀ ਦਰਦ ਭਰੀ ਵਿਲਕਣੀ (ਚੀਕ) ਮੈਨੂੰ ਸੁਣਾਈ ਦਿੰਦੀ, ਮੈਂ ਭੱਜ ਕੇ ਤੇਰੇ ਪਾਸ ਆ ਜਾਂਦੀ ਸੀ ਕਿ ਮੇਰਾ ਬੇਟਾ ਅਚਾਨਕ ਕਿਉਂ ਰੋਇਆ। ਜੇਕਰ ਨਜ਼ਰ ਤੇਰੇ ਚਿਹਰੇ ਵੱਲ ਗਈ ਤਾਂ ਇਕ ਮੱਖੀ ਬਾਰ-ਬਾਰ ਤੇਰੇ ਨੱਕ ਉੱਤੇ ਬੈਠ ਕੇ ਤੈਨੂੰ ਪਰੇਸ਼ਾਨ ਕਰ ਰਹੀ ਸੀ, ਜਿਸ ਦੀ ਵਜ੍ਹਾ ਕਰਕੇ ਤੇਰੀ ਨੀਂਦ ਖ਼ਰਾਬ ਹੁੰਦੀ ਸੀ। ਤੇਰੇ ਇਨ੍ਹਾਂ ਹੱਥਾਂ ਪਾਸ ਏਨੀ ਵੀ ਸਮਰੱਥਾ ਨਹੀਂ ਸੀ ਕਿ ਤੂੰ ਆਪਣੇ ਮੂੰਹ 'ਤੇ ਬੈਠੀ ਨਿਗੂਣੀ ਮੱਖੀ ਨੂੰ ਉਡਾ ਸਕੇਂ। ਅੱਜ ਤੇਰੇ ਪਾਸ ਜੁਆਨੀ ਦਾ ਜ਼ੋਰ ਹੈ, ਜਿਸ ਕਰਕੇ ਤੂੰ ਮੈਨੂੰ ਅਪਮਾਨਿਤ ਕਰ ਰਿਹਾ ਏਂ। ਮਾਂ ਦੇ ਇਹ ਬੋਲ ਸੁਣ ਕੇ ਪੁੱਤਰ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ। ਆਖਣ ਲੱਗਾ—ਮਾਂ ! ਮੈਨੂੰ ਮੁਆਫ਼ ਕਰ ਦੇਹ। ਤਾਕਤ ਦੇ ਮਾਣ ਅੰਦਰ ਮੈਂ ਤੈਨੂੰ ਬਿਲਕੁਲ ਹੀ ਭੁੱਲ ਗਿਆ ਸਾਂ।

ਇਹ ਯੁੱਗ ਪੜ੍ਹਿਆਂ-ਲਿਖਿਆਂ ਦਾ ਹੈ। ਬਹੁਤ ਪੜ੍ਹਾਈ ਨੇ ਨੈਤਿਕ ਕਦਰਾਂ-

ਕੀਮਤਾਂ ਨੂੰ ਮਿੱਟੀ-ਘੱਟੇ ਵਿਚ ਰੋਲ ਕੇ ਰੱਖ ਦਿੱਤਾ ਹੈ। ਮਾਪਿਆਂ ਦਾ ਸਤਿਕਾਰ ਤੇ ਸੇਵਾ ਬੀਤੇ ਯੁਗਾਂ ਦੀਆਂ ਕਹਾਣੀਆਂ ਜਾਪਣ ਲੱਗ ਪਿਆ ਹੈ।

ਇਸੇ ਤਰ੍ਹਾਂ ਇਕ ਹੋਰ ਗਿਆਨ ਅਤੇ ਪ੍ਰੇਰਨਾ-ਮਈ ਜਗਤ ਪ੍ਰਸਿੱਧ ਗਾਥਾ ਹੈ। ਆਪਣੇ ਬੁੱਢੇ ਹੋ ਚੁੱਕੇ ਪਿਤਾ ਦੀ ਸੰਭਾਲ ਕਰਨ ਤੋਂ ਇਕ ਪੁੱਤਰ ਦਾ ਮਨ ਇਨਕਾਰੀ ਹੋ ਗਿਆ। ਨੂੰਹ ਨੇ ਵੀ ਅਪਣੇ ਸਹੁਰੇ ਨੂੰ ਪਿਤਾ ਰੂਪ ਨਾ ਜਾਣਿਆ। ਆਪਣੇ ਪਤੀ ਨੂੰ ਸਲਾਹ ਦਿੱਤੀ ਕਿ ਇਸ ਬੁੱਢੇ ਨੂੰ ਕਿਤੇ ਡੋਬ ਹੀ ਛੱਡੋ। ਹੈਨ ਕੁਝ ਇਸ ਤਰ੍ਹਾਂ ਦੀਆਂ ਨੂੰਹਾਂ, ਜੋ ਸੱਸ ਸਹੁਰੇ ਦੀ ਸੇਵਾ ਵੱਲੋਂ ਮੂੰਹ ਫੇਰ ਲੈਂਦੀਆਂ ਨੇ। ਇਕ ਨੂੰਹ ਕਿਸੇ ਬੀਬੀ ਜੀ ਨੂੰ ਕਹਿਣ ਲੱਗੀ ਕਿ ਜਦ ਮੇਰਾ ਸਹੁਰਾ ਮਰੇਗਾ, ਮੈਂ ਕਿਵੇਂ ਰੋਵਾਂਗੀ। ਮੈਨੂੰ ਤਾਂ ਰੋਣ ਦੀ ਜਾਚ ਹੀ ਨਹੀਂ। ਦੇਵਨੇਤ ਨੂੰਹ ਦਾ ਆਪਣਾ ਪਿਉ ਕੁਝ ਸਮੇਂ ਬਾਦ ਬਿਮਾਰ ਹੋ ਕੇ ਮਰ ਗਿਆ। ਫਿਰ ਉਸੇ ਨੂੰਹ ਨੂੰ ਰੋਣ ਦੀ ਜਾਚ ਵੀ ਆ ਗਈ, ਕਿਉਂਕਿ ਆਪਣਾ ਪਿਉ ਸੀ। ਲੋਕ ਕਹਿਣ ਹੁਣ ਕਿਵੇਂ ਰੋਣ ਦੀ ਜਾਚ ਆਈ। ਤਾਂ ਪਤਨੀ ਨੇ ਪਤੀ ਨੂੰ ਕਿਹਾ—ਇਹਨੂੰ ਨਦੀ [illegible] ਲਿਜਾ ਕੇ ਡੋਬ ਆਉ। ਪਤਨੀ ਦੇ ਆਖੇ ਲੱਗ ਕੇ ਉਸ ਮਨੁੱਖ ਨੇ ਆਪਣੇ [illegible] ਪਿੱਠ ਉੱਤੇ ਚੁੱਕ ਲਿਆ। ਪਿੰਡ ਵਾਲੇ ਵੀ ਹੈਰਾਨ ਹੋ ਗਏ, ਪਈ ਇਹ ਬੰਦ [illegible] ਕਿੰਨਾ ਨੇਕ ਬਣਿਆ ਹੈ। ਸਰਵਣ ਕੁਮਾਰ ਵਾਂਗ ਇਹਦਾ ਮਨ ਵੀ ਪਿਉ ਦੇ ਪਿਆਰ ਨਾਲ ਰੰਗਿਆ ਗਿਆ ਜਾਪਦਾ ਹੈ। ਦੂਜੇ ਨੇ ਕਿਹਾ—ਜਾਪਦਾ ਏ ਤੀਰਥਾਂ ਦੀ ਸੈਰ ਕਰਾਉਣ ਚੱਲਿਆ ਏ। ਤੀਸਰੇ ਨੇ ਕਿਹਾ—ਮੈਨੂੰ ਤਾਂ ਮਹਿਸੂਸ ਹੁੰਦਾ ਏ ਜਿਵੇਂ ਪਿਉ ਨੂੰ ਝੂਟੇ ਦੇ ਰਿਹਾ ਹੋਵੇ, ਪਰ ਉਦੋਂ ਸਾਰਿਆਂ ਨੂੰ ਸਮਝ ਆਈ ਜਦੋਂ ਉਹ ਦਰਿਆ ਵੱਲ ਹੋ ਤੁਰਿਆ ਤੇ ਪਿਤਾ ਨੂੰ ਪਾਣੀ ਅੰਦਰ ਡੋਬਣ ਲੱਗਾ। ਤਾਂ ਬੁੱਢੇ ਪਿਉ ਨੇ ਕਿਹਾ—ਪੁੱਤਰਾ! ਮੈਨੂੰ ਅਗਾਂਹ ਡੂੰਘੇ ਪਾਣੀ ਵਿਚ ਡੋਬੀਂ। ਪੁੱਤਰ ਕਹਿਣ ਲੱਗਾ—ਕਿਉਂ? ਇਥੇ ਤੂੰ ਮਰੇਂਗਾ ਨਹੀਂ। ਪਿਤਾ ਨੇ ਕਿਹਾ—ਮਰ ਤਾਂ ਮੈਂ ਇਥੇ ਵੀ ਜਾਵਾਂਗਾ, ਪਰ ਇਥੇ ਮੈਂ ਆਪਣੇ ਪਿਉ ਨੂੰ ਡੋਬਿਆ ਸੀ। ਤੂੰ ਮੈਨੂੰ ਥੋੜਾ ਜਿਹਾ ਅੱਗੇ ਡੋਬ, ਕਿਉਂਕਿ ਤੇਰੇ ਪੁੱਤਰ ਨੇ ਵੀ ਤੈਨੂੰ ਇਕ ਸਮੇਂ ਤਾਂ ਡੋਬਣਾ ਹੀ ਹੈ।

ਇਹ ਗੱਲ ਸੁਣ ਕੇ ਉਸ ਨੇ ਆਪਣੇ ਪਿਉ ਨੂੰ ਦਰਿਆ ਵਿੱਚੋਂ ਬਾਹਰ ਕੱਢ ਲਿਆ ਤੇ ਕਿਹਾ—ਪਿਤਾ ਜੀ! ਮੈਨੂੰ ਮੁਆਫ਼ੀ ਦੇ ਦਿਉ। ਤੁਸਾਂ ਮੈਨੂੰ ਗਿਆਨ ਕਰਵਾ ਦਿੱਤਾ ਹੈ ਕਿ ਆਪਣਾ ਬੀਜਿਆ ਆਪ ਹੀ ਖਾਣਾ ਪੈਂਦਾ ਏ। ਅੱਜ ਤੋਂ ਇਹ ਡੋਬਣ ਵਾਲੀ ਕਰਤੂਤ ਮੈਂ ਹੀ ਬੰਦ ਕਰਦਾ ਹਾਂ। ਘਰ ਤੁਹਾਡੀ ਸੇਵਾ-ਸੰਭਾਲ ਕਰਾਂਗਾ। ਫਿਰ ਉਹ ਆਪਣੇ ਪਿਤਾ ਨੂੰ ਘਰ ਲੈ ਆਇਆ। ਮਹਾਨ ਹੈ ਉਹ ਮਨੁੱਖ ਜਿਸ ਨੂੰ ਆਪਣੇ ਮਾਪਿਆਂ ਦੀ ਮਹਾਨਤਾ ਦਾ ਗਿਆਨ ਹੋ ਜਾਵੇ।

ਇਕ ਵਿਦਵਾਨ ਦਾ ਕਥਨ ਹੈ ਕਿ ਰੁੱਖ ਜਦ ਬੁੱਢਾ ਹੋ ਜਾਂਦਾ ਹੈ, ਫਲ ਤਾਂ ਨਹੀਂ ਦਿੰਦਾ ਪਰ ਠੰਡੀ ਛਾਂ ਵਿਹੜੇ ਵਿਚ ਦਿੰਦਾ ਰਹਿੰਦਾ ਹੈ। ਉਸ ਨੂੰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਬੁੱਢੇ ਮਾਪਿਆਂ ਤੋਂ ਸਦਾ ਮਿੱਠੀਆਂ ਅਸੀਸਾਂ ਦੀ ਛਾਂ ਪ੍ਰਾਪਤ ਹੁੰਦੀ ਰਹਿੰਦੀ ਹੈ, ਜਿਨ੍ਹਾਂ ਦੀ ਬਦੌਲਤ ਮਨੁੱਖ ਦੁੱਖਾਂ ਦੇ ਪਹਾੜ ਵੀ ਟੱਪ ਜਾਂਦਾ ਹੈ।

ਮਾਂ-ਬਾਪ ਦੀ ਜੋ ਮਮਤਾ ਹੈ, ਪਿਆਰ ਹੈ; ਉਹ ਕਿਸੇ ਵੀ ਸੰਸਾਰਕ ਸੰਬੰਧੀ ਪਾਸੋਂ ਨਹੀਂ ਮਿਲ ਸਕਦੇ। ਭਾਈ ਗੁਰਦਾਸ ਜੀ ਅਨੁਸਾਰ :

ਪੀਉ ਦੇ ਨਾਂਹ ਪਿਆਰ ਭੁਲਿ ਨ ਫੁਫੀ ਨਾ ਪਿਤੀਏ ਭਾਏ॥
ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ॥ *(ਵਾਰ 39, ਪਉੜੀ 20)*

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਮਾਂ ਦੀ ਮਮਤਾ ਦਾ ਵਿਸਮਾਦੀ ਸਰੂਪ ਵਰਣਨ ਕਰਦਿਆਂ ਹੋਇਆਂ ਫ਼ੁਰਮਾਇਆ :

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥
(ਗਉੜੀ ਬੈਰਾਗਣਿ ਮਹਲਾ 4, ਪੰਨਾ 168)

ਉਹ ਮਾਂ-ਬਾਪ ਕਿੰਨੇ ਵਡਭਾਗੇ ਹੁੰਦੇ ਹਨ, ਜਿਨ੍ਹਾਂ ਨੇ ਆਪਣੀ ਸੰਤਾਨ ਨੂੰ ਗੁਰੂ ਜੀ ਦੇ ਪਿਆਰ ਦੀ ਗੁੜ੍ਹਤੀ ਦੇ ਕੇ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਇਆ ਹੋਵੇ। ਸਤਿਗੁਰੂ ਜੀ ਨਾਲ ਪਿਆਰ ਦੀ ਸਾਂਝ ਪਾਉਣ ਵਾਲੇ ਬੱਚਿਆਂ ਦੇ ਮਾਂ-ਬਾਪ ਨੂੰ ਗੁਰੂਦੇਵ ਨੇ ਆਪ ਵਡਿਆਈ ਬਖ਼ਸ਼ਿਸ਼ ਕੀਤੀ ਹੈ :

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥
ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ॥
(ਸਿਰੀਰਾਗ ਮਹਲਾ ੩, ਪੰਨਾ 32)

ਭਾਈ ਗੁਰਦਾਸ ਜੀ ਦੀਆਂ ਵਾਰਾਂ ਅੰਦਰ ਇਕ ਐਸੇ ਬਾਲਕ ਦਾ ਜ਼ਿਕਰ ਆਉਂਦਾ ਹੈ ਜੋ ਆਪਣੇ ਮਾਂ-ਬਾਪ ਨਾਲ ਕਰਤਾਰਪੁਰ ਵਿਖੇ ਧਰਮਸ਼ਾਲਾ ਅੰਦਰ ਰੋਜ਼ਾਨਾ ਪਹੁੰਚਦਾ ਹੈ। ਇਕਾਗਰ ਚਿੱਤ ਹੋ ਕੇ ਬੜੇ ਧਿਆਨ ਨਾਲ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਅੰਮ੍ਰਿਤਮਈ ਬਚਨ ਅਤੇ ਮਿੱਠੀ ਬਾਣੀ ਦਾ ਇਲਾਹੀ ਕੀਰਤਨ ਸੁਣਦਾ ਹੈ। ਦੀਵਾਨ ਦੀ ਸੰਪੂਰਨਤਾ ਹੋਣ ਮਗਰੋਂ ਇਹ ਬਾਲਕ ਆਪਣੇ ਮਾਪਿਆਂ ਨਾਲ ਸੰਗਤਾਂ ਦੇ ਬਰਤਨ ਮਾਂਜਣ ਦੀ ਸੇਵਾ ਵਿਚ ਲੱਗ ਜਾਂਦਾ ਹੈ। ਇਕ ਦਿਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਸ ਨੂੰ ਪੁੱਛਿਆ—ਐ ਬੇਟਾ! ਤੇਰਾ ਨਾਮ ਕੀ ਏ? ਬਾਲਕ ਨੇ ਕਿਹਾ—ਮਹਾਰਾਜ ਜੀ! ਮੇਰਾ ਨਾਂ ਤਾਰੂ ਹੈ। ਫਿਰ ਸਤਿਗੁਰੂ ਜੀ ਨੇ ਪੁੱਛਿਆ ਕਿ ਤੇਰੀ ਕਾਂ ਪੜ੍ਹਣ ਮੱਲਣ ਦੀ ਉਮਰ ਹੈ। ਬੇਟਾ ਤੂੰ ਸੇਵਾ-ਭਗਤੀ ਕਿਉਂ ਕਰਦਾ ਏਂ? ਉਸ ਬਾਲਕ ਨੇ ਹੱਥ ਜੋੜ ਕੇ ਆਖਿਆ—ਜੀ ਮਹਾਰਾਜ! ਮੇਰੀ ਮਾਂ ਜਦ ਚੁੱਲ੍ਹੇ 'ਤੇ ਭੋਜਨ ਤਿਆਰ ਕਰਨ ਲੱਗਦੀ ਏ ਤਾਂ ਅੱਗ ਬਾਲਣ ਲਈ ਕੁਝ ਛੋਟੀਆਂ, ਕੁਝ ਵੱਡੀਆਂ ਲੱਕੜਾਂ ਚੁੱਕਦੀ ਏ। ਅੱਗ ਛੋਟੀਆਂ ਲੱਕੜਾਂ ਨੂੰ ਵੀ ਸਾੜ ਦਿੰਦੀ ਏ ਤੇ ਵੱਡੀਆਂ ਨੂੰ ਵੀ। ਇਕ ਦਿਨ ਮੈਂ ਬੜੇ ਧਿਆਨ ਨਾਲ ਵੇਖਿਆ ਤਾਂ ਮੈਨੂੰ ਭੈਅ ਆਇਆ ਕਿ ਜਿਵੇਂ ਅੱਗ ਛੋਟੀਆਂ ਵੱਡੀਆਂ ਸਾਰੀਆਂ ਲੱਕੜਾਂ ਨੂੰ ਸਾੜ ਦਿੰਦੀ ਹੈ ਤਾਂ ਮੌਤ ਵੀ ਅੱਗ ਵਾਂਗ ਬੜੀ ਡਾਢੀ ਹੈ। ਇਹ ਵੱਡਿਆਂ ਨੂੰ ਵੀ ਤੇ ਛੋਟਿਆਂ ਨੂੰ ਵੀ ਲੈ ਜਾਂਦੀ ਹੈ। ਮੈਂ ਸਿਖਿਆ ਸੇਵਾ ਕਰਾਂ; ਪ੍ਰਭੂ ਦਾ ਚਿੰਤਨ ਕਰਾਂ, ਪਤਾ ਨਹੀਂ ਮੈਂ ਵੱਡਾ ਹੋਣੈ ਕਿ ਨਹੀਂ।

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ—ਮਹਾਨ ਹੈ ਤੇਰੇ ਮਾਂ-ਬਾਪ, ਤਾਰੂ! ਤੂੰ ਕੁਲ ਤਾਰੂ ਹੋਵੇਂਗਾ। ਵੱਡਾ ਹੋ ਕੇ ਆਪਣੀ ਕੁਲ ਨੂੰ ਰੋਸ਼ਨ ਕਰੇਂਗਾ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਅੰਦਰ ਇਸ ਬਾਲਕ ਦੀ ਵਡੱਤਣ ਦਾ ਜ਼ਿਕਰ ਕੀਤਾ ਹੈ, ਜੋ ਇਸ ਨੂੰ ਗੁਰੂ-ਚਰਨਾਂ ਵਿੱਚੋਂ ਮਿਲੀ :

ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ ॥...
ਗੁਰਮਤਿ ਭਾਉ ਭਗਤਿ ਪਰਗਾਸੀ ॥ *(ਵਾਰ 11, ਪਉੜੀ 13)*

ਸਤਿਗੁਰੂ ਜੀ ਪਾਸੋਂ ਦੈਵੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਸਦਕਾ ਮਨੁੱਖ ਜ਼ਿੰਦਗੀ ਦੇ ਪੰਧ 'ਤੇ ਚੱਲਦਾ ਹੋਇਆ ਅਡੋਲ ਤੇ ਚੜ੍ਹਦੀ ਕਲਾ ਅੰਦਰ ਰਹਿੰਦਾ ਹੈ। ਦੁਖ ਤੇ ਸੁਖ, ਨਫ਼ਾ-ਨੁਕਸਾਨ, ਘਾਟਾ-ਵਾਧਾ, ਮਾਨ-ਅਪਮਾਨ, ਅਮੀਰੀ-ਗ਼ਰੀਬੀ ਦੇ ਭਾਵ ਨੂੰ ਨਜ਼ਰ-ਅੰਦਾਜ਼ ਕਰ ਕੇ ਰਜ਼ਾ 'ਚ ਰਾਜ਼ੀ ਰਹਿ ਕੇ ਸ਼ੁਕਰਾਨੇ ਵਾਲੀ ਅਵਸਥਾ 'ਚ ਪ੍ਰਸੰਨ-ਚਿੱਤ ਰਹਿੰਦਾ ਹੈ।

ਮਾਂ-ਬਾਪ ਦੁਆਰ ਹਨ ਸੰਸਾਰ ਅੰਦਰ ਪ੍ਰਵੇਸ਼ ਕਰਨ ਦਾ। ਗੁਰੂ ਦੁਆਰ ਹੈ ਪਰਮਾਤਮਾ ਤਕ ਪਹੁੰਚਣ ਦਾ। ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ *(ਸੂਹੀ ਮਹਲਾ ੧, ਪੰਨਾ 730)*

ਤਥਾ :

ਸਿਖੀ ਸਿਖਿਆ ਗੁਰ ਵੀਚਾਰਿ ॥ *(ਵਾਰ ਆਸਾ, ਮਹਲਾ ੧, ਪੰਨਾ 465)*

ਗੁਰੂ ਪ੍ਰਤੀਤ ਅੰਦਰ ਟਿਕਣ ਵਾਲੇ ਸਿੱਖ ਸੇਵਕ ਨੂੰ ਹਮੇਸ਼ਾ ਮਿਹਰ ਪ੍ਰਾਪਤ ਹੁੰਦੀ ਹੈ, ਜਿਸ ਕਰਕੇ ਸੇਵਕ ਨਿਹਾਲ ਅਵਸਥਾ ਮਾਣਦਾ ਹੈ :

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥
(ਗਉੜੀ ਸੁਖਮਨੀ ਮ: ੫, ਪੰਨਾ 286)

ਰੱਬੀ ਗਿਆਨ ਅਤੇ ਬਖ਼ਸ਼ਿਸ਼ਾਂ ਦੇ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਫਰਾ-ਤਫਰੀ ਦੇ ਇਸ ਯੁੱਗ ਅੰਦਰ ਆਪਣੇ ਰੂਹਾਨੀ ਪ੍ਰਕਾਸ਼ ਦੁਆਰਾ ਭੁਲੱਕੜ ਪ੍ਰਾਣੀਆਂ ਨੂੰ ਸ਼ੁਭ ਮਾਰਗ ਦੇ ਪਾਂਧੀ ਬਣਾ ਕੇ ਉਨ੍ਹਾਂ ਦਾ ਲੋਕ-ਪ੍ਰਲੋਕ ਸੰਵਾਰ ਰਹੇ ਹਨ :

ਭੂਲੇ ਸਿਖ ਗੁਰੂ ਸਮਝਾਏ ॥
ਉਝੜਿ ਜਾਦੇ ਮਾਰਗਿ ਪਾਏ ॥ *(ਮਾਰੂ ਮਹਲਾ ੧, ਪੰਨਾ 1032)*

ਤਥਾ :

ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥ *(ਬਿਲਾਵਲੁ ਮਹਲਾ ੫, ਪੰਨਾ 803)*

ਇਕ ਸਿਆਣਾ ਵਕੀਲ ਕਿਸੇ ਗੁਨਾਹਗਾਰ ਨੂੰ ਸਜ਼ਾ ਤੋਂ ਬਚਾਅ ਲੈਂਦਾ ਹੈ ਜਦ ਉਹ ਅੱਗੇ ਤੋਂ ਗੁਨਾਹਾਂ ਤੋਂ ਤੌਬਾ ਕਰ ਲਵੇ। ਇਸੇ ਤਰ੍ਹਾਂ ਨੇਕ ਅਮਲਾਂ ਦਾ ਪ੍ਰਣ ਕਰਨ ਵਾਲਾ ਮਨੁੱਖ ਗੁਰੂ ਚਰਨਾਂ 'ਚ ਅਰਦਾਸ ਕਰ ਕੇ ਆਪਣੇ ਗੁਨਾਹ ਬਖ਼ਸ਼ਵਾ ਲੈਂਦਾ ਹੈ। ਪਿਤਾ ਵਰਗਾ ਕ੍ਰਿਪਾਲੂ ਸੁਭਾਅ ਹੈ ਗੁਰੂ ਦਾ। ਪਿਤਾ ਦਾ ਹੱਕ ਵੀ ਹੈ ਤੇ ਫ਼ਰਜ਼ ਵੀ ਹੈ ਪੁੱਤਰ ਨੂੰ ਡਾਂਟਣ ਦਾ ਤੇ ਸੁਧਾਰ ਕਰਨ ਦਾ। ਪਿਤਾ ਪਿਆਰ ਦਾ ਮੁਜੱਸਮਾ ਵੀ ਹੈ। ਭਾਈ ਜੇਠਾ ਸਿੰਘ ਨੂੰ ਹੁਸ਼ਿਆਰਪੁਰ ਤੋਂ ਗੁਰੂ ਪਿਤਾ ਨੇ ਡਾਂਟਿਆ ਵੀ ਤੇ ਹੁਸ਼ਿਆਰੀਆਂ 'ਚੋਂ ਕੱਢਿਆ ਵੀ। ਅਨੰਦਪੁਰ ਦੀ ਸੋਝੀ ਵੀ ਦਿੱਤੀ, ਪਿਆਰ ਨਾਲ ਨਿਹਾਲ ਵੀ ਕੀਤਾ।

ਐਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥
(ਰਾਮਕਲੀ ਕੀ ਵਾਰ ਮਹਲਾ ੫, ਪੰਨਾ 957)

ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਆਪਣੀ ਕਿਰਪਾ ਦੇ ਖ਼ਜ਼ਾਨੇ ਵਿੱਚੋਂ ਜੋ ਦੈਵੀ ਕਣੀਆਂ ਬਖ਼ਸ਼ੀਆਂ ਹਨ, ਉਹ ਹੈ ਸਿੱਖਾਂ ਨੂੰ ਵਿਲੱਖਣ ਸਰੂਪ ਤੇ ਸਰਦਾਰੀ ਦੀ ਸ਼ਾਨ। ਮੂਰਤ ਤੇ ਸੀਰਤ, ਹੀਣ ਤੇ ਗ਼ੁਲਾਮੀ ਦੀ ਬਦਤਰ ਜ਼ਿੰਦਗੀ 'ਚੋਂ ਖਿੱਚ ਕੇ ਮੁਖਲੂਦ ਅਤੇ ਅਜ਼ਾਦ ਗੌਰਵਮਈ ਜੀਵਨ ਸੰਸਾਰ ਵਿਚ ਪ੍ਰਵੇਸ਼ ਕਰਵਾਇਆ। ਸਮੁੱਚੇ ਹਿੰਦੋਸਤਾਨੀਆਂ ਦੇ ਬੇਗ਼ੈਰਤੇ ਸੁਭਾਅ ਨੂੰ ਬਦਲ ਕੇ ਅਣਖ ਗ਼ੈਰਤ ਦੇ ਸੰਸਕਾਰ ਬਖ਼ਸ਼ੇ। ਜਿਵੇਂ ਕਿਸੇ ਰੋਗੀ ਦੇ ਬਿਮਾਰ ਖ਼ੂਨ ਨੂੰ ਬਦਲ ਕੇ ਨਰੋਆ ਖ਼ੂਨ ਚੜ੍ਹਾ ਦਈਏ ਤਾਂ ਉਸ ਨੂੰ ਨਵੀਂ ਤੰਦਰੁਸਤੀ ਦਾ ਅਨੁਭਵ ਹੁੰਦਾ ਹੈ, ਇਵੇਂ ਹੀ ਕਲਗ਼ੀਧਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਮਹਾਨ ਪਰਉਪਕਾਰਾਂ ਦੁਆਰਾ ਹਿੰਦੋਸਤਾਨ ਦੇ ਮਨੁੱਖ ਨੂੰ ਨਵਾਂ ਜੀਵਨ ਦਾਨ ਬਖ਼ਸ਼ਿਆ। ਸਤਿਗੁਰੂ ਜੀ ਦੇ ਅਹਿਸਾਨਾਂ ਅਤੇ ਪਰਉਪਕਾਰਾਂ ਨੂੰ ਪ੍ਰਸਿੱਧ ਸ਼ਾਇਰ ਭਾਈ ਅੱਲਾ ਯਾਰ ਖ਼ਾਂ ਨੇ ਕੇਹਾ ਖ਼ੂਬ ਚਿਤਰਿਆ ਹੈ :

ਕਰਤਾਰ ਕੀ ਸੁਗੰਧ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।
ਹਰ ਚੰਦ ਮੇਰੇ ਹਾਥ ਮੇਂ ਪੁਰਿ ਜ਼ੋਰਿ ਕਲਮ ਹੈ।
ਸਤਿਗੁਰੂ ਕੇ ਲਿਖੂੰ ਵਸਫ਼ ਕਹਾਂ ਤਾਬਿ ਰਕਮ ਹੈ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਵਹਿਰ ਕੋ ਦੇਖੇ।
ਸਾਹਿਲ ਕੋ ਮੰਝਧਾਰ ਕੋ ਜਾਂ ਲਹਿਰ ਕੋ ਦੇਖੇ।

ਇਕ ਹੋਰ ਸ਼ਾਇਰ ਦੀ ਜ਼ਬਾਨੀ :

ਆਜ ਜੋ ਲੋ ਦੇਖਤੇ ਹੈਂ ਹਿੰਦ ਮੇਂ ਮੁਸਲਮਾਨ,
ਇਨ ਮੇਂ ਬਤਾਈਏ ਕੌਨ ਅਰਬ ਸਤਾਨ ਕੇ।

ਖਤਰੀ ਬ੍ਰਾਹਮਣ ਵ ਬਾਣੀਏ ਕੇ ਪੂਤ ਸਾਰੇ,
ਜੱਟ ਜ਼ਿਮੀਂਦਾਰ ਔਰ ਕੌਮ ਤਰਖਾਨ ਕੇ।
ਮੱਕੇ ਔ ਮਦੀਨੇ ਕੇ ਨਾ ਯਿਹ ਵਸਨੀਕ ਹੂਏ,
ਰਹੇ ਨਾ ਦੁਰਾਨੀ ਔ ਰਹੇ ਨਾ ਤੁਰਾਨ ਕੇ।
ਇਸੀ ਤੌਰ ਹਿੰਦ ਸਭ ਹੋਵਤੀ ਮੁਸਲਮਾਨ,
ਜਉ ਨਾ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।

ਹਿੰਦੋਸਤਾਨ ਦੇ ਸਿਰ ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਬੇਅੰਤ ਕਰਜ਼ਾ ਹੈ। ਉਹ ਮਨੁੱਖ ਸਿਆਣਾ ਸਮਝਿਆ ਜਾਂਦਾ ਹੈ ਜੋ ਕਰਜ਼ੇ ਨੂੰ ਯਾਦ ਰੱਖੇ, ਫਿਰ ਲਾਹੁਣ ਦਾ ਯਤਨ ਕਰੇ।

ਕਸ਼ਮੀਰ ਦੇ ਪੰਡਿਤ ਜੋ ਆਪਣੇ ਘਰ ਤੇ ਵਤਨ ਨੂੰ ਤਿਆਗ ਬਿਪਤਾਵਾਂ ਦੇ ਮਾਰੇ ਦਰ-ਬਦਰ ਭਟਕ ਰਹੇ ਹਨ। ਸਾਰੇ ਦੇਸ਼-ਵਾਸੀ ਉਨ੍ਹਾਂ ਲਈ ਫ਼ਿਕਰਮੰਦ ਹਨ। ਇਨ੍ਹਾਂ ਦੇ ਵੱਡੇ ਵਡੇਰੇ ਉਦੋਂ ਵੀ ਪੀੜਤ ਅਵਸਥਾ ਵਿਚ ਅਨੰਦਪੁਰ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਪਾਸ ਫ਼ਰਿਆਦ ਲੈ ਕੇ ਆਏ ਸਨ, ਸ਼ਰਧਾਵਾਨ ਬਣ ਕੇ ਥੋੜਾ ਆਏ ਸਨ। ਤਿਲਕ ਜੰਞੂ ਪਹਿਚਾਣ-ਚਿੰਨ੍ਹਾਂ ਦੇ ਮਿਟ ਜਾਣ ਦੀ ਹਾਲ-ਪਾਹਰਿਆ ਕਰਨ ਆਏ ਸਨ। ਹਿੰਦੋਸਤਾਨ ਅੰਦਰ ਸਿਵਾਏ ਗੁਰੂ ਨਾਨਕ ਦੇਵ ਜੀ ਦੇ ਦਰ ਘਰ ਤੋਂ ਬਿਨਾਂ ਉਨ੍ਹਾਂ ਦੀ ਬਾਂਹ ਹੋਰ ਕਿਸੇ ਨੇ ਨਹੀਂ ਸੀ ਫੜੀ। ਪੀਰ, ਫ਼ਕੀਰ, ਲੱਖਦਾਤੇ—ਜਿਨ੍ਹਾਂ ਦੇ ਮਜ਼ਾਰਾਂ ਵੱਲ ਅੱਖਾਂ ਮੀਟ ਕੇ ਲੋਕ ਪਾਗਲਾਂ ਦੀ ਤਰ੍ਹਾਂ ਦੌੜੇ ਜਾ ਰਹੇ ਹਨ, ਉਦੋਂ ਵੀ ਬਥੇਰੇ ਸਨ। ਅਖੌਤੀ ਗੁਰੂਆਂ ਦੇ ਉਦੋਂ ਵੀ ਬਥੇਰੇ ਡੇਰੇ ਤੇ ਦੰਭ ਸਨ। ਸਭਨਾਂ ਨੂੰ ਔਰੰਗਜ਼ੇਬ ਦੇ ਕਠੋਰ ਸੁਭਾਅ ਦਾ ਪਤਾ ਸੀ। ਐਸੇ ਮੌਕਾ-ਪ੍ਰਸਤ ਤਾਂ ਹਾਅ ਦਾ ਨਾਅਰਾ ਵੀ ਨਹੀਂ ਮਾਰ ਸਕੇ। ਉਨ੍ਹਾਂ ਦੇ ਦਿਲਾਂ ਅੰਦਰ ਮਜ਼ਲੂਮਾਂ ਦਾ ਦਰਦ ਕਿਥੇ ? ਸਿਰਫ਼ ਤੇ ਸਿਰਫ਼ ਗੁਰੂ ਨਾਨਕ ਜੋਤਿ ਹੀ ਮਜ਼ਲੂਮਾਂ ਦੀ ਮਦਦ ਲਈ ਨੌਵੇਂ ਸਰੂਪ 'ਚ ਅੱਗੇ ਆਈ। ਇਸੇ ਲਈ ਕਿਸੇ ਸ਼ਾਇਰ ਨੇ ਕਿਹਾ ਹੈ :

ਗੁਰੂ ਨਾਨਕ ਦਾ ਘਰ ਹੈ ਦੁਖੀਆਂ ਦਾ ਆਸ਼ਿਆਨਾ।
ਮਿਹਰਾਂ ਮੁਹੱਬਤਾਂ ਦਾ ਭਰਿਆ ਪਿਆ ਹੈ ਖ਼ਜ਼ਾਨਾ।
ਪੈਂਦਾ ਹੈ ਝੁਕਣਾ ਇਥੇ ਰਾਜੇ ਤੇ ਰਾਣਿਆਂ ਨੂੰ।
ਮਿਲਦਾ ਹੈ ਮਾਣ ਇਥੇ ਨੀਵੇਂ ਨਿਮਾਣਿਆਂ ਨੂੰ।
ਨਾਗਾਂ ਦੀ ਆਤਮਾ ਨੂੰ ਆਣੇ ਸਰੂਰ ਏਥੇ।
ਕਾਲਖ ਦਿਲਾਂ ਦੀ ਧੋਵੇ ਨਾਨਕ ਦਾ ਨੂਰ ਏਥੇ।

ਤਾਰੀਖ਼ ਗਵਾਹ ਹੈ ਕਿ ਸਤਿਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਫੜੀ ਬਾਂਹ ਦੀ ਲਾਜ ਨਿਭਾਈ :

ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋੜੀਏ।
ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ।

ਗੁਰੂ ਲੋਕ-ਪ੍ਰਲੋਕ 'ਚ ਸਹਾਈ ਹੈ। ਐਸਾ ਗੁਰੂ ਸਦਾ ਆਪਣੇ ਸਿੱਖ ਦੇ ਅੰਗ-ਸੰਗ ਰਹਿੰਦਾ ਹੈ :

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ *(ਆਸਾ ਘਰੁ ੭, ਮਹਲਾ ੫, ਪੰਨਾ 394)*

ਪਰਮਾਤਮਾ ਦੀ ਇੱਛਾ ਤੋਂ ਬਿਨਾਂ ਮਨੁੱਖਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਜੋ ਸਰੀਰ ਹੈ ਬੇਸ਼ਕ ਮਾਂ-ਬਾਪ ਤੋਂ ਮਿਲਿਆ ਹੈ, ਪਰ ਮਿਲਿਆ ਪਰਮਾਤਮਾ ਦੀ ਕਿਰਪਾ ਦੁਆਰਾ ਹੈ। ਇਸ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਰਾਹੀਂ ਝੰਜੋੜਦੇ ਹਨ :

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥੧॥ *(ਗਉੜੀ ਸੁਖਮਨੀ ਮ: ੫, ਪੰਨਾ 266)*

ਮਨੁੱਖ ਦਾ ਸਰੀਰ ਪੰਜ ਤੱਤਾਂ ਦਾ ਜੋੜ ਹੈ। ਪਾਣੀ, ਹਵਾ, ਮਿੱਟੀ, ਅਗਨੀ ਤੇ ਅਕਾਸ਼ ਮਿਲ ਕੇ ਇਹ ਸਰੀਰ ਦੀ ਬਣਤਰ ਬਣਾਉਂਦੇ ਹਨ। ਆਤਮਾ ਪਰਮਾਤਮਾ ਦੀ ਅੰਸ਼ ਹੈ। ਗੁਰਵਾਕ ਹੈ :

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
(ਸਲੋਕ ਮਹਲਾ ੯, ਪੰਨਾ 1427)

ਜਿਵੇਂ ਪਾਣੀ ਦੀਆਂ ਬੂੰਦਾਂ ਸਮੁੰਦਰ ਤੋਂ ਵਿੱਛੜੀਆਂ ਹਨ, ਇਸੇ ਤਰ੍ਹਾਂ ਆਤਮਾ ਪਰਮਾਤਮਾ ਤੋਂ ਵਿੱਛੜ ਕੇ ਰੱਬੀ ਹੁਕਮ ਅਨੁਸਾਰ ਸਫ਼ਰ 'ਤੇ ਹੈ। ਮਨੁੱਖਾ ਜਨਮ ਦਾ ਮਿਲ ਜਾਣਾ ਇਕ ਪੜਾਅ ਹੈ, ਮੰਜ਼ਲ ਨਹੀਂ। ਹਾਂ, ਗੁਰੂ ਮਾਰਗ 'ਤੇ ਚੱਲਦਿਆਂ ਹੋਇਆਂ ਪੜਾਅ ਤੋਂ ਮੰਜ਼ਲ ਤਕ ਪਹੁੰਚਣ ਦਾ ਇਕ ਬਹੁਤ ਹੀ ਵਡਮੁੱਲਾ ਅਵਸਰ ਹੈ :

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ *(ਆਸਾ ਮਹਲਾ ੫, ਪੰਨਾ 378)*

ਮਾਪਿਆਂ ਦੀ ਇਕ ਸੀਮਾ ਹੈ। ਪਰਮਾਤਮਾ ਤਾਂ ਉਥੇ ਹੀ ਸਹਾਈ ਹੁੰਦਾ ਹੈ, ਜਿਥੇ ਮਾਪਿਆਂ ਦੀ ਸੋਚ ਅਤੇ ਪਹੁੰਚ ਨਹੀਂ ਹੈ :

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ *(ਗਉੜੀ ਸੁਖਮਨੀ ਮ: ੫, ਪੰਨਾ 264)*

ਗੁਰੂ ਤੇ ਪਰਮੇਸ਼ਰ ਇਕ ਰੂਪ ਹਨ :

ਗੁਰੁ ਪਰਮੇਸਰੁ ਏਕੋ ਜਾਣੁ ॥ *(ਗੌਂਡ ਮਹਲਾ ੫, ਪੰਨਾ 864)*

ਭਗਤੀ, ਸਾਧਨਾ, ਸ਼ਬਦ-ਕਮਾਈ ਦੁਆਰਾ ਪਰਮਾਤਮਾ ਨਾਲ ਅਭੇਦ ਹੋਈ ਅਵਸਥਾ ਤੋਂ ਵਾਪਸ ਜਦ ਗੁਰਮੁਖ ਤੱਕਦਾ ਹੈ ਤਾਂ ਉਹਨੂੰ ਹਰੇਕ ਪ੍ਰਾਣੀ ਅਤੇ ਹਰੇਕ ਜੀਵ ਅੰਦਰ ਇਕ ਪਰਮਾਤਮਾ ਦੀ ਝਲਕ ਮਿਲਦੀ ਹੈ। ਉਦੋਂ ਹੀ ਦਵੈਤ ਦੀਆਂ ਦੀਵਾਰਾਂ ਢਹਿ-ਢੇਰੀ ਹੁੰਦੀਆਂ ਹਨ। ਫਿਰ ਦਿਖਾਈ ਦਿੰਦਾ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਰਾਗੁ ਧਨਾਸਰੀ ਮਹਲਾ ੧, ਪੰਨਾ 13)

ਜਿਸ ਮਨੁੱਖ ਦੇ ਹਿਰਦੇ 'ਚ ਮਾਂ-ਬਾਪ ਦਾ ਅਦਬ ਹੈ, ਗੁਰੂ ਦਾ ਪਿਆਰ-ਭਰੋਸਾ ਹੈ, ਪਰਮਾਤਮਾ ਦਾ ਸਦਾ ਚਿੰਤਨ ਹੈ, ਉਸ ਮਨੁੱਖ ਦਾ ਜੀਵਨ ਪਰਮ ਰਸ ਨਾਲ ਹਮੇਸ਼ਾ ਭਰਿਆ ਹੋਵੇਗਾ। ਮਾਂ-ਬਾਪ, ਸਤਿਗੁਰੂ ਅਤੇ ਰੱਬ ਦੇ ਅਦਬ ਅੰਦਰ ਸਦਾ ਹੀ ਝੁਕੇ ਰਹਿਣਾ ਚਾਹੀਦਾ ਹੈ।

ਭੁੱਖ ਤੇ ਭਗਤੀ

ਜਿਊਂਦੇ ਰਹਿਣ ਲਈ ਜਿਥੇ ਸਵਾਸ ਅਤਿਅੰਤ ਜ਼ਰੂਰੀ ਹਨ, ਉਥੇ ਭੋਜਨ ਤੋਂ ਬਿਨਾਂ ਵੀ ਜ਼ਿੰਦਗੀ ਦਾ ਚੱਲਣਾ ਅਸੰਭਵ ਹੈ। ਸਰੀਰ ਦੀ ਮਸ਼ੀਨ ਭੋਜਨ-ਆਸ਼ਰਿਤ ਹੈ :

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥

(ਸਲੋਕ ਸੇਖ ਫਰੀਦ ਜੀ, ਪੰਨਾ 1383)

ਤਨ ਭੋਜਨ ਆਸਰੇ ਰਹਿੰਦਾ ਹੈ। ਜੀਵਨ ਭਜਨ ਕਰਕੇ ਸਫਲ ਹੁੰਦਾ ਹੈ :

ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ *(ਗਉੜੀ ਮਹਲਾ ੫, ਪੰਨਾ 188)*

ਭੁੱਖਾ ਮਨੁੱਖ ਨਾ ਸੇਵਾ ਕਰ ਸਕਦਾ ਹੈ ਤੇ ਨਾ ਹੀ ਸਿਮਰਨ ਕਰ ਸਕਦਾ ਹੈ। ਦੁਨਿਆਵੀ ਕਾਰ-ਵਿਹਾਰ ਵੀ ਭੁੱਖੇ ਪੇਟ ਨਹੀਂ ਹੁੰਦੇ। ਭਾਈ ਸੁਥਰਾ ਜੀ ਨੇ ਸਪੱਸ਼ਟ ਕਿਹਾ ਹੈ; ਗਿਆਨ ਧਿਆਨ ਤਾਂ ਹੀ ਹੋ ਸਕਦਾ ਹੈ ਜੇਕਰ ਪੇਟ ਅੰਦਰ ਭੋਜਨ ਦੀ ਟੇਕ ਹੋਵੇ :

ਗਿਆਨ ਕਰੇ ਧਿਆਨ ਕਰੇ ਛੱਡੂ ਨਾਹੀਂ ਪੇਟ।
ਸਭੇ ਗੱਲਾਂ ਸੁਥਰਿਆ ਦੋ ਰੋਟੀਆਂ ਦੇ ਹੇਠ।

ਸ਼੍ਰੋਮਣੀ ਭਗਤ ਕਬੀਰ ਸਾਹਿਬ ਜੀ ਨੇ ਪਰਮਾਤਮਾ ਨੂੰ ਮਿੱਠੇ ਨਿਹੋਰੇ ਨਾਲ ਕਹਿ ਹੀ ਦਿੱਤਾ ਹੈ ਕਿ ਮੇਰਾ ਦਿਲ ਤਾਂ ਤੇਰੀ ਬੰਦਗੀ ਲਈ ਤੜਪਦਾ ਹੈ। ਤੇਰੇ ਪਿਆਰਿਆਂ ਦੀ ਚਰਨ ਧੂੜ ਦਾ ਸਦਾ ਅਭਿਲਾਸ਼ੀ ਹਾਂ। ਮੈਨੂੰ ਤੇਰੇ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਵੱਡਾ ਨਜ਼ਰ ਨਹੀਂ ਆਉਂਦਾ, ਪਰ ਕੀ ਕਰਾਂ, ਭੁੱਖ ਮੈਨੂੰ ਕਿਸੇ ਪਾਸੇ ਲੱਗਣ ਨਹੀਂ ਦਿੰਦੀ। ਧਿਆਨ ਦੀ ਇਕਾਗਰਤਾ ਭੁੱਖੇ ਪੇਟ ਨਸੀਬ ਹੀ ਨਹੀਂ ਹੁੰਦੀ। ਆਪ ਜੀ ਦਾ ਪਿਆਰਾ ਬਚਨ ਹੈ :

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥
ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥
ਮਾਧੌ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ਰਹਾਉ॥
ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥੨॥
ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥
ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥

ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥
ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥

(ਰਾਗੁ ਸੋਰਠਿ ਗਉੜੀ ਕਬੀਰ ਜੀ, ਪੰਨਾ 656)

ਇਕ ਰੋਚਕ ਗਾਥਾ ਹੈ। ਮਹਾਤਮਾ ਬੁੱਧ ਜੀ ਦੇ ਸ਼ਿਸ਼ ਮਹਾਤਮਾ ਬੁੱਧ ਜੀ ਦੀਆਂ ਸਿੱਖਿਆਵਾਂ ਦੀ ਸੁਗੰਧੀ ਵੰਡਣ ਗਏ। ਰੋਜ਼ ਵਾਂਗ ਉਨ੍ਹਾਂ ਨੂੰ ਬਹੁਤ ਸਫਲਤਾ ਮਿਲਦੀ। ਬਹੁਤ ਲੋਕ ਮਹਾਤਮਾ ਬੁੱਧ ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸੁਣ ਕੇ ਅਨੰਦ ਜੀ ਦੇ ਧੰਨਵਾਦੀ ਹੁੰਦੇ। ਲੋਕ ਸਦਾ ਹੀ ਅਨੰਦ ਜੀ ਦੇ ਆਉਣ ਦੀ ਉਡੀਕ ਕਰਦੇ। ਭਗਵਾਨ ਅੱਗੇ ਪ੍ਰਾਰਥਨਾ ਕਰਦੇ ਕਿ ਸਾਡੇ ਪਾਸ ਅਨੰਦ ਜੀ ਨੂੰ ਜਲਦੀ ਤੋਂ ਜਲਦੀ ਭੇਜਿਆ ਕਰੋ।

ਇਕ ਦਿਨ ਅਨੰਦ ਜੀ ਨੇ ਸੜਕ ਕਿਨਾਰੇ ਬੈਠੇ ਹੋਏ ਇਕ ਮਨੁੱਖ ਨੂੰ ਧਰਮ ਦਾ ਉਪਦੇਸ਼ ਦੇਣਾ ਸ਼ੁਰੂ ਕੀਤਾ। ਉਹ ਮਨੁੱਖ ਬੇਧਿਆਨੀ ਨਾਲ ਬੈਠਾ ਹੋਇਆ ਸੀ। ਅਨੰਦ ਜੀ ਨੇ ਕਈ ਪੱਖਾਂ ਤੋਂ ਧਰਮ ਦੀ ਸੁਚਾਰੂ ਦ੍ਰਿਸ਼ਟੀ ਤੋਂ ਗਿਆਨ-ਫ਼ਲਸਫ਼ਾ ਉਸ ਮਨੁੱਖ ਨੂੰ ਸੁਣਾਇਆ। ਅੱਧਾ ਘੰਟਾ ਬੋਲਣ ਤੋਂ ਬਾਅਦ ਅਨੰਦ ਜੀ ਨੇ ਉਸ ਮਨੁੱਖ ਨੂੰ ਪੁੱਛਿਆ—ਐ ਭਲੇ ਮਨੁੱਖ! ਮੈਂ ਤੁਹਾਨੂੰ ਧਰਮ ਦੀਆਂ ਗੱਲਾਂ ਸੁਣਾਈਆਂ ਹਨ। ਉਨ੍ਹਾਂ ਵਿੱਚੋਂ ਤੁਹਾਨੂੰ ਕੋਈ ਸਮਝ ਪਾ ਾਂ ਉਸ ਮਨੁੱਖ ਨੇ ਜੁਆਬ ਦਿੱਤਾ ਕਿ ਜੋ ਕੁਝ ਤੁਸੀਂ ਬੋਲਿਆ ਹੈ ਮੈਂ ਸੁਣਿ. .ਹੀਂ। ਸੋ ਆਪ ਕਿਸ ਸਮਝ ਦੀ ਗੱਲ ਕਰਦੇ ਹੋ। ਸਮਝ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਅਨੰਦ ਜੀ ਨੇ ਫਿਰ ਬੋਲਣਾ ਸ਼ੁਰੂ ਕੀਤਾ, ਕਿਹਾ—ਧਿਆਨ ਨਾਲ ਸੁਣੀਂ। ਅਨੰਦ ਜੀ ਫਿਰ ਵੀਹ ਕੁ ਮਿੰਟ ਬੋਲੇ। ਤਦ ਉਨ੍ਹਾਂ ਦੁਬਾਰਾ ਪੁੱਛਿਆ—ਹੁਣ ਤਾਂ ਕੁਝ ਸਮਝ ਵਿਚ ਆਇਆ ਹੋਵੇਗਾ। ਤਾਂ ਉਹ ਮਨੁੱਖ ਇਕ ਦਮ ਚੌਕ ਕੇ ਬੋਲਿਆ—ਕ੍ਰਿਪਾ ਕਰ ਕੇ ਮੈਨੂੰ ਸਤਾਉ ਨਾ। ਇਥੋਂ ਚਲੇ ਜਾਉ। ਮੇਰਾ ਖਹਿੜਾ ਛੱਡੋ। ਆਖ਼ਰ ਅਨੰਦ ਜੀ ਸੋਚਣ ਲਈ ਮਜਬੂਰ ਹੋ ਗਏ ਕਿ ਇਹ ਕਿਹੋ ਜਿਹਾ ਮਨੁੱਖ ਹੈ ਜੋ ਮੇਰੀਆਂ ਗੱਲਾਂ ਸੁਣ ਕੇ ਖਿਝ ਗਿਆ। ਲੋਕ ਤਾਂ ਪੱਬਾਂ ਭਾਰ ਬੈਠ ਕੇ ਉਤਸੁਕਤਾ ਨਾਲ ਮੇਰੀ ਜ਼ਬਾਨ ਵਿੱਚੋਂ ਨਿਕਲੇ ਬੋਲਾਂ ਨੂੰ ਸੁਣਨ ਲਈ ਉਤਾਵਲੇ ਰਹਿੰਦੇ ਹਨ, ਪਰ ਇਸ ਦਾ ਸੁਭਾਅ ਕਿਹੋ ਜਿਹਾ ਹੈ। ਚਲੋ ਕੋਈ ਨਹੀਂ, ਇਕ ਵਾਰ ਫਿਰ ਕੋਸ਼ਿਸ਼ ਕਰਦੇ ਹਾਂ। ਹੁਣ ਅਨੰਦ ਜੀ ਦਸ ਕੁ ਮਿੰਟ ਬੋਲੇ ਤੇ ਪੁੱਛਿਆ—ਭਲਿਆ ਪੁਰਸ਼ਾ! ਹੁਣ ਤਾਂ ਕੁਝ ਸਮਝ ਪਈ ਹੋਵੇਗੀ, ਜੋ ਮੈਂ ਬੋਲਿਆ ਹੈ। ਉਸ ਮਨੁੱਖ ਦੇ ਸਬਰ ਦਾ ਪਿਆਲਾ ਭਰ ਕੇ ਉਛਲ ਪਿਆ। ਆਖਣ ਲੱਗਾ—ਮੈਂ ਤੁਹਾਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਇਸ ਤੋਂ ਬਾਅਦ ਜੇਕਰ ਇਕ ਵੀ ਲਫ਼ਜ਼ ਮੂੰਹੋਂ ਬੋਲਿਆ ਤਾਂ ਮੈਂ ਤੁਹਾਡੇ ਸਿਰ ਵਿਚ ਪੱਥਰ ਮਾਰ ਦਿਆਂਗਾ ਤੇ ਉਸ ਨੇ ਇਕ ਪੱਥਰ ਆਪਣੇ ਨੇੜੇ ਵੀ ਕਰ ਲਿਆ। ਅਨੰਦ ਜੀ ਕਾਹਲੀ ਨਾਲ ਉਸ ਥਾਂ ਤੋਂ ਉੱਠੇ ਅਤੇ ਵਾਪਸ ਮਹਾਤਮਾ ਬੁੱਧ ਜੀ ਪਾਸ ਆ ਗਏ। ਬੁੱਧ ਜੀ ਨੇ ਅਨੰਦ ਤੋਂ ਜਲਦੀ ਵਾਪਸ ਆਉਣ ਦਾ ਕਾਰਨ ਪੁੱਛਿਆ। ਅਨੰਦ ਜੀ ਨੇ ਉਸ ਮਨੁੱਖ ਦੀ ਸਾਰੀ ਘਟਨਾ ਬੁੱਧ ਜੀ ਨੂੰ ਸ੍ਰਵਣ ਕਰਾਈ।

ਮਹਾਤਮਾ ਬੁੱਧ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਦੁਆਰਾ ਵੇਖਿਆ ਕਿ ਉਹ ਮਨੁੱਖ ਤਿੰਨ ਦਿਨਾਂ ਦਾ ਭੁੱਖਾ ਸੀ। ਉਸ ਨੂੰ ਖਾਣ ਵਾਸਤੇ ਕੁਝ ਮਿਲਿਆ ਹੀ ਨਹੀਂ ਸੀ।

ਬੁੱਧ ਜੀ ਨੇ ਅਨੰਦ ਨੂੰ ਕਿਹਾ ਕਿ ਇਕ ਭੋਜਨ ਦਾ ਥਾਲ ਤਿਆਰ ਕਰ ਕੇ ਉਸ ਮਨੁੱਖ ਅੱਗੇ ਰੱਖ। ਅਨੰਦ ਜੀ ਨੇ ਐਸਾ ਹੀ ਕੀਤਾ। ਜਿਉਂ ਹੀ ਭੋਜਨ ਦਾ ਥਾਲ ਉਸ ਮਨੁੱਖ ਦੇ ਅੱਗੇ ਰੱਖਿਆ, ਤਾਂ ਉਸ ਨੇ ਕਾਹਲੀ-ਕਾਹਲੀ ਭੋਜਨ ਛਕਿਆ। ਰੱਜ ਕੇ ਪਾਣੀ ਪੀਤਾ। ਹੁਣ ਉਸ ਦੀ ਹੋਸ਼ ਹਵਾਸ ਕਾਇਮ ਸੀ। ਹੱਥ ਜੋੜ ਕੇ ਉਹ ਮਨੁੱਖ ਅਨੰਦ ਜੀ ਨੂੰ ਕਹਿਣ ਲੱਗਾ—ਕ੍ਰਿਪਾ ਕਰ ਕੇ ਮੈਨੂੰ ਦੱਸੋ, ਤੁਸੀਂ ਧਰਮ ਬਾਰੇ ਕੀ ਸੁਣਾ ਰਹੇ ਸੀ। ਤੁਹਾਡੀ ਮਿਹਰਬਾਨੀ ਹੋਵੇਗੀ ਜੇ ਦੁਬਾਰਾ ਉਸੇ ਤਰ੍ਹਾਂ ਸੁਣਾਉਗੇ।

ਸਿਆਣਿਆਂ ਦਾ ਕਥਨ ਹੈ—ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ। ਇਕ ਸ਼ਾਇਰ ਨੇ ਕਿਹਾ ਹੈ :

ਭੋਜਨ ਕੇ ਖਾਇ ਬਿਨ ਭੂਖ ਨਾਹੀ ਦੂਰ ਹੋਤ,
ਪਿਆਸ ਨਾਹੀ ਦੂਰ ਹੋਤ ਪੀਏ ਬਿਨ ਪਾਨੀ ਕੇ।

ਜਿਥੇ ਭੁੱਖ ਮਨੁੱਖ ਨੂੰ ਬੇਚੈਨ ਕਰ ਦਿੰਦੀ ਹੈ, ਉਥੇ ਅਤਿ ਰੱਜਿਆ ਮਨੁੱਖ ਵ ਸਿਮਰਨ ਨਹੀਂ ਕਰ ਸਕਦਾ। ਦੇਖਿਆ ਗਿਆ ਹੈ, ਕਈ ਮਨੁੱਖ ਧਾਰਮਿਕ ਮੰਦਰਾਂ ਅੰਦਰ ਵੀ ਸੁੱਤੇ ਹੀ ਹੁੰਦੇ ਹਨ। ਭੁੱਖ ਸਤਿਸੰਗਤ ਅੰਦਰ ਬੈਠਣ ਨਹੀਂ ਦਿੰਦੀ, ਪਰ ਅਤਿ ਭੋਜਨ ਸੁਸਤੀ ਤੇ ਆਲਸ ਦਾ ਕਾਰਨ ਬਣਦਾ ਹੈ। ਅਰੋਗਤਾ ਦੇ ਅਸੂਲਾਂ ਮੁਤਾਬਿਕ ਬਿਲਕੁਲ ਨਾ ਖਾਣਾ ਵੀ ਸਿਹਤ ਲਈ ਨੁਕਸਾਨਦਾਇਕ ਹੈ ਅਤੇ ਬੇ-ਨਿਯਮਕ ਤੇ ਜ਼ਿਆਦਾ ਖਾਣਾ ਵੀ ਦੁਖਦਾਇਕ ਬਣਦਾ ਹੈ। ਭਾਰੀ ਭੋਜਨ ਰੋਗਾਂ ਦਾ ਕਾਰਨ ਬਣਦਾ ਹੈ। ਬਦਹਜ਼ਮੀ ਕਈ ਰੋਗਾਂ ਨੂੰ ਜਨਮ ਦਿੰਦੀ ਹੈ। ਆਯੁਰਵੈਦਿਕ ਗ੍ਰੰਥ ਮੁਤਾਬਿਕ ਸੰਜਮ-ਮਈ ਆਹਾਰ ਹੀ ਤੰਦਰੁਸਤੀ ਦੀ ਪਛਾਣ ਹੈ।

ਸ਼ੇਖ਼ ਸਾਅਦੀ ਜੀ ਨੇ ਬਹੁਤ ਵਾਰ ਖਾਣ ਵਾਲਿਆਂ 'ਤੇ ਇਕ ਕਥਾ ਵਰਣਨ ਕੀਤੀ ਹੈ। ਦੋ ਮਨੁੱਖ ਇਕ ਸਫ਼ਰ 'ਤੇ ਜਾ ਰਹੇ ਸਨ। ਰਸਤੇ ਵਿਚ ਹਨੇਰਾ ਹੋਣ 'ਤੇ ਉਹ ਦੋਵੇਂ ਇਕ ਪਿੰਡ ਠਹਿਰ ਗਏ। ਉਸ ਪਿੰਡ ਅੰਦਰ ਰਾਤ ਇਕ ਚੋਰੀ ਹੋ ਗਈ। ਹਾਕਮ ਦੇ ਹੁਕਮ ਅਨੁਸਾਰ ਸ਼ੱਕ ਦੇ ਆਧਾਰ 'ਤੇ ਇਨ੍ਹਾਂ ਦੋਵਾਂ ਨੂੰ ਵੀ ਇਕ ਕਮਰੇ ਅੰਦਰ ਡੱਕ ਦਿੱਤਾ ਗਿਆ। ਸਿਪਾਹੀਆਂ ਨੇ ਤਫ਼ਤੀਸ਼ ਸ਼ੁਰੂ ਕੀਤੀ। ਆਖ਼ਰ ਇਕ ਚੋਰ ਮਿਲ ਗਿਆ, ਉਸ ਪਾਸੋਂ ਚੋਰੀ ਦਾ ਸਾਮਾਨ.ਵੀ ਮਿਲ ਗਿਆ।

ਜਦ ਇਨ੍ਹਾਂ ਮੁਸਾਫ਼ਰਾਂ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਇਕ ਮੁਸਾਫ਼ਰ ਅੰਦਰ ਮਰਿਆ ਪਿਆ ਸੀ, ਕਿਉਂਕਿ ਉਸ ਮਨੁੱਖ ਨੂੰ ਘੜੀ ਮੁੜੀ ਖਾਣ ਦੀ ਆਦਤ ਸੀ। ਸਬਰ ਇਕ ਬਹੁਤ ਵੱਡਾ ਗੁਣ ਹੈ। ਸੰਤੋਖੀ ਮਨੁੱਖ ਦੁਖਤ ਘੜੀਆਂ ਵੀ ਸੁਖੈਨ ਹੀ ਲੰਘਾ ਲੈਂਦੇ ਹਨ।

ਗੁਰਸਿੱਖੀ ਨੇ ਸੰਜਮ-ਮਈ ਜੀਵਨ ਦਾ ਮਾਡਲ ਜਗਤ ਸਾਹਮਣੇ ਰੱਖਿਆ :

ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੇ ਥੋੜਾ ਹੀ ਖਾਵੈ ॥੪॥੧੨॥

(ਵਾਰਾਂ, ਭਾਈ ਗੁਰਦਾਸ ਜੀ)

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥ *(ਪਾਤਿਸ਼ਾਹੀ ੧੦)*

ਰਾਤ ਨੂੰ ਭਾਰੀ ਤੇ ਜ਼ਿਆਦਾ ਭੋਜਨ ਬੰਦਗੀ ਸਮੇਂ ਉੱਠਣ ਨਹੀਂ ਦੇਵੇਗਾ।

ਅੰਮ੍ਰਿਤ ਵੇਲੇ ਦਾ ਵਕਤ ਆਲਸੀ ਮਨੁੱਖਾਂ ਲਈ ਸੰਭਾਲਣਾ ਬੜਾ ਔਖਾ ਹੈ। ਲੋੜ ਮਾਤਰ ਭੋਜਨ ਤੇ ਲੋੜ ਮਾਤਰ ਨੀਂਦ ਤਨ ਤੇ ਮਨ ਨੂੰ ਸ਼ਕਤੀ ਤੇ ਤਰੋ-ਤਾਜ਼ਗੀ ਪ੍ਰਦਾਨ ਕਰਦੇ ਹਨ।

ਸਿਰਫ਼ ਖਾਣ ਲਈ ਜਿਊਣਾ ਧ੍ਰਿਗ ਜੀਵਨ ਹੈ। ਖਾਣ ਪਹਿਨਣ ਦੇ ਸ਼ੌਕ ਪਾਲਣ ਵਾਲਾ ਮਨੁੱਖ ਜੀਵਨ ਦੇ ਪਰਮ ਰਸ ਤੋਂ ਖ਼ਾਲੀ ਹੀ ਰਹਿ ਜਾਂਦਾ ਹੈ।

ਗੁਰਵਾਕ ਹੈ :

ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥

(ਰਾਗੁ ਗੂਜਰੀ ਵਾਰ ਮਹਲਾ ੫, ਪੰਨਾ 523)

ਇਕ ਗਿਆਨ ਭਰਪੂਰ ਵਾਰਤਾ ਹੈ। ਇਕ ਰਾਜੇ ਨੇ ਆਪਣੇ ਰਾਜ ਭਾਗ ਨੂੰ ਆਪਣੀ ਸੂਝ ਸਿਆਣਪ ਨਾਲ ਵਿਸ਼ਾਲ ਕੀਤਾ। ਉਸ ਦੇ ਤਿੰਨ ਪੁੱਤਰ ਸਨ। ਉਸ ਦੀ ਚਾਹਤ ਸੀ ਕਿ ਉਸ ਦੇ ਰਾਜਕੁਮਾਰਾਂ 'ਚੋਂ ਯੋਗਤਾ ਵਾਲੇ ਨੂੰ ਹੀ ਰਾਜ ਭਾਗ ਦੀ ਡੋਰ ਸੰਭਾਲੀ ਜਾਵੇ, ਪਰ ਰਾਜਾ ਉਨ੍ਹਾਂ ਦੀ ਯੋਗਤਾ ਜਾਣ ਨਾ ਸਕਿਆ। ਉਸ ਨੇ ਆਪਣੇ ਸਿਆਣੇ ਵਜ਼ੀਰ ਨੂੰ ਪੁੱਛਿਆ ਕਿ ਮੈਂ ਰਾਜ ਭਾਗ ਦੀ ਡੋਰ ਕਿਹੜੇ ਰਾਜਕੁਮਾਰ ਨੂੰ ਸੌਂਪਾਂ। ਵਜ਼ੀਰ ਨੇ ਸਲਾਹ ਦਿੱਤੀ ਕਿ ਤਿੰਨਾਂ ਰਾਜਕੁਮਾਰਾਂ ਦੀ ਯੋਗਤਾ ਪਰਖ ਲਈ ਜਾਵੇ। ਤਿੰਨਾਂ ਰਾਜਕੁਮਾਰਾਂ ਨੂੰ ਇਕ-ਇਕ ਘੋੜਾ ਅਤੇ ਛੇ ਮਹੀਨੇ ਦਾ ਖ਼ਰਚ ਦਿੱਤਾ ਜਾਵੇ। ਜਿਸ ਰਾਜਕੁਮਾਰ ਦਾ ਘੋੜਾ ਰਿਸ਼ਟ ਪੁਸ਼ਟ ਤੇ ਚੁਸਤ ਚਲਾਕ ਸੁਆਰੀ ਯੋਗ ਹੋਵੇ, ਸਮਝੋ ਉਹ ਰਾਜਕੁਮਾਰ ਹੀ ਰਾਜ-ਪ੍ਰਬੰਧ ਕਰਨ ਤੇ ਸੰਭਾਲਣ ਦੇ ਲਾਇਕ ਹੈ। ਰਾਜੇ ਨੇ ਤਿੰਨਾਂ ਹੀ ਰਾਜਕੁਮਾਰਾਂ ਨੂੰ ਕੋਲ ਬੁਲਾ ਕੇ ਇਕ-ਇਕ ਘੋੜਾ ਅਤੇ ਛੇ ਮਹੀਨਿਆਂ ਦਾ ਖ਼ਰਚ ਦੇ ਕੇ ਆਪਣੀ ਰਾਜਧਾਨੀ ਤੋਂ ਦੂਰ ਭੇਜ ਦਿੱਤਾ। ਨਾਲ ਹੀ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਵਿੱਚੋਂ ਜਿਹੜਾ ਇਨ੍ਹਾਂ ਘੋੜਿਆਂ ਦੀ ਚੰਗੀ ਸਾਂਭ-ਸੰਭਾਲ ਕਰੇਗਾ, ਰਾਜ ਸਿੰਘਾਸਨ ਉਪਰ ਉਸ ਨੂੰ ਬਿਠਾ ਦਿੱਤਾ ਜਾਵੇਗਾ।

ਰਾਜਕੁਮਾਰ ਆਪਣੇ-ਆਪਣੇ ਘੋੜੇ ਅਤੇ ਛੇ ਮਹੀਨੇ ਦਾ ਖ਼ਰਚ ਲੈ ਕੇ ਨੀਯਤ ਸਥਾਨ 'ਤੇ ਚਲੇ ਗਏ। ਛੇ ਮਹੀਨੇ ਦਾ ਸਮਾਂ ਬੀਤ ਗਿਆ। ਇਕ ਰਾਜਕੁਮਾਰ ਨੇ ਘੋੜੇ ਨੂੰ ਵਧੀਆ ਖ਼ੁਰਾਕ ਖਿਲਾ ਕੇ ਚੰਗੀ ਤਰ੍ਹਾਂ ਰਿਸ਼ਟ ਪੁਸ਼ਟ ਕਰ ਦਿੱਤਾ, ਪਰ ਉਸ ਨੇ ਘੋੜੇ ਨੂੰ ਸੁਆਰੀ ਦਾ ਗੁਣ ਨਾ ਸਿਖਾਇਆ। ਉਸ ਦਾ ਘੋੜਾ ਮੋਟਾ ਤੇ ਆਲਸੀ ਹੋ ਗਿਆ।

ਦੂਜਾ ਰਾਜਕੁਮਾਰ ਜੋ ਸ਼ੁਮ ਸੁਭਾਅ ਵਾਲਾ ਸੀ, ਉਸ ਨੇ ਆਪਣੇ ਘੋੜੇ ਨੂੰ ਥੋੜੀ ਖ਼ੁਰਾਕ ਦਿੱਤੀ, ਜਿਸ ਕਰਕੇ ਭੁੱਖ ਨਾਲ ਉਸ ਦਾ ਘੋੜਾ ਲਿੱਸਾ ਤੇ ਬਿਮਾਰ ਹੋ ਗਿਆ। ਬਾਕੀ ਬਚੇ ਪੈਸੇ ਉਸ ਘੋੜੇ ਦਾ ਇਲਾਜ ਕਰਦਿਆਂ ਖ਼ਰਚ ਹੋ ਗਏ। ਘੋੜਾ ਵੀ ਰਾਜੇ ਦੀ ਸੁਆਰੀ ਯੋਗ ਨਾ ਰਿਹਾ।

ਤੀਜੇ ਰਾਜਕੁਮਾਰ ਨੇ ਘੋੜੇ ਨੂੰ ਪੂਰੀ ਖ਼ੁਰਾਕ ਦੇਣ ਦੇ ਨਾਲ-ਨਾਲ ਉਸ ਨੂੰ ਸੁਆਰੀ ਲਈ ਵੀ ਸਿਖਾ ਲਿਆ। ਚੁਸਤ ਤੇ ਫੁਰਤੀਲਾ ਵੀ ਬਣਾਇਆ। ਰਾਜੇ ਨੇ ਰਾਜ ਸਿੰਘਾਸਨ ਤੀਜੇ ਰਾਜਕੁਮਾਰ ਨੂੰ ਹੀ ਦਿੱਤਾ। ਦੂਜੇ ਦੋਵੇਂ ਹੀ ਅਯੋਗ ਸਿੱਧ ਹੋਏ।

ਇਸੇ ਤਰ੍ਹਾਂ ਜਿਹੜੇ ਮਨੁੱਖ ਸਿਰਫ਼ ਸਰੀਰ ਨੂੰ ਹੀ ਪਾਲਦੇ ਹਨ; ਸੇਵਾ ਸਿਮਰਨ ਦਾ ਉੱਤਮ ਕਰਮ ਨਹੀਂ ਕਰਦੇ, ਆਲਸੀ ਘੋੜੇ ਵਰਗੇ ਹੀ ਹੋ ਜਾਂਦੇ ਹਨ। ਜਿਹੜੇ ਸਰੀਰ ਸਿਹਤ ਵੱਲੋਂ ਬੇ-ਧਿਆਨੇ ਹੋ ਜਾਂਦੇ ਹਨ, ਉਨ੍ਹਾਂ ਤੋਂ ਵੀ ਦੇਸ਼ ਕੌਮ ਨੂੰ ਕੋਈ ਲਾਭ ਨਹੀਂ ਮਿਲਦਾ; ਸਗੋਂ ਉਹ ਆਪਣੇ ਆਪ ਨਾਲ ਵੀ ਬੇਇਨਸਾਫ਼ੀ ਕਰ ਰਹੇ ਹੁੰਦੇ ਹਨ। ਗੁਰੂ ਜੀ ਦਾ ਬਚਨ ਹੈ :

ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥ *(ਵਾਰ ਆਸਾ, ਮਹਲਾ ੧, ਪੰਨਾ 467)*

ਤਥਾ :

ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾਧਾਰੀ ॥
ਗੁਪਤੀ ਖਾਵਹਿ ਵਟਿਕਾ ਸਾਰੀ ॥ *(ਰਾਗੁ ਗੌਂਡ ਕਬੀਰ ਜੀ, ਪੰਨਾ 873)*

ਜਗਤ ਅੰਦਰ ਧਾਰਮਿਕ ਪਾਖੰਡ ਨੂੰ ਲੋਕਾਂ ਨੇ ਮਾਨਤਾ ਦੇ ਛੱਡੀ ਹੈ। ਗੁਰਮਤਿ ਨੇ ਪਾਖੰਡ ਯੁਕਤ ਗ਼ੈਰ ਕੁਦਰਤੀ ਸਾਧਨਾਂ ਤੋਂ ਸੰਗਤਾਂ ਨੂੰ ਸੁਚੇਤ ਕੀਤਾ ਹੈ :

ਅੰਨੈ ਬਿਨਾ ਨ ਹੋਇ ਸੁਕਾਲੁ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥ *(ਰਾਗੁ ਗੌਂਡ ਕਬੀਰ ਜੀ, ਪੰਨਾ 873)*

ਅੰਨ ਦਾ ਤਿਆਗ ਕੋਈ ਕਰ ਸਕਦਾ ਹੈ ਪਰ ਭੁੱਖ ਦਾ ਤਿਆਗ ਕਰਨਾ ਮੁਸ਼ਕਲ ਹੈ। ਭੋਜਨ ਦਾ ਤਿਆਗੀ ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਕਰ ਸਕਦਾ; ਬਲਕਿ ਉਹ ਅੰਨ ਰੂਪ 'ਚ ਪਰਮਾਤਮਾ ਦੀ ਦਾਤ ਦਾ ਅਪਮਾਨ ਕਰ ਕੇ ਗੁਨਾਹਾਂ ਦਾ ਭਾਗੀ ਬਣਦਾ ਹੈ। ਭਗਤ ਕਬੀਰ ਜੀ ਨੇ ਪਰਮਾਤਮਾ, ਗੁਰੂ ਤੇ ਅੰਨ ਨੂੰ ਧੰਨ ਧੰਨ ਆਖਿਆ। ਫਿਰ ਜਿਨ੍ਹਾਂ ਨੇ ਅੰਨ ਦੀ ਮਹੱਤਤਾ ਜਾਣੀ, ਉਹ ਰੱਬੀ ਪੁਰਸ਼ ਵੀ ਧੰਨਤਾ ਯੋਗ ਕਹਾਏ।

ਪ੍ਰਭੂ ਧੰਨ ਹੈ ਜਿਸ ਨੇ ਅੰਨ ਪੈਦਾ ਕੀਤਾ। ਗੁਰੂ ਧੰਨ ਹੈ, ਜਿਸ ਨੇ ਪਰਮਾਤਮਾ ਦੀ ਸੋਝੀ ਬਖ਼ਸ਼ੀ। ਅੰਨ ਧੰਨ ਹੈ, ਜਿਸ ਨੂੰ ਖਾ ਕੇ ਹਿਰਦੇ ਦਾ ਕੰਵਲ ਖਿੜ ਜਾਂਦਾ ਹੈ। ਉਹ ਸੰਤ ਧੰਨ ਹਨ, ਜਿਨ੍ਹਾਂ ਨੇ ਜਾਣਿਆ ਕਿ ਭੋਜਨ ਬਿਨਾਂ ਭਗਤੀ ਸੰਭਵ ਨਹੀਂ।

ਧੰਨੁ ਗੁਪਾਲ ਧੰਨੁ ਗੁਰਦੇਵ ॥
ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥
ਧਨੁ ਓਇ ਸੰਤ ਜਿਨ ਐਸੀ ਜਾਨੀ ॥
ਤਿਨ ਕਉ ਮਿਲਿਬੋ ਸਾਰਿੰਗਪਾਨੀ ॥ *(ਰਾਗੁ ਗੌਂਡ ਕਬੀਰ ਜੀ, ਪੰਨਾ 873)*

ਇਸੇ ਸਬੰਧ ਵਿਚ ਵਰਤ ਰੱਖਣ ਵਾਲਿਆਂ ਦੀ ਬਿਰਤੀ ਨੂੰ ਵੀ ਝੰਜੋੜਿਆ ਹੈ। ਵਰਤ ਰੱਖਣ ਨਾਲ ਪਰਮਾਤਮਾ ਨਹੀਂ ਰੀਝਦਾ; ਸਗੋਂ ਐਸੇ ਕਰਮ ਕਰਨ ਵਾਲੀ ਇਸਤਰੀ ਖੋਤੀ ਦੀ ਜੂਨ ਅੰਦਰ ਦੁਖਦਾਇਕ ਜਨਮ ਕੱਟਦੀ ਹੈ, ਜੋ ਸਾਰਾ ਦਿਨ ਆਪਣੇ ਸਰੀਰ 'ਤੇ ਭਾਰ ਢੋਂਹਦੀ ਹੈ। ਭੁੱਖੀ ਤੁਰਦੀ ਰਹਿੰਦੀ ਹੈ। ਰਾਤ ਨੂੰ ਕਿਤੇ ਉਸ ਨੂੰ ਚਾਰਾ (ਭੋਜਨ) ਨਸੀਬ ਹੁੰਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ :

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥

(ਸਲੋਕ ਭਗਤ ਕਬੀਰ ਜੀ, ਪੰਨਾ 1370)

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਲਾਰ ਰਾਗ ਦੀ ਵਾਰ ਅੰਦਰ ਉਨ੍ਹਾਂ ਜੀਵਾਂ ਦਾ ਜ਼ਿਕਰ ਕੀਤਾ ਹੈ ਜੋ ਸਿਰਫ਼ ਖਾਣ ਲਈ ਜਿਊਂਦੇ ਹਨ। ਫਿਰ ਸਰੀਰ ਅੰਦਰ ਪੈਦਾ ਹੋਈ ਪ੍ਰਬਲ ਸ਼ਕਤੀ ਦਾ ਮੁਜ਼ਾਹਰਾ ਕਰਦੇ ਹਨ। ਉਨ੍ਹਾਂ ਪਾਸੋਂ ਹਮੇਸ਼ਾ ਹੰਕਾਰ ਦੀ ਬੋਅ ਆਉਂਦੀ ਹੈ। ਫਿਰ ਉਨ੍ਹਾਂ ਜੀਵਾਂ ਦਾ ਵੀ ਜ਼ਿਕਰ ਹੈ ਜੋ ਆਪਣਾ ਭੋਜਨ ਖਾ ਕੇ ਭੋਜਨ ਦੇਣ ਵਾਲੇ ਦੀ ਮਿੱਠੀ ਯਾਦ ਅੰਦਰ ਮਸਤ ਹੋ ਜਾਂਦੇ ਹਨ :

ਸਉ ਮਣੁ ਹਸਤੀ ਘਿਉ ਗੁਝੁ ਖਾਵੈ ਪੰਜਿ ਸੈ ਦਾਨਾ ਖਾਇ ॥
ਡਕੈ ਫੁਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥

(ਵਾਰ ਮਲਾਰ ਕੀ ਮਹਲਾ ੧, ਪੰਨਾ 1286)

ਹਾਥੀ ਦੀ ਭਾਰੀ ਖ਼ੁਰਾਕ; ਫਿਰ ਖਾ ਪੀ ਕੇ ਫੁੰਕਾਰੇ ਮਾਰਨੇ ਅਤੇ ਜ਼ਿੰਦਗੀ ਐਵੇਂ ਗੁਆ ਲੈਣੀ ਮੂਰਖਤਾ ਦੀ ਨਿਸ਼ਾਨੀ ਹੈ। ਹਾਥੀ ਦੇ ਮੁਕਾਬਲੇ ਚਿੜੀ ਦੀ ਤਰਜ਼ੇ-ਜ਼ਿੰਦਗੀ ਵੇਖੀਏ :

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥

(ਵਾਰ ਮਲਾਰ ਕੀ ਮਹਲਾ ੧, ਪੰਨਾ 1286)

ਛੋਟਾ ਜਿਹਾ ਪੰਛੀ, ਥੋੜੀ ਜਿਹੀ ਖ਼ੁਰਾਕ। ਅਸਮਾਨ ਦੀ ਉੱਚੀ ਉਡਾਰੀ। ਫਿਰ ਮਸਤੀ ਭਰੇ ਗੀਤ, ਪ੍ਰਭੂ ਸ਼ੁਕਰਾਨੇ ਦਾ ਪ੍ਰਗਟਾਵਾ ਹੀ ਹੈ। ਇਸੇ ਤਰ੍ਹਾਂ ਇਕ ਸ਼ੇਰ ਦਾ ਭੋਜਨ ਅਨੇਕਾਂ ਜੀਵਾਂ ਦੀਆਂ ਕੁਰਲਾਹਟਾਂ ਉਪਰ ਬਣਦਾ ਹੈ :

ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥

(ਵਾਰ ਮਲਾਰ ਕੀ ਮਹਲਾ ੧, ਪੰਨਾ 1286)

ਹਰ ਜੀਵ ਨੂੰ ਡਰਾਂਦੇ ਰਹਿਣਾ, ਤਾਕਤ ਦੀ ਨੁਮਾਇਸ਼, ਉੱਚੀ-ਉੱਚੀ ਗਰਜਨਾ। ਫਿਰ ਜੀਵਨ ਹੰਕਾਰ ਅੰਦਰ ਹੀ ਸਿਮਟ ਜਾਣਾ। ਇਸ ਦੇ ਸਾਹਮਣੇ ਇਕ ਟਿੱਡਾ ਕੀ ਹੈ :

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥

(ਵਾਰ ਮਲਾਰ ਕੀ ਮਹਲਾ ੧, ਪੰਨਾ 1286)

ਰੁੱਖਾ ਸੁੱਖਾ ਭੋਜਨ ਮਿਲਿਆ। ਦੇਣ ਵਾਲੇ ਦਾ ਧੰਨਵਾਦ। ਅੰਦਰੋਂ ਪਿਆਰ ਭਰੀ ਲੈਅ ਮਈ ਸੰਗੀਤਕ ਧੁਨੀ ਨਿਕਲੀ, ਅੰਦਰਲੀ ਪ੍ਰਸੰਨਤਾ ਦੀ ਖ਼ਬਰ ਦਿੰਦੀ ਹੈ। ਧੰਨ ਹਨ ਐਸੇ ਪੁਰਸ਼ ਜਿਹੜੇ ਦਾਤਾਰ ਪਾਤਸ਼ਾਹ ਦੀਆਂ ਦਾਤਾਂ ਨੂੰ ਵਰਤਦੇ, ਭੁੰਚਦੇ, ਹੰਢਾਂਦੇ ਉਸ ਦੇਣ ਵਾਲੇ ਦੇ ਸਦਾ ਸ਼ੁਕਰ-ਗੁਜ਼ਾਰ ਰਹਿੰਦੇ ਹਨ।

ਗਾਵੈ ਕੋ ਦਾਤਿ ਜਾਣੈ ਨੀਸਾਣੁ ॥ *(ਜਪੁਜੀ)*

ਤਥਾ :

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥

(ਵਾਰ ਆਸਾ, ਮਹਲਾ ੧, ਪੰਨਾ 474)

ਤਥਾ :

ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥
ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥

(ਰਾਗੁ ਸੋਰਠਿ ਵਾਰ ਮਹਲੇ ੪ ਕੀ, ਪੰਨਾ 652)

ਸਫਲ ਜੀਵਨ ਤੇ ਪ੍ਰਸੰਨਤਾ ਭਰੇ ਜੀਵਨ ਦੀ ਪਹਿਚਾਣ ਹੈ, ਵਾਹਿਗੁਰੂ ਜੀ ਦੇ ਧੰਨਵਾਦ ਅੰਦਰ ਨਤਮਸਤਕ ਹੋਏ ਰਹਿਣਾ। ਭੋਜਨ ਨਾਲ ਸਰੀਰ ਕਾਇਮ ਰਹਿੰਦਾ ਹੈ, ਭਜਨ ਨਾਲ ਆਤਮਿਕ ਜੀਵਨ ਦੀ ਉਸਾਰੀ ਹੁੰਦੀ ਹੈ। ਆਤਮਿਕ ਬੁਲੰਦੀ ਭਗਤੀ ਨਾਲ ਹੀ ਪ੍ਰਾਪਤ ਹੁੰਦੀ ਹੈ। ਭਗਤੀ ਗੁਰੂ-ਸ਼ਬਦ ਨਾਲ ਸਾਂਝ ਬਣਾਇਆਂ ਪ੍ਰਾਪਤ ਹੁੰਦੀ ਹੈ। ਮਨੁੱਖਾ ਜੀਵਨ ਦਾ ਅਵਸਰ ਪ੍ਰਭੂ ਨੇ ਬੰਦਗੀ ਵਾਸਤੇ ਹੀ ਬਖ਼ਸ਼ਿਆ ਹੈ।

ਗੁਰਬਾਣੀ ਗਾਵਹ ਭਾਈ
ਓਹ ਸਫਲ ਸਦਾ ਸੁਖਦਾਈ

ਇਕ ਰੱਬੀ ਨਿਯਮ ਹੈ ਕਿ ਆਪਣੇ ਅਸਲੇ ਨਾਲ ਜੁੜੇ ਰਹਿਣ ਵਿਚ ਸੁਖ ਮਿਲਦਾ ਹੈ ਅਤੇ ਅਸਲੇ ਨਾਲੋਂ ਟੁੱਟ ਜਾਣ ਕਰਕੇ ਦੁਖ ਹੰਢਾਉਣਾ ਪੈਂਦਾ ਹੈ।

ਦਰੱਖ਼ਤ ਨਾਲੋਂ ਟੁੱਟੀ ਹੋਈ ਟਾਹਣੀ ਸੁੱਕ-ਸੜ ਜਾਂਦੀ ਹੈ। ਦਰਿਆਵਾਂ-ਨਦੀਆਂ ਦਾ ਪਾਣੀ ਉਛਾਲ ਨਾਲ ਕੰਢਿਆਂ ਤੋਂ ਬਾਹਰ ਟੋਇਆਂ ਵਿਚ ਡਿੱਗ ਪੈਣ ਕਰਕੇ ਕੁਝ ਸਮੇਂ ਬਾਅਦ ਹੀ ਤਰੱਕ ਜਾਂਦਾ ਹੈ। ਉਸ ਵਿਚ ਦੁਰਗੰਧ ਆਉਣੀ ਸ਼ੁਰੂ ਹੋ ਜਾਂਦੀ ਹੈ। ਉਹ ਪਾਣੀ ਪਸ਼ੂਆਂ-ਜਾਨਵਰਾਂ ਦੇ ਪੀਣ ਯੋਗ ਵੀ ਨਹੀਂ ਰਹਿੰਦਾ। ਇੰਜ ਹੀ ਡਾਲੀ ਨਾਲੋਂ ਟੁੱਟਾ ਹੋਇਆ ਫੁੱਲ ਆਪਣਾ ਸੁਹੱਪਣ ਤੇ ਮਹਿਕ ਗੁਆ ਬੈਠਦਾ ਹੈ। ਨੇਸਤੋ ਨਾਬੂਦ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਨਾਮ-ਬਾਣੀ ਦੇ ਰਸ ਤੋਂ ਵਿਹੂਣਾ, ਪ੍ਰਭੂ ਨਾਲੋਂ ਵਿੱਛੜਿਆ ਹੋਇਆ ਮਨੁੱਖ ਅਨੇਕਾਂ ਤਰ੍ਹਾਂ ਦੇ ਸੰਤਾਪ ਭੋਗਦਾ ਦੁੱਖਾਂ ਅੰਦਰ ਤੜਪਦਾ ਰਹਿੰਦਾ ਹੈ। ਸ਼ਾਇਦ ਇਸੇ ਕਰਕੇ ਹੀ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਤੇ ਸਮਝਾਉਣ ਵਾਲੇ ਸੰਤ ਕਵੀ ਭਾਈ ਵੀਰ ਸਿੰਘ ਜੀ ਨੇ ਫੁੱਲ ਤੋੜਨ ਵਾਲੇ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਕਿਹਾ ਸੀ :

ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹਟ ਮਹਿਕ ਦੀ ਲਾਈ।
ਲੱਖ ਗਾਹਕ ਸੁੰਘੇ ਜੇ ਆ ਕੇ, ਖ਼ਾਲੀ ਇਕ ਨਾ ਜਾਈ।
ਜੇ ਤੂੰ ਇਕੱਲਾ ਤੋੜ ਲੈ ਗਿਉਂ, ਇਕ ਜੋਗਾ ਰਹਿ ਜਾਸਾਂ,
ਉਹ ਵੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਖਿੰਡ ਜਾਈ।

ਵਿੱਛੜ ਜਾਣਾ ਮੌਤ ਹੈ, ਜੁੜ ਜਾਣਾ ਹੀ ਜ਼ਿੰਦਗੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖੀ ਮਨ ਨੂੰ ਆਪਣੇ ਮੂਲ ਜੀਵਨ ਸੋ੍ਤ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਇਕ ਐਸੇ ਸਰੋਵਰ ਰਾਹੀਂ ਦਿੰਦੇ ਹਨ; ਜਿਹੜਾ ਸਰੋਵਰ ਕਿਸੇ ਸਮੇਂ ਪਾਣੀ ਨਾਲ ਨੱਕੋ-ਨੱਕ ਭਰਿਆ ਸੀ। ਇਸ ਸਰੋਵਰ ਦੇ ਅੰਦਰ ਅਨੇਕਾਂ ਕੰਵਲ ਦੇ ਬੂਟੇ ਝੂਮਦੇ ਰਹਿੰਦੇ ਸਨ। ਸੋਨੇ ਜੈਸੇ ਸੁੰਦਰ ਫੁੱਲ ਵੀ ਸਨ। ਹਵਾ ਦੇ ਝੋਂਕਿਆਂ ਨਾਲ ਇਹ ਫੁੱਲ ਬਹਾਰਾਂ ਤੇ ਖੇੜੇ ਵੰਡਦੇ ਸਨ। ਭੌਰਿਆਂ ਦੀਆਂ ਗੂੰਜਾਰਾਂ ਸਦਾ ਰੌਣਕਾਂ ਲਾਈ ਰੱਖਦੀਆਂ ਸਨ। ਬੜੀ ਸੁਹਾਵਣੀ ਜ਼ਿੰਦਗੀ ਸੀ ਸਰੋਵਰ ਪਾਸ। ਜਦ ਗੁਰੂ ਨਾਨਕ ਦੇਵ ਜੀ ਇਸ ਸਰੋਵਰ ਪਾਸ ਗਏ ਤਾਂ ਇਸ ਦੇ ਉਲਟ ਹੋਇਆ ਪਿਆ ਸੀ। ਸਰੋਵਰ ਸੁੱਕਾ ਸੀ। ਕਮਲ ਦੇ ਬੂਟੇ ਤਾਂ ਹਨ ਪਰ ਸੜੇ ਹੋਏ। ਜ਼ਿੰਦਗੀ ਨਹੀਂ, ਵੈਰਾਨੀ ਹੈ। ਖ਼ੁਸ਼ਹਾਲੀ ਨਹੀਂ, ਉਦਾਸੀ

ਹੈ। ਖੇੜੇ ਨਹੀਂ, ਨਿਰਾਸਤਾ ਹੈ। ਅਣਕਹੇ ਸ਼ਬਦਾਂ ਰਾਹੀਂ ਸਮੁੰਦਰ ਦੇ ਪਾਣੀ ਜਿੰਨਾ ਦਰਦ ਹੈ। ਅਣਰੋਏ ਅੱਥਰੂਆਂ ਦੀ ਪੀੜਾ ਹੈ। ਕੋਈ ਭੌਰੇ ਹੁਣ ਗੂੰਜਾਰਾਂ ਨਹੀਂ ਪਾਉਂਦੇ, ਸਰੋਵਰ ਦੇ ਅੰਦਰ-ਬਾਹਰ ਉਦਾਸ ਫ਼ਿਜ਼ਾ ਹੈ। ਐਸੀ ਵੈਰਾਨੀ ਦੇਖ ਕੇ ਰੱਬੀ ਸ਼ਾਇਰ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸੰਸਾਰ ਦੇ ਦੁਖੀ ਮਨੁੱਖਾਂ ਦੀ ਅਣ-ਬਿਆਨੀ ਵਿਆਕੁਲਤਾ ਦਾ ਅਹਿਸਾਸ ਹੋਇਆ। ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ :

ਬਾਬਾ ਦੇਖੇ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ॥ *(ਵਾਰ 1, ਪਉੜੀ 24)*

ਗੁਰੂਦੇਵ ਦਾ ਕੋਮਲਤਾ ਨਾਲ ਭਰਿਆ ਹਿਰਦਾ ਦ੍ਰਵ ਗਿਆ। ਸਾਰੇ ਮਨੁੱਖਾਂ ਦੀ ਪੀੜਾਂ ਭਰੀ ਹੋਣੀ ਦਾ ਸਬੱਬ ਇਸ ਵੈਰਾਨ ਸਰੋਵਰ ਵਿੱਚੋਂ ਆਪ ਜੀ ਨੂੰ ਨਜ਼ਰ ਆਇਆ।

ਸਤਿਗੁਰੂ ਜੀ ਸਰੋਵਰ ਕੋਲ ਬੈਠ ਕੇ ਪੁੱਛਦੇ ਹਨ ਕਿ ਤੇਰੀ ਇਹ ਦਸ਼ਾ ਕਿਵੇਂ ਹੋਈ ? ਕਦੇ ਤਾਂ ਤੇਰੇ ਪਾਸ ਬਹੁਤ ਹਰਿਆਲੀ ਹੋਵੇਗੀ ? ਕਦੇ ਤਾਂ ਆਹ ਕੰਵਲ ਮਹਿਕ ਅਤੇ ਖੇੜੇ ਬਿਖੇਰਦੇ ਹੋਣਗੇ ? ਤੇਰੇ ਪਾਸ ਬੜੀਆਂ ਰੌਣਕਾਂ ਭੌਰਿਆਂ ਕਰਕੇ ਲੱਗਦੀਆਂ ਹੋਣਗੀਆਂ ? ਪਰ ਤੇਰੀਆਂ ਉਦਾਸੀਆਂ ਦਾ ਕੀ ਕਾਰਨ ਹੈ ?

ਪਬਰ ਭੂੰ ਹਰੀਆਵਲਾ ਕਵਲਾ ਕੰਚਨ ਵੰਨਿ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥
(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ 1412)

ਐ ਸਰੋਵਰ ! ਕਿਸ ਗੁਨਾਹ ਕਰਕੇ ਤੂੰ ਇਹ ਸਜ਼ਾ ਪਾਈ ਹੈ ? ਉੱਤਰ ਵਜੋਂ ਸਰੋਵਰ ਕਹਿਣ ਲੱਗਾ ਕਿ ਮੇਰੀ ਇਸ ਕੁਰੂਪਤਾ ਦਾ ਕਾਰਨ ਹੈ ਪਾਣੀ ਤੋਂ ਵਿਛੋੜਾ :

ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥
ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥
(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ 1412)

ਸਰੋਵਰ ਕਹਿੰਦਾ ਹੈ ਕਿ ਮੇਰਾ ਪਾਣੀ ਨਾਲੋਂ ਵਿਛੋੜਾ ਹੋ ਜਾਣਾ ਹੀ ਦੁਖ ਦਾ ਕਾਰਨ ਹੈ। ਮੈਨੂੰ ਸਮਝ ਆ ਗਈ ਹੈ ਕਿ ਜਿਸ ਪਾਣੀ ਨਾਲ ਮੇਰਾ ਸਾਥ ਸੀ ਅਤੇ ਜਿਸ ਪਾਣੀ ਨੂੰ ਵੇਖ-ਵੇਖ ਕੇ ਮੇਰਾ ਤਨ ਖ਼ੁਸ਼ਹਾਲ ਸੀ, ਉਸ ਪਾਣੀ ਤੋਂ ਬਗ਼ੈਰ ਮੇਰੀ ਜ਼ਿੰਦਗੀ ਨਿਰਾਸ ਹੋ ਗਈ ਹੈ।

ਵਾਕਿਆ ਹੀ ਜਦ ਕੋਈ ਮਨੁੱਖ ਪਰਮਾਤਮਾ ਨੂੰ ਭੁੱਲ ਕੇ ਖ਼ੁਸ਼ੀਆਂ ਖੇੜੇ ਲੱਭਣਾ ਚਾਹੇ ਤਾਂ ਨਹੀਂ ਲੱਭਦੇ। ਆਪਣੀ ਜ਼ਿੰਦਗੀ ਦੇ ਸੋਮੇ ਨਾਲੋਂ ਅੱਡ ਹੋ ਕੇ ਕੋਈ ਜਿਊਣਾ ਚਾਹੇ ਤਾਂ ਉਹ ਜੀਵਨ ਮੁਰਦਾ ਹੀ ਮੰਨਿਆ ਗਿਆ ਹੈ। ਗੁਰਵਾਕ ਹੈ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥
(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 253)

ਜਿਨ੍ਹਾਂ ਮਨੁੱਖਾਂ ਪਾਸ ਪਿਆਰ ਦਾ ਰਸ ਨਹੀਂ, ਦਇਆ ਦੀ ਮਹਿਕ ਨਹੀਂ, ਸੰਤੋਖ ਸੰਜਮ ਦੀ ਮਰਯਾਦਾ ਨਹੀਂ, ਪਰਉਪਕਾਰਾਂ ਦੀ ਸੁੰਦਰਤਾ ਨਹੀਂ, ਉਹ ਮਨੁੱਖ ਜਿਊਂਦਾ

ਹੀ ਮੁਰਦੇ ਸਮਾਨ ਹੈ। ਬਾਹਰ ਦੀ ਚਮਕ-ਦਮਕ ਤਾਂ ਇਕ ਛਲਾਵਾ ਹੀ ਹੈ। ਇਕ ਪੰਜਾਬੀ ਸ਼ਾਇਰ ਦਾ ਵੀ ਕਥਨ ਹੈ :

ਲਿਸ਼ਕ ਪੁਸ਼ਕ ਨਾ ਦੇਖ ਭਰਾਵਾ, ਦੇਖ ਨਾ ਸੁੰਦਰ ਮੁਖੜੇ।
ਹਰ ਮੁਖੜੇ ਦੇ ਅੰਦਰ ਦਿਲ ਹੈ, ਹਰ ਦਿਲ ਅੰਦਰ ਦੁਖੜੇ।

ਇਨ੍ਹਾਂ ਦੁਖੜਿਆਂ ਦਾ ਕਾਰਨ ਜੋ ਸਤਿਪੁਰਸ਼ਾਂ ਨੇ ਲੱਭਿਆ ਹੈ, ਉਹ ਇਹ ਹੈ ਕਿ ਮਨੁੱਖ ਸਿਰਜਣਹਾਰ ਪਰਮਾਤਮਾ ਦੀ ਹਸਤੀ ਨੂੰ ਮਨੋ-ਵਿਸਾਰੀ ਬੈਠਾ ਹੈ। ਪੰਚਮ ਗੁਰਦੇਵ ਜੀ ਦਾ ਫ਼ੁਰਮਾਨ ਹੈ :

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥

(ਬਾਰਹਮਾਹਾ ਮਾਂਝ ਮਹਲਾ ੫, ਪੰਨਾ 135)

ਭਾਈ ਵੀਰ ਸਿੰਘ ਜੀ ਦਾ ਕਹਿਣਾ ਹੈ ਕਿ ਕੋਲੇ ਉਪਰ ਜੋ ਕਾਲਖ ਹੁੰਦੀ ਹੈ, ਉਹ ਇਸ ਕਰਕੇ ਹੈ ਕਿ ਕੋਲਾ ਅੰਗਿਆਰਾਂ ਤੋਂ ਦੂਰ ਜੁ ਹੋ ਗਿਆ। ਵਿੱਛੜਿਆਂ ਕਾਲਖਾਂ ਹੀ ਤਾਂ ਆ ਘੇਰਦੀਆਂ ਹਨ। ਸਭੇ ਰੋਗ-ਵਿਕਾਰ ਰੱਬੀ ਯਾਦ ਨੂੰ ਵਿਸਰਨ ਕਰਕੇ ਹੀ ਤਾਂ ਵਿਆਪਦੇ ਹਨ। ਜੇਕਰ ਦੁਬਾਰਾ ਕੋਲੇ ਨੂੰ ਅੰਗਿਆਰਾਂ ਉਪਰ ਰੱਖ ਦਈਏ ਤਾਂ ਭਾਈ ਸਾਹਿਬ ਕਹਿੰਦੇ ਹਨ ਕਿ ਸਾਰੀ ਕਾ ਫ਼ ਦੂਰ ਹੀ ਨਹੀਂ ਹੋਏਗੀ; ਸਗੋਂ ਖੁੱਸਿਆ ਹੋਇਆ ਅਨੰਦ ਖੇੜਾ ਵੀ ਵਾਪ ਜਾਂਦਾ ਹੈ :

ਸਾਬਣ ਲਾ ਲਾ ਧੋਤਾ ਕੋਲਾ ਦੁੱਧ ਦਹੀਂ ਵਿਚ ਪਾਇਆ।
ਖੁੰਬੇ ਚਾੜ੍ਹ ਰੰਗਣ ਭੀ ਧਰਿਆ ਰੰਗ ਨ ਓਸ ਵਟਾਇਆ।
ਵਿਛੁੜ ਕੇ ਕਾਲਖ ਜੋ ਆਈ ਬਿਨ ਮਿਲਿਆਂ ਨਹੀਂ ਲਹਿੰਦੀ।
ਅੰਗ ਅੱਗ ਤੇ ਲਾ ਕੇ ਵੇਖੋ ਚੜ੍ਹਦਾ ਰੂਪ ਸਵਾਇਆ।

ਉਦਾਸ ਸੜੇ ਸਰੋਵਰ ਅਤੇ ਕੋਲੇ ਵਾਂਗ ਮਨੁੱਖਾਂ ਦੀ ਹਾਲਤ ਹੈ, ਜੋ ਨਾਮ ਸਿਮਰਨ ਤੋਂ ਵਿਹੂਣੇ ਹੋ ਕੇ ਬਣੀ ਹੋਈ ਹੈ। ਬਲਕਿ ਅਜਿਹੇ ਮਨੁੱਖ ਕੋਹੜੀ ਵਾਂਗ ਮਾਨਸਿਕ ਤੌਰ 'ਤੇ ਪੀੜਤ ਹਨ :

ਜੀਉ ਤਪਤੁ ਹੈ ਬਾਰੰ ਬਾਰ ॥
ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥

(ਧਨਾਸਰੀ ਮਹਲਾ ੧, ਪੰਨਾ 661)

ਦੁਨਿਆਵੀ ਪਦਾਰਥਾਂ ਨਾਲ ਮਾਲਾ-ਮਾਲ ਹੁੰਦਿਆਂ ਵੀ ਮਨੁੱਖ ਕੋਲ ਸ਼ਾਂਤੀ ਨਹੀਂ ਹੈ। ਧਾਹਾਂ-ਹੌਕਿਆਂ ਵਿਚ ਜ਼ਿੰਦਗੀ ਬੀਤਦੀ ਹੈ। ਇਹ ਰੋਜ਼-ਰੋਜ਼ ਦੀਆਂ ਧਾਹਾਂ ਆਪਣੇ ਮੂਲ ਵਾਹਿਗੁਰੂ ਜੀ ਤੋਂ ਦੂਰ ਹੋਣ ਕਰਕੇ ਹਨ।

ਇਕ ਬੜੀ ਪਿਆਰੀ ਗਾਥਾ ਹੈ। ਇਕ ਦਿਨ ਕਬੀਰ ਸਾਹਿਬ ਜੀ ਸਮੁੰਦਰ ਕਿਨਾਰੇ ਚਲੇ ਗਏ। ਬੜੀਆਂ ਲਹਿਰਾਂ ਸਮੁੰਦਰ ਵਿੱਚੋਂ ਉੱਠ ਰਹੀਆਂ ਸਨ। ਕੰਢਿਆਂ ਨਾਲ ਟਕਰਾ-ਟਕਰਾ ਵਾਪਸ ਚਲੇ ਜਾਂਦੀਆਂ ਸਨ। ਇੰਜ ਲਗਾਤਾਰ ਹੋ ਰਿਹਾ ਸੀ। ਇਕ ਲਹਿਰ ਇਕ ਸੰਖ ਨੂੰ ਸਮੁੰਦਰ 'ਚੋਂ ਬਾਹਰ ਕਿਨਾਰੇ 'ਤੇ ਸੁੱਟ ਗਈ। ਕਬੀਰ ਜੀ

ਦੇ ਮਨ ਵਿਚ ਸੰਖ ਪ੍ਰਤੀ ਤਰਸ ਆਇਆ। ਉਨ੍ਹਾਂ ਨੇ ਸੰਖ ਨੂੰ ਸਮੁੰਦਰ ਅੰਦਰ ਹੀ ਸੁੱਟ ਦਿੱਤਾ। ਦੂਜੀ ਲਹਿਰ ਨੇ ਫਿਰ ਸੰਖ ਬਾਹਰ ਸੁੱਟ ਦਿੱਤਾ ਤਾਂ ਕਬੀਰ ਜੀ ਨੇ ਸੰਖ ਨੂੰ ਸੰਬੋਧਨ ਹੋ ਕੇ ਫ਼ੁਰਮਾਇਆ :

ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥
ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥

(ਸਲੋਕ ਕਬੀਰ ਜੀ, ਪੰਨਾ 1371)

ਆਪ ਜੀ ਕਹਿੰਦੇ ਹਨ ਕਿ ਸਮੁੰਦਰ ਤੋਂ ਵਿੱਛੜੇ ਸੰਖ, ਸਮੁੰਦਰ ਵਿਚ ਹੀ ਟਿਕਿਆ ਰਹੁ, ਨਹੀਂ ਤਾਂ ਸੂਰਜ ਚੜ੍ਹਦੇ ਸਾਰ ਮੰਦਰਾਂ 'ਚ ਧਾਹਾਂ ਮਾਰੇਂਗਾ। ਇਥੇ ਹੀ ਟਿਕਿਆ ਰਹਿ। ਗੱਲ ਸੰਖ ਤੇ ਸਮੁੰਦਰ ਦੀ ਨਹੀਂ, ਸਗੋਂ ਮਨੁੱਖ ਅਤੇ ਪ੍ਰਭੂ ਦੀ ਹੈ। ਵਿਕਾਰਾਂ ਦੀਆਂ ਲਹਿਰਾਂ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਸੁੱਟ ਦਿੰਦੀਆਂ ਹਨ। ਰੱਬੀ ਪੁਰਸ਼ਾਂ ਦੀ ਚਿਤਾਵਨੀ ਹੈ ਕਿ ਐ ਮਨੁੱਖ! ਰੱਬੀ ਯਾਦ ਵਿਚ ਜੁੜਨਾ ਲੋਚ, ਨਹੀਂ ਤਾਂ ਵਿਕਾਰਾਂ ਦੇ ਥਪੇੜੇ ਬੜੇ ਪੀੜਾਂ ਵਾਲੇ ਹਨ। ਸਮੁੰਦਰ 'ਚ ਰਹਿੰਦਿਆਂ ਸੰਖ ਮੌਜਾਂ ਮਾਣਦਾ ਹੈ ਪਰ ਬਾਹਰ ਆ ਕੇ ਧਾਹਾਂ ਮਾਰਦਾ ਹੈ।

ਦਰਅਸਲ ਮਨੁੱਖ ਆਪਣੇ ਦੁੱਖਾਂ ਦਾ ਕਾਰਨ ਸਮਝਣ ਦੀ ਬਜਾਇ ਹੋਰ ਜ਼ਿਆਦਾ ਬਾਹਰਮੁਖੀ ਹੋ ਕੇ ਭਟਕ ਜਾਂਦਾ ਹੈ। ਇਹ ਦੁਖ ਹਨ—ਮੂਲ ਪਰਮਾਤਮਾ ਨੂੰ ਵਿਸਰਨ ਕਰਕੇ। ਜਦ ਕੋਈ ਵਡਭਾਗਾ ਗੁਰਮੁਖ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਪ੍ਰੇਮ ਭਾਵਨਾ ਸਹਿਤ ਪੜ੍ਹਦਾ-ਸੁਣਦਾ ਤੇ ਦਿਲ 'ਚ ਵਸਾਉਂਦਾ ਹੈ ਤਾਂ ਉਸ ਦਾ ਜੀਵਨ ਸਫਲ ਅਤੇ ਸੁਹੇਲਾ ਹੋ ਜਾਂਦਾ ਹੈ।

ਆਪਣੇ ਕੇਂਦਰ ਨਾਲ ਜੁੜ ਜਾਣ ਵਿਚ ਹੀ ਆਨੰਦ ਹੈ, ਬਹਾਰਾਂ ਹਨ, ਸਦੀਵੀ ਵਿਗਾਸ ਹੈ :

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥

(ਜਪੁਜੀ)

ਗੁਰਬਾਣੀ ਰਾਹੀਂ ਹੀ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ; ਚਿੰਤਾ, ਝੋਰੇ, ਦੁਖ, ਸੰਤਾਪ ਅਤੇ ਪਾਪਾਂ ਤੋਂ ਨਿਜਾਤ (ਮੁਕਤੀ) ਮਿਲਦੀ ਹੈ। ਪ੍ਰਭੂ ਨਾਮ ਦਾ ਸਦਾ ਅੰਦਰ ਵਾਸਾ ਹੋ ਜਾਂਦਾ ਹੈ :

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥

(ਬਿਲਾਵਲੁ ਮਹਲਾ ੩, ਪੰਨਾ 797)

ਜਿਹੜਾ ਸਿੱਖ ਭਾਵਨਾ ਵਿਚ ਜੀਵੇਗਾ, ਉਸ ਅੰਦਰ ਗੁਰਮਤਿ ਦਾ ਵਾਸਾ ਅਵੱਸ਼ ਹੋਵੇਗਾ। ਉਹ ਗੁਰਬਾਣੀ ਗਾ ਗਾ ਕੇ ਆਪਣੇ ਜੀਵਨ ਨੂੰ ਸਫਲ ਕਰ ਦੇਵੇਗਾ। ਰੋਜ਼ਾਨਾ ਸਤਿਸੰਗ ਵਿਚ ਪਹੁੰਚ ਕੇ ਆਪਣੇ ਮੂਲ ਅਕਾਲ ਪੁਰਖ ਨਾਲ ਜੁੜਨਾ ਰੱਬੀ ਬਖ਼ਸ਼ਿਸ਼ ਦੀ ਨਿਸ਼ਾਨੀ ਹੈ :

ਗੁਰਬਾਣੀ ਗਾਵਹ ਭਾਈ ॥
ਓਹ ਸਫਲ ਸਦਾ ਸੁਖਦਾਈ ॥

(ਸੋਰਠਿ ਮਹਲਾ ੪, ਪੰਨਾ 628)

ਸਾ ਰਸਨਾ ਧਨੁ ਧੰਨੁ ਹੈ

ਜ਼ਬਾਨ ਮਨੁੱਖ ਦੇ ਪਾਸ ਪਰਮਾਤਮਾ ਦਾ ਬਖ਼ਸ਼ਿਸ਼ ਕੀਤਾ ਹੋਇਆ ਬਹੁਤ ਕੀਮਤੀ ਇੰਦਰਾ ਹੈ। ਦਿਲ ਦੇ ਖ਼ਿਆਲਾਂ, ਭਾਵਾਂ ਨੂੰ ਬੋਲ ਕੇ ਦੂਜਿਆਂ ਤਕ ਪਹੁੰਚਾਉਣਾ ਹੋਵੇ ਤਾਂ ਸਿਰਫ਼ ਜ਼ਬਾਨ ਹੀ ਕੰਮ ਆਉਂਦੀ ਹੈ। ਅੱਖਰਾਂ ਦਾ ਉਚਾਰਨ ਜ਼ਬਾਨ ਨਾਲ ਹੀ ਹੋ ਸਕਦਾ ਹੈ। ਪ੍ਰਭੂ ਵੱਲੋਂ ਬੋਲਣ ਦੀ ਕਲਾ ਮਨੁੱਖ ਨੂੰ ਹੀ ਮਿਲੀ ਹੈ। ਬਾਕੀ ਜੀਵ-ਜੰਤ ਤੇ ਪਸ਼ੂਆਂ ਪਾਸ ਆਵਾਜ਼ ਤਾਂ ਹੈ, ਪਰ ਸ਼ਬਦ ਨਹੀਂ। ਭਾਈ ਗੁਰਦਾਸ ਜੀ ਨੇ ਤੁਲਨਾਤਮਿਕ ਵੀਚਾਰ ਜਗਤ-ਸੇਧ ਲਈ ਦਰਸਾਈ ਹੈ :

ਪਸੂਆ ਮਨੁਖ ਦੇਹ ਅੰਤਰਿ ਅੰਤਰੁ ਇਹੈ, ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ ॥
ਪਸੁ ਹਰਿਆਉ ਕਹਿਓ ਸੁਨਿਓ ਅਨਸੁਨਿਓ ਕਰੈ, ਮਾਨਸ ਜਨਮ ਉਪਦੇਸ ਰਿਦੈ ਟੇਕ ਹੈ ॥
ਪਸੂਆ ਸਬਦ-ਹੀਨ ਜਿਹਬਾ ਨ ਬੋਲਿ ਸਕੈ, ਮਾਨਸ ਜਨਮ ਬੋਲੈ ਬਚਨ ਅਨੇਕ ਹੈ ॥
ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ, ਨਾਤਰੁ ਅਚੇਤ ਪਸੁ ਪ੍ਰੇਤ ਹੂੰ ਮੈ ਏਕ ਹੈ ॥੨੦੦॥

(ਕਬਿੱਤ ਸਵੱਯੇ)

ਜਿਥੇ ਹੋਰ ਵੀ ਪਸ਼ੂ ਤੇ ਮਨੁੱਖ ਵਿਚ ਅੰਤਰ ਹਨ, ਉਥੇ ਇਕ ਇਹ ਵੀ ਫ਼ਰਕ ਹੈ ਕਿ ਪਸ਼ੂ ਬੋਲ ਨਹੀਂ ਸਕਦੇ। ਕੁਝ ਮਨੁੱਖ ਵੀ ਇਸ ਦਾਤ ਤੋਂ ਵਾਂਝੇ ਹਨ। ਜ਼ਬਾਨ ਤਾਂ ਹੈ, ਪਰ ਸ਼ਬਦ ਨਹੀਂ। ਗੂੰਗੇ ਹਨ। ਭਗਤ ਕਬੀਰ ਜੀ ਕਹਿੰਦੇ ਹਨ ਕਿ ਐ ਮਨੁੱਖ! ਹੁਣ ਤੂੰ ਪਰਮਾਤਮਾ ਦੀਆਂ ਵਡਿਆਈਆਂ ਵਿਸਾਰ ਕੇ ਹੋਰ ਕਾਰਜਾਂ ਵਿਚ ਮਸਤ ਹੋਇਆ ਫਿਰਦਾ ਏਂ। ਜਦ ਪਸ਼ੂ ਜੂਨ ਅੰਦਰ ਪ੍ਰਵੇਸ਼ ਹੋ ਗਿਆ, ਫਿਰ ਤੇਰੇ ਕੋਲ ਪ੍ਰਭੂ-ਗੁਣ ਗਾਏ ਹੀ ਨਹੀਂ ਜਾਣੇ :

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥

(ਰਾਗੁ ਗੂਜਰੀ ਕਬੀਰ ਜੀ, ਪੰਨਾ 524)

ਮਨੁੱਖ ਦੇ ਪਾਸ ਜੋ ਪੰਜ ਗਿਆਨ-ਇੰਦਰੇ ਹਨ, ਉਨ੍ਹਾਂ ਵਿੱਚੋਂ ਜ਼ਬਾਨ ਦਾ ਆਪਣਾ ਖ਼ਾਸ ਮਹੱਤਵ ਹੈ। ਜ਼ਬਾਨ ਦੇ ਦੋ ਕਰਮ ਹਨ—ਬੋਲਣਾ ਤੇ ਰਸਾਂ ਦਾ ਗਿਆਨ ਦੇਣਾ। ਰਸਾਂ ਦਾ ਗਿਆਨ ਕਰਵਾਉਣ ਕਰਕੇ ਇਸ ਦਾ ਇਕ ਹੋਰ ਨਾਂ ਰਸਨਾ ਵੀ ਹੈ :

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥

(ਫੁਨਹੇ ਮਹਲਾ ੫, ਪੰਨਾ 1362)

ਮਨੁੱਖ ਅਕਸਰ ਆਪਣੇ ਬੋਲਾਂ ਰਾਹੀਂ ਹੀ ਪਹਿਚਾਣਿਆ ਜਾਂਦਾ ਹੈ। ਮਨੁੱਖੀ

ਮਨ ਦੀ ਗੰਠੜੀ ਬੋਲਾਂ ਰਾਹੀਂ ਹੀ ਖੁੱਲ੍ਹਦੀ ਹੈ। ਇਸੇ ਲਈ ਸਿਆਣਿਆਂ ਕਿਹਾ ਹੈ ਕਿ ਪਹਿਲਾਂ ਤੋਲੋ ਫਿਰ ਬੋਲੋ। ਤੀਰ ਕਮਾਨ 'ਚੋਂ, ਬੋਲ ਜ਼ਬਾਨ 'ਚੋਂ ਨਿਕਲੇ ਮੁੜ ਵਾਪਸ ਨਹੀਂ ਆਉਂਦੇ :

ਬੋਲਤ ਹੀ ਪਹਿਚਾਨੀਏ ਸਾਧ ਅਸਾਧ ਕੋ ਬਾਟ।
ਅੰਤਰ ਕੀ ਕਰਨੀ ਸਭੈ ਨਿਕਸੇ ਮੁਖ ਕੀ ਬਾਟ।

ਚੰਗੇ ਬੋਲ ਮਨੁੱਖੀ ਪੱਧਰ 'ਤੇ ਸੰਬੰਧ ਮਜ਼ਬੂਤ ਕਰਦੇ ਹਨ। ਬੁਰੇ ਬੋਲ ਤਾਂ ਸੰਬੰਧਾਂ ਨੂੰ ਚੂਰ-ਚੂਰ ਕਰ ਦਿੰਦੇ ਹਨ। ਬੋਲਾਂ ਦਾ ਰੁੱਖਾਪਣ ਕਈ ਤਰ੍ਹਾਂ ਦੇ ਦੁੱਖਾਂ ਨੂੰ ਜਨਮ ਦਿੰਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

ਬੋਲਤ ਬੋਲਤ ਬਢਹਿ ਬਿਕਾਰਾ ॥ *(ਰਾਗੁ ਗੌਂਡ ਕਬੀਰ ਜੀ, ਪੰਨਾ 870)*

ਇਕ ਕਥਾ ਹੈ ਕਿ ਦਰੋਪਦੀ ਦੀ ਸੁੰਦਰ ਚਿੱਤਰਕਾਰੀ ਨੂੰ ਦੁਰਜੋਧਨ ਸਮਝ ਨਾ ਸਕਿਆ। ਉਸ ਨੇ ਬੜੀ ਮਿਹਨਤ ਕਰ ਕੇ ਆਪਣੇ ਮਹੱਲ ਦੇ ਵਿਹੜੇ ਵਿਚ ਪਾਣੀ ਉੱਤੇ ਰੰਗ ਬਖੇਰੇ ਸਨ। ਉਨ੍ਹਾਂ ਰੰਗਾਂ ਦਾ ਅਕਸ ਇਸ ਤਰ੍ਹਾਂ ਪੈ ਰਿਹਾ ਸੀ ਕਿ ਜਿਥੇ ਥਾਂ ਸੁੱਕਾ ਸੀ ਉਥੇ ਪਾਣੀ ਦਿਖਾਈ ਦਿੰਦਾ ਤੇ ਜਿਥੇ ਪਾਣੀ ਸੀ, ਉਥੇ ਸੁੱਕੀ ਜਗ੍ਹਾ ਦਿੱਸਦੀ।

ਦੁਰਜੋਧਨ ਨੇ ਪਾਂਡਵਾਂ ਦੇ ਮਹੱਲ ਅੰਦਰ ਜਿਉਂ ਹੀ ਪ੍ਰਵੇਸ਼ ਕੀਤਾ ਤਾਂ ਭੁਲੇਖਾ ਖਾ ਗਿਆ। ਸੁੱਕੀ ਜਗ੍ਹਾ ਤੋਂ ਧੋਤੀ ਉਪਰ ਕਰ ਲਈ ਤੇ ਪਾਣੀ ਵਾਲੇ ਥਾਂ ਤੋਂ ਧੋਤੀ ਨੀਵੀਂ ਕਰ ਲਈ। ਨਾਲ ਹੀ ਪਾਣੀ ਅੰਦਰ ਡਿੱਗ ਗਿਆ। ਸਾਰੀ ਚਿੱਤਰਕਾਰੀ ਖ਼ਰਾਬ ਹੋ ਗਈ। ਮਹੱਲ ਤੋਂ ਦਰੋਪਦੀ ਵੇਖ ਰਹੀ ਸੀ। ਅਚਾਨਕ ਉਸ ਦੇ ਮੂੰਹੋਂ ਨਿਕਲ ਗਿਆ ਕਿ ਅੰਧੇ ਕੇ ਅੰਧੇ ਰਹੇ। ਦੁਰਜੋਧਨ ਦੀ ਹਾਲਤ ਵੇਖ ਕੇ ਦਰੋਪਦੀ ਦੇ ਮੂੰਹੋਂ ਹਾਸਾ ਵੀ ਨਿਕਲ ਗਿਆ। ਇਹੋ ਬੋਲ ਤੇ ਮਜ਼ਾਕੀਆ ਹਾਸਾ ਦਰੋਪਦੀ ਲਈ ਦੁੱਖਾਂ ਦਾ ਪਹਾੜ ਬਣ ਗਿਆ।

ਮਨੁੱਖ ਦੇ ਸਿਰ ਉਪਰ ਜੋ ਪੱਗ ਹੈ, ਇਹ ਸਿਰ ਦਾ ਤਾਜ ਹੈ। ਮਨੁੱਖ ਦੀ ਇੱਜ਼ਤ ਦਾ ਚਿੰਨ੍ਹ ਹੈ। ਦੇਖਿਆ ਗਿਆ ਹੈ ਕਿ ਲੜਾਈ-ਝਗੜਿਆਂ ਸਮੇਂ ਮਨੁੱਖ ਜ਼ਬਾਨ ਨਾਲ ਮੈਲੇ ਬੋਲ ਬੋਲਦੇ ਹਨ। ਦੇਖਦਿਆਂ-ਦੇਖਦਿਆਂ ਸਿਰ ਦਾ ਤਾਜ ਇਕ ਦੂਜੇ ਦੇ ਪੈਰਾਂ ਥੱਲੇ ਰੋਲਿਆ ਜਾਂਦਾ ਹੈ। ਚੌਧਰਾਂ ਦੇ ਝਗੜੇ ਸਮੇਂ ਵੀ ਐਸਾ ਹੀ ਹੁੰਦਾ ਹੈ। ਪੱਗ ਵਿਚਾਰੀ ਤਾਂ ਸਦਾ ਹੀ ਜ਼ਬਾਨ ਨੂੰ ਤਾੜਨਾ ਕਰਦੀ ਹੈ :

ਅਰੀ ਜੀਭ ਪਗੀਆ ਕਹੇ, ਬੋਲ ਬੈਨ ਰਸ ਭੋਰ।
ਤੋਰ ਕੁਰਖ਼ਤੀ ਤਨਕ ਸੀ, ਕਰੇ ਕੁਬਖਤੀ ਮੋਰ।

ਐ ਜ਼ਬਾਨ! ਤੇਰੇ ਕੁਰੱਖ਼ਤ ਤੇ ਕਠੋਰ ਬੋਲਣ ਨਾਲ ਹੀ ਮੇਰਾ ਅਪਮਾਨ ਹੁੰਦਾ ਹੈ। ਜ਼ਰਾ ਸੰਭਲ ਕੇ ਬੋਲਿਆ ਕਰ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਆਸਾ ਦੀ ਵਾਰ ਅੰਦਰ ਰੱਬੀ ਦਰਗਾਹ ਦਾ ਫ਼ੈਸਲਾ ਦਰਸਾਇਆ ਹੈ ਕਿ ਜਿਥੇ ਜ਼ਬਾਨ ਦੀ ਗ਼ਲਤ ਵਰਤੋਂ ਕਰਨ ਵਾਲੇ ਮਨੁੱਖ ਦਾ ਆਪਣਾ ਹਿਰਦਾ ਮਿਠਾਸ ਤੋਂ ਸੱਖਣਾ ਹੁੰਦਾ ਹੈ, ਉਥੇ ਉਸ ਦਾ ਸਰੀਰ ਵੀ ਢਿੱਕਾ

ਭਾਵ ਨੇਕ ਕਰਨੀ ਤੋਂ ਖ਼ਾਲੀ ਹੁੰਦਾ ਹੈ। ਮਨ ਅੰਦਰ ਕਿਸੇ ਦਾ ਅਦਬ ਨਹੀਂ ਹੁੰਦਾ। ਪਰਮਾਤਮਾ ਦੀ ਦਰਗਾਹ ਅੰਦਰ ਉਸ ਨੂੰ ਸਨਮਾਨ ਕਿਥੇ ? ਜਿਹੜਾ ਦੂਜਿਆਂ ਨੂੰ ਬੁਰਾ ਬੋਲ ਕੇ ਸਤਾਣਾ ਚਾਹੇ, ਐਸੇ ਮਨੁੱਖ ਨੂੰ ਮੂਰਖ ਦਾ ਦਰਜਾ ਦਿੱਤਾ ਜਾਂਦਾ ਹੈ।

ਗੁਰੂ ਜੀ ਦਾ ਫ਼ੁਰਮਾਨ ਹੈ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥ *(ਸਲੋਕ ਮ: ੧, ਪੰਨਾ 473)*

ਜ਼ਬਾਨ ਨੂੰ ਵੈਸੇ ਵੀ ਪਰਮਾਤਮਾ ਨੇ ਬਹੁਤ ਕੋਮਲ ਬਣਾਇਆ ਹੈ। ਇਕ ਸ਼ਾਇਰ ਦੇ ਬੋਲ ਹਨ :

ਕੁਦਰਤ ਕੋ ਨਾ-ਪਸੰਦ ਹੈ ਸਖ਼ਤੀ ਜ਼ਬਾਨ ਮੇਂ।
ਇਸ ਲੀਏ ਨਹੀਂ ਰੱਖੀ ਹੱਡੀ ਜ਼ਬਾਨ ਮੇਂ।

ਜ਼ਿੰਦਗੀ ਅੰਦਰ ਅਨੇਕਾਂ ਔਖੇ ਤੋਂ ਔਖੇ ਕੰਮ ਮਨੁੱਖ ਅਦਬ ਭਰਿਆ ਤੇ ਮਿੱਠਾ ਬੋਲ ਕੇ ਪੂਰੇ ਕਰਵਾ ਸਕਦਾ ਹੈ, ਜਦ [illegible] ਤੇ ਸਖ਼ਤ ਬੋਲਣ ਵਾਲਾ ਸੁਖੈਨ ਕੰਮਾਂ ਨੂੰ ਮੁਸ਼ਕਿਲ ਬਣਾ ਲੈਂਦਾ ਹੈ।

ਇਕ ਪ੍ਰਚਲਿਤ ਵਾਰਤਾ ਹੈ—ਇਕ ਮੁਸਾਫ਼ਰ ਕਿਸੇ ਤੀਰਥ-ਯਾਤਰਾ ਲਈ ਤਿਆਰ ਹੋਇਆ। ਸਫ਼ਰ ਕਾਫ਼ੀ ਲੰਬਾ ਸੀ। ਉਸ ਨੇ ਕੁਝ ਸਾਮਾਨ ਦੇ ਨਾਲ-ਨਾਲ ਥੋੜੇ ਜਿਹੇ ਚੌਲ ਵੀ ਲੈ ਲਏ। ਰਸਤੇ ਵਿਚ ਉਸ ਨੂੰ ਭੁੱਖ ਲੱਗ ਗਈ। ਇਕ ਪਿੰਡ ਪਹੁੰਚ ਕੇ ਉਸ ਨੇ ਇਕ ਘਰ ਦਾ ਦਰਵਾਜ਼ਾ ਖੜਕਾਇਆ। ਅੰਦਰੋਂ ਇਕ ਬਜ਼ੁਰਗ ਔਰਤ ਨੇ ਦਰਵਾਜ਼ਾ ਖੋਲ੍ਹਿਆ। ਪੁੱਛਿਆ—ਪੁੱਤਰਾ! ਕੀ ਗੱਲ ਹੈ ? ਮੁਸਾਫ਼ਰ ਨੇ ਕਿਹਾ—ਮਾਂ! ਮੈਂ ਯਾਤਰਾ ਕਰਨ ਜਾ ਰਿਹਾ ਹਾਂ। ਮੈਨੂੰ ਭੁੱਖ ਲੱਗ ਗਈ ਹੈ। ਮੇਰੇ ਪਾਸ ਚੌਲ ਹਨ, ਇਨ੍ਹਾਂ ਦੀ ਖਿਚੜੀ ਬਣਾ ਦਿਉ। ਉਸ ਬੁੱਢੜੀ ਔਰਤ ਨੇ ਤਰਸ ਕਰ ਕੇ ਖਿਚੜੀ ਬਣਾਉਣੀ ਸ਼ੁਰੂ ਕਰ ਦਿੱਤੀ। ਤਾਂ ਉਸ ਤੀਰਥ-ਯਾਤਰੀ ਨੇ ਕਿਹਾ—ਮਾਤਾ! ਘਰ ਵਿਚ ਇਕੱਲੀ ਰਹਿੰਦੀ ਏਂ ਜਾਂ ਕੋਈ ਹੋਰ ਵੀ ਹੈ ? ਤਾਂ ਮਾਤਾ ਨੇ ਕਿਹਾ—ਸੁਖ ਨਾਲ ਹੋਰ ਵੀ ਜੀਅ ਹਨ। ਮੇਰਾ ਪੁੱਤਰ ਫ਼ੌਜ ਵਿਚ ਹੈ। ਮੇਰਾ ਪਤੀ ਬਾਹਰ ਖੇਤਾਂ ਵੱਲ ਗਿਆ ਹੈ। ਫਿਰ ਯਾਤਰੀ ਕਹਿਣ ਲੱਗਾ—ਮਾਂ, ਤੇਰੀ ਆਹ ਮੱਝ ਬੜੀ ਮੋਟੀ ਹੈ, ਪਰ ਦਰਵਾਜ਼ਾ ਬੜਾ ਛੋਟਾ ਆ। ਜੇਕਰ ਮੱਝ ਮਰ ਗਈ ਤਾਂ ਬਾਹਰ ਕਿਵੇਂ ਨਿਕਲੇਗੀ ? ਉਸ ਯਾਤਰੀ ਦੀ ਜ਼ਬਾਨੋਂ ਨਿਕਲੇ ਸੜੇ ਬੋਲ ਮਾਤਾ ਨੂੰ ਦੁਖੀ ਕਰ ਗਏ। ਉਸ ਨੇ ਅੱਧ ਕੱਚੀ ਪੱਕੀ ਖਿਚੜੀ ਉਸ ਦੀ ਝੋਲੀ ਵਿਚ ਪਾ ਕੇ ਧੱਕੇ ਮਾਰ ਕੇ ਘਰੋਂ ਕੱਢ ਦਿੱਤਾ। ਆਖਿਆ—ਤੇਰੇ ਵਰਗੇ ਸੜੇ ਮੂੰਹ ਵਾਲੇ ਵਾਸਤੇ ਮੈਂ ਕਾਹਨੂੰ ਦਰਵਾਜ਼ਾ ਖੋਲ੍ਹ ਦਿੱਤਾ।

ਕਹਿੰਦੇ, ਉਹ ਯਾਤਰੀ ਦੌੜਿਆ ਜਾ ਰਿਹਾ ਸੀ। ਖਿਚੜੀ ਦਾ ਤੱਤਾ-ਤੱਤਾ ਪਾਣੀ ਝੋਲੀ ਵਿੱਚੋਂ ਚੋਅ ਕੇ ਉਸ ਦੇ ਪੈਰ ਸਾੜ ਰਿਹਾ ਸੀ। ਕਿਸੇ ਨੇ ਪੁੱਛਿਆ—ਭਾਈ!

ਤੇਰੀ ਝੋਲੀ ਵਿੱਚੋਂ ਕੀ ਚੋਅ ਰਿਹਾ ਏ ? ਆਖਣ ਲੱਗਾ—ਮੇਰੀ ਜ਼ਬਾਨ ਦਾ ਰਸ ਚੋਅ ਰਿਹਾ ਏ ਭਰਾਵਾ!

ਅਜਿਹੇ ਮਨੁੱਖ ਖ਼ੁਦ ਬੁਰਾ ਬੋਲਣ ਕਰਕੇ ਮੁਸੀਬਤ ਸਹੇੜ ਲੈਂਦੇ ਹਨ। ਭਾਈ ਗੁਰਦਾਸ ਜੀ ਨੇ ਬੋਲਣ ਦੇ ਸਬੰਧ 'ਚ ਬੜਾ ਸੁੰਦਰ ਲਿਖਿਆ ਹੈ :

ਮਧੁਰ ਬਚਨ ਸਮਸਰਿ ਨ ਪੁਜਸਿ ਮਧੁ, ਕਰਕ ਸਬਦ ਸਰਿ ਬਿਖੁ ਨ ਬਿਖਮ ਹੈ ॥
ਮਧੁਰ ਬਚਨ ਸੀਤਲਤਾ ਮਿਸਟਾਨ ਪਾਨ, ਕਰਕ ਸਬਦ ਸ-ਤਪਤ ਕਟੁ ਕਮ ਹੈ ॥
ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ, ਕਰਕ ਸਬਦ ਅਸੰਤੋਖ ਦੋਖ ਸ੍ਰਮ ਹੈ ॥
ਮਧੁਰ ਬਚਨ ਲਗਿ ਅਗਮ ਸੁਗਮ ਹੋਇ, ਕਰਕ ਸਬਦ ਲਗਿ ਸੁਗਮ ਅਗਮ ਹੈ ॥੨੫੬॥
(ਕਬਿੱਤ ਸਵੱਯੇ)

ਮਿੱਠੇ ਬੋਲਾਂ ਦੀ ਬਰਾਬਰਤਾ ਸ਼ਹਿਦ ਵੀ ਨਹੀਂ ਕਰ ਸਕਦਾ; ਪਰ ਕੌੜੇ ਬੋਲ ਜ਼ਹਿਰ ਤੋਂ ਵੀ ਭਿਆਨਕ ਹਨ। ਮਿੱਠੇ ਬੋਲ ਸੀਤਲ ਹੁੰਦੇ ਹਨ ਮਿੱਠੇ ਪਦਾਰਥ ਛਕਣ ਵਾਂਗ, ਪਰ ਕੌੜੇ ਬੋਲ ਸਾੜਨ ਵਾਲੇ ਹਨ। ਇਕ ਗਿਆਨ ਭਰਪੂਰ ਇਤਿਹਾਸਕ ਗਾਥਾ ਹੈ। ਭਾਈ ਕੀਰਤੀਆ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚੌਰ-ਬਰਦਾਰ ਸੇਵਕ ਸੀ। ਸਤਿਗੁਰੂ ਜੀ ਨੂੰ ਚੌਰ ਕਰਿਆ ਕਰਦਾ ਸੀ। ਅਨੰਦਪੁਰ ਸਾਹਿਬ ਵਿਖੇ ਇਕ ਕਲੰਦਰ ਰਿੱਛ ਲੈ ਕੇ ਆ ਗਿਆ। ਉਸ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਮੈਂ ਰਿੱਛ ਨਚਾਉਣ ਵਾਲਾ ਕਲੰਦਰ ਹਾਂ। ਕੁਝ ਸਮਾਂ ਪਹਿਲਾਂ ਮੈਂ ਜੰਗਲ ਵਿੱਚੋਂ ਇਕ ਰਿੱਛ ਫੜਿਆ ਸੀ। ਬੜੀ ਮਿਹਨਤ ਕਰ ਕੇ ਉਸ ਨੂੰ ਨੱਚਣ ਦੀ ਕਲਾ ਸਿਖਾਈ ਹੈ। ਮੈਂ ਚਾਹੁੰਦਾ ਹਾਂ ਕਿ ਰਿੱਛ ਦਾ ਤਮਾਸ਼ਾ ਆਪ ਜੀ ਦੇ ਸਿੱਖਾਂ ਨੂੰ ਦਿਖਾਵਾਂ, ਆਪ ਜੀ ਦੀ ਅਸੀਸ ਲਵਾਂ। ਇਹ ਮੇਰੇ ਪਰਿਵਾਰ ਦੇ ਰੋਜ਼ਗਾਰ ਦਾ ਵਸੀਲਾ ਹੈ। ਫਿਰ ਪਿੰਡਾਂ ਵਿਚ ਜਾਵਾਂਗਾ।

ਸਾਹਿਬੇ-ਕਮਾਲ ਸਤਿਗੁਰੂ ਜੀ ਨੇ ਕਲੰਦਰ ਨੂੰ ਆਗਿਆ ਦੇ ਦਿੱਤੀ। ਉਸ ਨੇ ਰਿੱਛ ਦੇ ਤਮਾਸ਼ੇ ਸ਼ੁਰੂ ਕਰਵਾਏ। ਸਿੱਖ ਰਿੱਛ ਦੇ ਨਾਚ ਤਮਾਸ਼ੇ ਵੇਖ-ਵੇਖ ਹੱਸ ਰਹੇ ਸਨ। ਸਤਿਗੁਰੂ ਜੀ ਦਾ ਚੌਰ-ਬਰਦਾਰ ਸੇਵਕ ਭਾਈ ਕੀਰਤੀਆ ਵੀ ਬਹੁਤ ਹੱਸਿਆ। ਦੂਹਰਾ ਹੋ ਹੋ ਕੇ ਹੱਸੇ। ਅਚਾਨਕ ਸਤਿਗੁਰੂ ਜੀ ਨੇ ਇਕ ਬਚਨ ਪੁੱਛਿਆ ਕਿ ਭਾਈ ਕੀਰਤੀਆ! ਤੁਸੀਂ ਦੱਸ ਸਕਦੇ ਹੋ ਕਿ ਇਹ ਰਿੱਛ ਕੌਣ ਹੈ ? ਤਾਂ ਭਾਈ ਕੀਰਤੀਆ ਹੱਥ ਜੋੜ ਕੇ ਨਿਮਰਤਾ ਸਹਿਤ ਕਹਿਣ ਲੱਗਾ—ਜੀ ਮਹਾਰਾਜ! ਮੈਂ ਅਲਪੱਗ ਜੀਵ ਇਸ ਰਿੱਛ ਬਾਰੇ ਕੀ ਦੱਸ ਸਕਦਾ ਹਾਂ। ਤੁਸੀਂ ਹੀ ਇਸ ਬਾਰੇ ਜਾਣਦੇ ਹੋ। ਅਸੀਂ ਜੀਵ ਤਾਂ ਇਸ ਨੂੰ ਇਕ ਜਾਨਵਰ ਹੀ ਸਮਝਦੇ ਹਾਂ।

ਤਾਂ ਪਾਤਸ਼ਾਹ ਜੀ ਗੰਭੀਰ ਹੋ ਗਏ। ਸਾਰੇ ਖ਼ਾਮੋਸ਼ੀ ਛਾ ਗਈ। ਭਾਈ ਕੀਰਤੀਆ ਜੀ ਨੇ ਬੇਨਤੀ ਕੀਤੀ—ਮਹਾਰਾਜ ਜੀ! ਤੁਸੀਂ ਕ੍ਰਿਪਾ ਕਰ ਕੇ ਇਸ ਬਾਰੇ ਦੱਸੋ! ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ—ਭਾਈ ਕੀਰਤੀਆ! ਇਸ ਰਿੱਛ ਦੇ ਅੰਦਰ ਤੇਰੇ ਪਿਤਾ ਸ਼ੋਭਾ ਰਾਮ ਦੀ ਆਤਮਾ ਹੈ। ਇਹ ਸੁਣ ਕੇ ਭਾਈ ਕੀਰਤੀਆ ਨਰਾਜ਼ ਹੋ ਗਿਆ। ਆਖਿਆ—ਸੱਚੇ ਪਾਤਸ਼ਾਹ! ਮੇਰੇ ਪਿਤਾ ਤਾਂ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਅੰਦਰ ਪ੍ਰਸ਼ਾਦ ਵਰਤਾਉਣ ਦੀ ਸੇਵਾ ਕਰਦੇ ਸਨ। ਇਹ ਕਿਵੇਂ ਹੋ ਸਕਦਾ ਹੈ ਕਿ ਉਹ ਰਿੱਛ ਜੂਨੀ ਅੰਦਰ ਫਿਰ ਰਹੇ ਹਨ।

ਤਾਂ ਸਤਿਗੁਰੂ ਜੀ ਨੇ ਨਿਸ਼ਾ ਕਰਵਾਉਂਦਿਆਂ ਸੋਝੀ ਬਖ਼ਸ਼ੀ ਕਿ ਠੀਕ ਤੁਹਾਡੇ ਪਿਤਾ ਸ਼ੋਭਾ ਰਾਮ ਜੀ ਗੁਰੂ ਦਰਬਾਰ ਅੰਦਰ ਪ੍ਰਸ਼ਾਦ ਵਰਤਾਉਣ ਦੀ ਸੇਵਾ ਕਰਿਆ ਕਰਦੇ ਸਨ, ਪਰ ਇਕ ਦਿਨ ਉਸ ਨੇ ਗੁਰੂ ਦੇ ਪਿਆਰੇ ਸਿੱਖ ਨੂੰ ਬੜੇ ਫਿੱਕੇ ਤੇ ਕਠੋਰ ਬਚਨ ਬੋਲੇ ਸਨ। ਉਹ ਸਿੱਖ ਸੜਕ 'ਤੇ ਆਪਣਾ ਗੱਡਾ ਖਲਾਰ ਕੇ ਗੁਰੂ ਦਰਬਾਰ ਅੰਦਰ ਮੱਥਾ ਟੇਕਣ ਆਇਆ ਤੇ ਪਹਿਲਾਂ ਪ੍ਰਸ਼ਾਦ ਦੀ ਮੰਗ ਕੀਤੀ, ਕਿਉਂਕਿ ਉਸ ਦਾ ਖ਼ਿਆਲ ਸੀ ਕਿ ਮੇਰੇ ਬਲਦ ਕਿਸੇ ਹੋਰ ਪਾਸੇ ਨਾ ਚਲੇ ਜਾਣ। ਭਾਈ ਸ਼ੋਭਾ ਰਾਮ ਨੇ ਝਿੜਕ ਦੇ ਕੇ ਕਿਹਾ—ਬੈਠ ਜਾਹ! ਐਵੇਂ ਕਾਹਲੀ ਕਰੀ ਜਾਨਾਂ ਏਂ। ਵਾਰੀ ਨਾਲ ਤੈਨੂੰ ਪ੍ਰਸ਼ਾਦ ਮਿਲੇਗਾ; ਐਵੇਂ ਰਿੱਛ ਵਾਂਗ ਭੁੜਕਦਾ ਪਿਆ ਏਂ। ਉਹ ਸਿੱਖ ਬੋਲ ਬਚਨ ਦਾ ਪੂਰਾ ਸੀ। ਉਸ ਨੇ ਉਥੇ ਥੱਲੇ ਡਿੱਗਾ ਕਿਣਕਾ ਪ੍ਰਸ਼ਾਦ ਚੁੱਕ ਕੇ ਮੂੰਹ ਅੰਦਰ ਪਾ ਲਿਆ ਤੇ ਕਿਹਾ—ਰਿੱਛ ਮੈਂ ਕਿਉਂ ਬਣਾਂਗਾ; ਰਿੱਛ ਤਾਂ ਤੂੰ ਬਣੇਂਗਾ, ਜੋ ਮਿੱਠਾ ਪ੍ਰਸ਼ਾਦ ਵਰਤਾਉਂਦਿਆਂ ਕੌੜਾ ਬੋਲਦਾ ਏਂ। ਇਸ ਲਈ ਤੇਰੇ ਪਿਤਾ ਜੀ ਨੇ ਰਿੱਛ ਜੂਨ ਪਾਈ ਹੈ। ਭਾਈ ਕੀਰਤੀਆ ਜੀ ਨੇ ਭੁੱਲ ਦੀ ਮੁਆਫ਼ੀ ਗੁਰੂ ਜੀ ਪਾਸੋਂ ਮੰਗੀ ਅਤੇ ਰਿੱਛ ਦੇ ਉੱਧਾਰ ਦੀ ਬੇਨਤੀ ਕੀਤੀ। ਸਤਿਗੁਰੂ ਜੀ ਨੇ ਕਲੰਦਰ ਨੂੰ ਰਿੱਛ ਦੀ ਕੀਮਤ ਦੇ ਕੇ ਉਸ ਨੂੰ ਖ਼ਰੀਦ ਲਿਆ ਅਤੇ ਰਿੱਛ ਜੂਨੀ 'ਚੋਂ ਛੁਡਵਾ ਕੇ ਸ਼ੋਭਾ ਰਾਮ ਦਾ ਕਲਿਆਣ ਕੀਤਾ।

ਮਹਾਨ ਰਮਜ਼ ਭਰਪੂਰ ਕਥਾ ਹੈ। ਗੁਰੂ ਪਾਸੋਂ ਸਿੱਖ ਨੇ ਬੋਲਣ ਦੀ ਵੀ ਜਾਚ ਸਿੱਖਣੀ ਹੈ। ਸੇਵਾ ਤਦ ਹੀ ਪ੍ਰਵਾਨ ਹੁੰਦੀ ਹੈ, ਜੇਕਰ ਹਿਰਦੇ ਅੰਦਰ ਵੀ ਅਦਬ ਹੋਵੇ। ਸਿੱਖ; ਸਿੱਖ ਅੰਦਰ ਗੁਰੂ ਦਾ ਸਰੂਪ ਦੇਖ ਕੇ ਸਤਿਕਾਰ ਕਰੇ :

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥

(ਗਉੜੀ ਕੀ ਵਾਰ ਮਹਲਾ ੪, ਪੰਨਾ 314)

ਅਦਬ ਸਤਿਕਾਰ ਭਰੇ ਬੋਲ ਰਸਨਾ ਨਾਲ ਬੋਲਣ ਦੇ ਨਾਲ-ਨਾਲ ਮਨੁੱਖ ਨਾਮ ਦਾ ਰਸ ਵੀ ਲਵੇ। ਮਨੁੱਖ ਦੀ ਜ਼ਬਾਨ ਅਨੇਕਾਂ ਰਸਾਂ ਅੰਦਰ ਲੁਭਾਇਮਾਨ ਹੈ। ਜੇਕਰ ਨਾਮ ਰਸ ਦੀ ਮਹਾਨਤਾ ਮਨੁੱਖ ਨੂੰ ਸਮਝ ਪੈ ਜਾਵੇ ਤਾਂ ਤੁੱਛ ਰਸਾਂ ਤੋਂ ਸੁਰਤ ਉਪਰ ਉਠਦੀ ਹੈ। ਜ਼ਬਾਨ ਜਪ ਕਰਕੇ ਤ੍ਰਿਪਤ ਹੁੰਦੀ ਹੈ।

ਗੁਰਵਾਕ ਹੈ :

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥

(ਰਾਮਕਲੀ ਮਃ ੩ ਅਨੰਦੁ, ਪੰਨਾ 921)

ਜਿਵੇਂ ਕਪੜਿਆਂ ਉਪਰ ਲੱਗੀ ਮੈਲ ਕਪੜਿਆਂ ਨੂੰ ਗੰਦਾ ਕਰ ਦਿੰਦੀ ਹੈ, ਇਸੇ ਤਰ੍ਹਾਂ ਫਿੱਕਾ ਬੋਲਣਾ, ਮਿਥਿਆ ਬੋਲਣਾ, ਕੌੜਾ ਬੋਲਣਾ, ਕਠੋਰ ਬੋਲਣਾ ਆਦਿ ਜ਼ਬਾਨ

ਨੂੰ ਮਲੀਨ ਕਰ ਦਿੰਦੇ ਹਨ। ਕਪੜਿਆਂ ਦੀ ਮੈਲ ਸਾਬਣ ਦੇ ਸਹਾਰੇ ਉਤਰਦੀ ਹੈ। ਜ਼ਬਾਨ ਦੀ ਮੈਲ ਨਾਮ ਜਪਣ ਨਾਲ ਹੀ ਧੁੱਪਦੀ ਹੈ।

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥

(ਬਿਲਾਵਲ ਮਹਲਾ ੫, ਪੰਨਾ 811)

ਗੁਰਮਤਿ ਅਨੁਸਾਰ ਨਾਮ ਜਪਣ ਦਾ ਸ੍ਰੇਸ਼ਟ ਕਰਮ ਜ਼ਬਾਨ ਤੋਂ ਹੀ ਸ਼ੁਰੂ ਹੁੰਦਾ ਹੈ :

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥

(ਰਾਗੁ ਗੂਜਰੀ ਵਾਰ ਮਃ ੫, ਪੰਨਾ 517)

ਧੰਨ ਨੇ ਉਹ ਗੁਰਮੁਖ ਜਿਨ੍ਹਾਂ ਦੀ ਰਸਨਾ ਨਾਮ ਦੀ ਪਿਆਸੀ ਰਹਿੰਦੀ ਹੈ। ਦਰਅਸਲ ਜ਼ਬਾਨ ਜਦ ਜਪ ਕਰਦੀ ਹੈ ਤਾਂ ਪਰਮਾਤਮਾ ਦਾ ਵਾਸਾ ਉਸ ਜ਼ਬਾਨ ਉਪਰ ਹੋ ਜਾਂਦਾ ਹੈ। ਉਸ ਮੁੱਖ ਵਿੱਚੋਂ ਕਹੇ ਬੋਲ ਵਿਅਰਥ ਨਹੀਂ ਜਾਂਦੇ :

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ *(ਗਉੜੀ ਸੁਖਮਨੀ ਮਹਲਾ ੫, ਪੰਨਾ 263)*

ਕਿਰਤ ਦੇ ਨਾਲ-ਨਾਲ ਕੀਰਤੀ ਦਾ ਲਾਹਾ ਲੈਣ ਵਾਲੇ ਦਾ ਜੀਵਨ ਵਡਭਾਗਾ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਕੀਰਤੀ ਗਾਉਣ ਵਾਲੀ ਰਸਨਾ ਨੂੰ ਵਡਿਆਇਆ ਹੈ :

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥

(ਬਿਹਾਗੜਾ ਮਹਲਾ ੪, ਪੰਨਾ 540)

ਐਸੀ ਰਸਨਾ ਦਾ ਹੋਣਾ ਸਫਲ ਹੈ, ਸਕਾਰਥਾ ਹੈ।

ਚਾਕਰ ਤੇ ਗ਼ੁਲਾਮ

ਮਨੁੱਖ ਆਪਣੇ ਸਮੱਗਰ ਜੀਵਨ ਦਾ ਗੁਜ਼ਾਰਾ ਚਲਾਉਣ ਲਈ ਕਈ ਤਰ੍ਹਾਂ ਦੇ ਕਾਰੋਬਾਰ, ਧੰਦੇ ਕਰਦਾ ਹੈ। ਉਨ੍ਹਾਂ ਵਿੱਚੋਂ ਇਕ ਹੈ ਚਾਕਰੀ। ਨੀਯਤ ਸਮੇਂ ਅਨੁਸਾਰ ਨੌਕਰੀ-ਚਾਕਰੀ ਕਰਨ ਵਾਲੇ ਨੂੰ ਤਲਬ ਮਿਲਦੀ ਹੈ। ਕੋਈ ਚਾਕਰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਮਾਲਕ ਵੱਲੋਂ ਦਿੱਤੀ ਡਿਊਟੀ ਜਾਂ ਫ਼ਰਜ਼ ਨੂੰ ਨਿਭਾਉਂਦਾ ਹੈ ਤਾਂ ਮਾਲਕ ਵੱਲੋਂ ਉਸ ਨੂੰ ਹੋਰ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ।

ਇਕ ਗਾਥਾ ਹੈ। ਇਕ ਰਾਜਾ ਆਪਣੇ ਵਜ਼ੀਰ ਨੂੰ ਕਹਿ ਰਿਹਾ ਸੀ ਕਿ ਮੇਰੇ ਨੌਕਰਾਂ ਵਿੱਚੋਂ ਕੁਝ ਥੋੜੇ ਹੀ ਵਫ਼ਾਦਾਰ ਤੇ ਈਮਾਨ ਵਾਲੇ ਹਨ ਅਤੇ ਕੁਝ ਕੰਮ ਤੋਂ ਜੀਅ ਚੁਰਾਉਣ ਵਾਲੇ ਹਨ। ਕੰਮ ਪ੍ਰਤੀ ਸਮਰਪਿਤ ਚਾਕਰਾਂ ਦੀ ਤਨਖ਼ਾਹ ਵਧਾ ਦਿੱਤੀ ਜਾਵੇ, ਪਰ ਜਿਹੜੇ ਚਾਕਰ ਆਪਣੇ ਜ਼ਿੰਮੇ ਲੱਗੇ ਕੰਮ ਤੋਂ ਆਨਾ-ਕਾਨੀ ਕਰਨ ਵਾਲੇ ਹਨ, ਉਨ੍ਹਾਂ ਦੀ ਤਲਬ ਘਟਾ ਦਿੱਤੀ ਜਾਵੇ। ਕਹਿੰਦੇ ਹਨ ਕਿ ਐਸਾ ਹੀ ਹੋਇਆ। ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ :

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥
ਖਸਮੈ ਕਚੇ ਫ਼ਾਬਰੀ ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥
ਜਿਸ ਦਾ ਤਿਸ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥

(ਵਾਰ ਆਸਾ, ਪਉੜੀ, ਪੰਨਾ 474)

ਜਿਹੜੇ ਚਾਕਰ ਆਪਣੇ ਖ਼ਸਮ (ਮਾਲਕ) ਦੀ ਭਾਵਨਾ ਅਨੁਸਾਰ ਚਾਕਰੀ ਕਰਦੇ ਹਨ, ਉਨ੍ਹਾਂ ਨੂੰ ਇੱਜ਼ਤ ਵੀ ਬਹੁਤ ਮਿਲਦੀ ਹੈ ਅਤੇ ਤਨਖ਼ਾਹ ਵੀ ਦੂਣੀ ਪ੍ਰਾਪਤ ਹੋਣ ਲੱਗਦੀ ਹੈ, ਪਰ ਜੋ ਆਪਣੇ ਮਾਲਕ ਦੀ ਪਰਵਾਹ ਕੀਤੇ ਬਗ਼ੈਰ ਉਸ ਦੇ ਬਰਾਬਰ ਬੈਠਣ ਦੀ ਕੋਸ਼ਿਸ਼ ਕਰਨ ਤਾਂ ਫਿਰ ਉਨ੍ਹਾਂ ਦਾ ਕੋਈ ਸਨਮਾਨ ਵੀ ਨਹੀਂ ਰਹਿੰਦਾ ਤੇ ਕਰੜੀ ਸਜ਼ਾ ਦਾ ਭਾਗੀ ਬਣਨਾ ਪੈਂਦਾ ਹੈ। ਤਨਖ਼ਾਹ ਵੀ ਖ਼ਤਮ ਹੋ ਜਾਂਦੀ ਹੈ। ਚਾਕਰੀ ਤੋਂ ਜੁਆਬ ਮਿਲ ਜਾਂਦਾ ਹੈ। ਜਿਸ ਦਾ ਖਾਈਏ, ਉਸ ਨੂੰ ਧੰਨ ਧੰਨ ਆਖੀਏ। ਮਾਲਕ ਅੱਗੇ ਅਰਦਾਸ ਹੀ ਸੁਨਣੀ ਬਣਦੀ ਹੈ।

ਦਰਅਸਲ ਚਾਕਰ ਦੋ ਕਿਸਮ ਦੇ ਹੁੰਦੇ ਹਨ। ਇਕ ਉਹ ਜੋ ਆਪਣੇ ਮਾਲਕ ਦਾ ਹਰ ਹੁਕਮ ਮੰਨਦੇ ਹਨ, ਦੂਜੇ ਉਹ ਜੋ ਹੁਕਮ ਟਾਲਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ।

ਗੁਰੂ ਅੰਗਦ ਦੇਵ ਜੀ ਦਾ ਬਚਨ ਹੈ ਕਿ ਮਾਲਕ ਦੇ ਸਨਮੁਖ ਬੋਲ-ਕਲਾਮੀ ਕਰਨ ਵਾਲੇ ਮਨੁੱਖ ਨੂੰ ਕਦੇ ਵੀ ਸਨਮਾਨ ਨਸੀਬ ਨਹੀਂ ਹੁੰਦਾ। ਮਾਲਕ ਦੀ ਪ੍ਰਸੰਨਤਾ ਤੋਂ ਉਹ ਖ਼ਾਲੀ ਹੀ ਰਹਿ ਜਾਂਦਾ ਹੈ :

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ *(ਮਹਲਾ ੨, ਪੰਨਾ 474)*

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਰਹਿ ਕੇ ਪਠਾਣ ਪੈਂਦੇ ਖ਼ਾਂ ਨੂੰ ਸਤਿਗੁਰੂ ਜੀ ਦੀ ਅਨੇਕਾਂ ਵਾਰ ਪ੍ਰਸੰਨਤਾ ਮਿਲੀ। ਦੁਸ਼ਟਾਂ ਨਾਲ ਹੋਈ ਪਹਿਲੀ ਲੜਾਈ ਅੰਦਰ ਪਠਾਣ ਪੈਂਦੇ ਖ਼ਾਂ ਨੇ ਆਪਣੀ ਸੂਰਮਗਤੀ ਦੇ ਅਨੇਕਾਂ ਜੌਹਰ ਵਿਖਾਏ। ਨਾਲ ਹੀ ਨਾਲ ਹੰਕਾਰ ਆ ਗਿਆ ਕਿ ਇਹ ਜਿੱਤ ਤਾਂ ਮੇਰੇ ਕਰਕੇ ਹੋਈ ਹੈ। ਜੇ ਮੈਂ ਨਾ ਹੁੰਦਾ ਤਾਂ ਗੁਰੂ ਜੀ ਦੀ ਜਿੱਤ ਕਿਥੇ ? ਸਤਿਗੁਰੂ ਜੀ ਨੇ ਉਸ ਨੂੰ ਚਾਕਰੀ ਤੋਂ ਹਟਾ ਦਿੱਤਾ। ਦੋ ਹੋਰ ਲੜਾਈਆਂ ਹੋਈਆਂ। ਜਿੱਤ ਨੇ ਸਤਿਗੁਰੂ ਜੀ ਦੇ ਪਾਵਨ ਚਰਨ ਚੁੰਮੇ। ਚੌਥੇ ਯੁੱਧ ਅੰਦਰ ਪਠਾਣ ਪੈਂਦੇ ਖ਼ਾਂ ਸਤਿਗੁਰੂ ਜੀ ਦਾ ਵਿਰੋਧੀ ਬਣ ਕੇ ਆ ਗਿਆ। ਸਰੀਰਕ ਬਲ ਦੇ ਹੰਕਾਰ ਕਰਕੇ ਉਸ ਨੇ ਗੁਰੂ ਜੀ ਨੂੰ ਵੰਗਾਰਿਆ। ਆਖ਼ਰ ਗੁਰੂ ਜੀ ਦੇ ਸਾਹਮਣੇ ਟਿਕ ਨਾ ਸਕਿਆ। ਢਾਲ ਦੇ ਇਕ ਵਾਰ ਨਾਲ ਹੀ ਪੈਂਦੇ ਖ਼ਾਂ ਦੇ ਪੈਰ ਜ਼ਮੀਨ ਤੋਂ ਥਿੜਕ ਗਏ। ਫਿਰ ਸਤਿਗੁਰੂ ਜੀ ਦੀ ਸ੍ਰੀ ਸਾਹਿਬ ਦੇ ਵਾਰ ਹੋਣ ਨਾਲ ਹੀ ਮੂੰਹੋਂ 'ਹਾਇ ਮਾਂ' ਬੋਲ ਨਿਕਲਿਆ। ਸਤਿਗੁਰੂ ਜੀ ਨੇ ਮੈਦਾਨੇ-ਜੰਗ ਅੰਦਰ ਹੀ ਗਿਆਨ ਦਿੱਤਾ ਕਿ ਹੁਣ 'ਅੱਲਾਹ ਕਹੋ ਅੱਲਾਹ'!

ਅਹੰਕਾਰ ਨੇ ਸਨਮਾਨ ਗਵਾਇਆ, ਚਾਕਰੀ ਖੁੱਸੀ, ਜੀਵਨ ਵੀ ਮਿਟ ਗਿਆ।

ਇਕ ਅਧਿਆਤਮਕ ਵਿਸ਼ਵਾਸ ਹੈ ਕਿ ਸੰਸਾਰੀ ਮਾਲਕ ਦੀ ਸਾਰੀ ਉਮਰ ਕੋਈ ਚਾਕਰੀ ਕਰਦਾ ਰਹੇ, ਜਨਮ ਮਰਨ ਦੇ ਬੰਧਨਾਂ ਤੋਂ ਆਪਣੇ ਚਾਕਰ ਨੂੰ ਮਾਲਕ ਨਹੀਂ ਬਚਾਅ ਸਕਦਾ। ਬੇਸ਼ੱਕ ਕੋਈ ਆਪਣੇ ਮਾਲਕ ਦੀ ਖ਼ਾਤਰ ਵਫ਼ਾਦਾਰੀ ਨਿਭਾਉਂਦਿਆਂ ਜਾਨ ਤਕ ਵਾਰ ਦੇਵੇ। ਇਕ ਚਾਕਰੀ ਗੁਰੂ ਜੀ ਦੀ ਹੈ, ਜਿਥੇ ਮਨ-ਬਚਨ-ਕਰਮ ਦੁਆਰਾ ਗੁਰੂ ਨੂੰ ਆਪਾ ਭੇਟ ਕਰਨਾ ਹੈ। ਗੁਰੂ-ਗਿਆਨ ਦੁਆਰਾ ਹਉਮੈ ਦੀ ਮੈਲ ਧੋ ਕੇ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨੀ ਹੈ :

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ *(ਗਉੜੀ ਸੁਖਮਨੀ ਮ: ੫, ਪੰਨਾ 286)*

ਭਾਈ ਗੁਰਦਾਸ ਜੀ ਨੇ ਮਨਮਤੀਏ ਮਨੁੱਖ ਦੀ ਵਾਰਤਾ ਲਿਖੀ ਹੈ, ਜਿਹੜਾ ਸੱਚੇ ਸਤਿਗੁਰੂ ਜੀ ਨੂੰ ਦਿਲੋਂ ਸਤਿਕਾਰ ਨਹੀਂ ਦਿੰਦਾ। ਸਤਿਗੁਰੂ ਜੀ ਨਾਲ ਪਿਆਰ ਦੀ ਸਾਂਝ ਨਹੀਂ ਬਣਾਉਂਦਾ, ਪਰ ਬਿਨਸਨਹਾਰ ਸੰਸਾਰੀ ਮਾਲਕ ਵਾਸਤੇ ਹਰ ਦੁਖ ਝੱਲ ਵੀ ਲੈਂਦਾ ਹੈ ਤੇ ਉਸ ਵਾਸਤੇ ਜਾਨ ਵੀ ਕੁਰਬਾਨ ਕਰ ਜਾਂਦਾ ਹੈ। ਸੰਸਾਰੀ ਮਾਲਕ ਉਸ ਚਾਕਰ ਨੂੰ ਮੈਡਲ ਦੇ ਸਕਦਾ ਹੈ। ਉਸ ਦੇ ਪਰਿਵਾਰ ਨੂੰ ਸਹੂਲਤਾਂ ਦੇ ਸਕਦਾ ਹੈ, ਪਰ ਚਾਕਰ ਨੂੰ ਜੋਨੀਆਂ ਅੰਦਰ ਜਨਮ-ਮਰਨ ਤੋਂ ਨਹੀਂ ਬਚਾ ਸਕਦਾ :

ਸਤਿਗੁਰ ਸਾਹਿਬੁ ਛਡਿਕੈ ਮਨਮੁਖੁ ਹੋਇ ਬੰਦੇ ਦਾ ਬੰਦਾ ॥
ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮੁ ਕਰੰਦਾ ॥

ਅਠਿ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ ॥
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ ॥
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ ॥
ਆਤਸ ਬਾਜੀ ਸਾਰੁ ਵੇਖਿ ਰਣ ਵਿਚਿ ਘਾਇਲ ਹੋਇ ਮਰੰਦਾ ॥
ਗੁਰ ਪੂਰੇ ਵਿਣੁ ਜੂਨਿ ਭਵੰਦਾ ॥ *(ਵਾਰ 15, ਪਉੜੀ 4)*

ਪਰਮ ਗਿਆਨ ਤਾਂ ਇਹੀ ਹੈ ਕਿ ਨਾਲ-ਨਾਲ ਪੂਰੇ ਸੱਚੇ ਸਤਿਗੁਰੂ ਜੀ ਨਾਲ ਪ੍ਰੀਤ ਦੀ ਰੀਂਢ ਪਾਈ ਜਾਵੇ ਤਾਂ ਕਿ ਜੀਵਨ ਦਾ ਉੱਧਾਰ ਵੀ ਹੋ ਸਕੇ :

ਐਸਾ ਗਿਆਨੁ ਜਪਹੁ ਮਨ ਮੇਰੇ ॥
ਹੋਵਹੁ ਚਾਕਰ ਸਾਚੇ ਕੇਰੇ ॥ *(ਸੂਹੀ ਮਹਲਾ ੧, ਪੰਨਾ 728)*

ਬੇਸ਼ੱਕ ਗੁਰੂ ਚਾਕਰੀ ਬੜੀ ਉਚੇਰੀ ਅਵਸਥਾ ਹੈ, ਪਰ ਇਤਿਹਾਸ ਅੰਦਰ ਇਸ ਬੁਲੰਦੀ ਤੋਂ ਕਈ ਤਿਲਕਦੇ ਵੀ ਨਜ਼ਰ ਆਏ ਹਨ।

ਸ੍ਰੀ ਅਨੰਦਪੁਰ ਸਾਹਿਬ ਅੰਦਰ ਦੁਨੀਚੰਦ ਹਾਥੀ ਨਾਲ ਲੜਨ ਤੋਂ ਇਨਕਾਰੀ ਹੋ ਗਿਆ। ਰਾਤੋ ਰਾਤ ਭੱਜ ਆਇਆ। ਆਪ ਟੁੱਟਾ, ਕਈ ਹੋਰਨਾਂ ਨੂੰ ਵੀ ਗੁਰੂ ਜੀ ਨਾਲੋਂ ਤੋੜਿਆ। ਬੇਮੁਖਤਾ ਦਾ ਭਾਗੀ ਬਣਿਆ।

ਇਸੇ ਤਰ੍ਹਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗਾਂ ਯੁੱਧਾਂ ਉਪਰੰਤ ਮਾਲਵੇ ਦੀ ਧਰਤੀ ਨੂੰ ਭਾਗ ਲਾ ਰਹੇ ਸਨ ਤਾਂ ਬੈਰਾੜ ਸਿੱਖਾਂ ਦੇ ਕੁਝ ਸੂਰਮਿਆਂ ਨੇ ਪਾਤਸ਼ਾਹ ਜੀ ਦੇ ਘੋੜੇ ਦੀਆਂ ਵਾਗਾਂ ਫੜ ਕੇ ਰੋਕ ਲਿਆ ਸੀ ਕਿ ਮਹਾਰਾਜ ! ਪਹਿਲਾਂ ਸਾਡੀਆਂ ਤਨਖ਼ਾਹਾਂ ਦਿਉ ਫਿਰ ਅੱਗੇ ਜਾਣ ਦੇਵਾਂਗੇ, ਨਹੀਂ ਤੇ ਇਥੇ ਹੀ ਰੋਕੀ ਰੱਖਾਂਗੇ।

ਇੰਨੇ ਚਿਰ ਨੂੰ ਇਕ ਸਿੱਖ ਦਸਵੰਧ ਦੀ ਭੇਟਾ ਖੱਚਰ 'ਤੇ ਲੱਦ ਕੇ ਸਤਿਗੁਰੂ ਜੀ ਨੂੰ ਲੱਭਦਾ ਹੋਇਆ ਉਸ ਅਸਥਾਨ 'ਤੇ ਆਣ ਪਹੁੰਚਾ। ਗੁਰੂ ਜੀ ਦੇ ਦਰਸ਼ਨ ਕਰ ਕੇ ਆਨੰਦ ਮਾਣਿਆ। ਸਾਹਿਬ ਜੀ ਨੇ ਉਸ ਸਿੱਖ ਨੂੰ ਖ਼ੁਸ਼ੀਆਂ ਬਖ਼ਸ਼ੀਆਂ। ਫਿਰ ਸਤਿਗੁਰੂ ਜੀ ਨੇ ਢਾਲਾਂ ਭਰ-ਭਰ ਕੇ ਬੈਰਾੜ ਸੂਰਮਿਆਂ ਨੂੰ ਤਲਬਾਂ ਦਿੱਤੀਆਂ। ਇਨ੍ਹਾਂ ਵਿੱਚੋਂ ਜਦ ਭਾਈ ਦਾਨ ਨੂੰ ਤਲਬ ਲਈ ਬਚਨ ਹੋਇਆ ਤਾਂ ਉਸ ਨੇ ਸਿੱਖੀ ਦਾਨ ਦੀ ਜਾਚਨਾ ਕੀਤੀ। ਪਾਤਸ਼ਾਹ ਜੀ ਨੇ ਤਰੁੱਠ ਕੇ ਉਸ ਨੂੰ ਅੰਮ੍ਰਿਤ ਦਾਤ ਰਾਹੀਂ ਸਿੱਖੀ ਦਾਨ ਬਖ਼ਸ਼ਿਆ। ਦਾਨ ਸਿੰਘ ਬਣਾਇਆ। ਮੁੱਖੋਂ ਬਚਨ ਫ਼ੁਰਮਾਏ ਕਿ ਮਾਝੇ ਅੰਦਰ ਭਾਈ ਮਹਾਂ ਸਿੰਘ ਨੇ ਸਿੱਖੀ ਦੀ ਜੜ੍ਹ ਰੱਖ ਲਈ, ਮਾਲਵੇ ਅੰਦਰ ਭਾਈ ਦਾਨ ਸਿੰਘ ਤੁਸਾਂ ਸਿੱਖੀ ਬਚਾ ਲਈ। ਪਰਮ ਪ੍ਰਸੰਨਤਾ ਭਾਈ ਦਾਨ ਸਿੰਘ ਦੇ ਹਿੱਸੇ ਆਈ।

ਚਾਕਰ ਅਕਸਰ ਸੁਆਰਥ ਵੱਸ ਚਾਕਰੀ ਕਰਦਾ ਹੈ। ਇਸ ਅਵਸਥਾ ਅੰਦਰ ਡੋਲ ਜਾਣ ਦਾ ਹਮੇਸ਼ਾ ਖ਼ਤਰਾ ਹੀ ਖ਼ਤਰਾ ਹੈ। ਇਸ ਤੋਂ ਉਪਰ ਇਕ ਅਵਸਥਾ ਹੈ—ਗ਼ੁਲਾਮ, ਬੈਖ਼ਰੀਦ, ਵਿਕਿਆ, ਜ਼ਰ-ਖ਼ਰੀਦ।

ਗ਼ੁਲਾਮ ਜੋ ਸ੍ਵੈ-ਇੱਛਾ ਅਨੁਸਾਰ ਮਾਲਕ ਨੂੰ ਸਮਰਪਿਤ ਹੁੰਦਾ ਹੈ। ਉਸ ਦਾ ਤਨ ਮਨ ਭਾਵਨਾਵਾਂ ਮਾਲਕ ਨੂੰ ਹੀ ਭੇਟ ਹੁੰਦੀਆਂ ਹਨ। ਹੀਲ-ਹੁਜਤ, ਟਾਲ ਮਟੋਲ, ਨਾਂਹ-ਨੁੱਕਰ, ਜਵਾਬ ਤਲਬੀ ਨਾਂ ਦੀ ਚੀਜ਼ ਗ਼ੁਲਾਮ ਦੇ ਖ਼ੂਨ ਅੰਦਰ ਨਹੀਂ ਹੁੰਦੀ। ਰਜ਼ਾ 'ਚ ਰਾਜ਼ੀ, ਹਰ ਵਕਤ ਆਪਣੇ ਮਾਲਕ ਦੀ ਪ੍ਰਸੰਨਤਾ ਅੰਦਰ ਰਹਿੰਦਾ ਹੈ :

ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥
(ਗਉੜੀ ਕਬੀਰ ਜੀ, ਪੰਨਾ 338)

ਤਥਾ :

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥
(ਮਾਰੂ ਮਹਲਾ ੫, ਪੰਨਾ 1000)

ਤਥਾ :

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥
(ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧, ਪੰਨਾ 525)

ਦਰਅਸਲ ਇਸ ਅਵਸਥਾ ਅੰਦਰ ਮਾਲਕ ਪੂਰਨ ਪ੍ਰਸੰਨ ਹੋਇਆ ਹੁੰਦਾ ਹੈ। ਚਾਕਰ ਤੇ ਮਾਲਕ ਦਾ ਫ਼ਰਕ ਵੀ ਮਿਟ ਜਾਂਦਾ ਹੈ। ਸ਼ੇਖ਼ ਸਾਅਦੀ ਨੇ ਇਕ ਪਿਆਰੀ ਕਥਾ ਦਾ ਵਰਣਨ ਕੀਤਾ ਹੈ :

ਇਕ ਨਵਾਬ ਨੇ ਬਜ਼ਾਰ ਵਿੱਚੋਂ ਇਕ ਗ਼ੁਲਾਮ ਖ਼ਰੀਦ ਕੇ ਘਰ ਲਿਆਂਦਾ। ਉਸ ਨੂੰ ਨਵਾਬ ਨੇ ਪੁੱਛਿਆ ਕਿ ਐ ਗ਼ੁਲਾਮ ! ਮੈਨੂੰ ਦੱਸ ਕੀ ਖਾਵੇਂਗਾ। ਗ਼ੁਲਾਮ ਨੇ ਬੜੀ ਅਧੀਨਗੀ ਤੇ ਹਲੀਮੀ ਨਾਲ ਕਿਹਾ ਕਿ ਜੋ ਖੁਆਓਗੇ, ਖਾਵਾਂਗਾ। ਜਦ ਵਿਕ ਹੀ ਗਏ ਤਾਂ ਖ਼ਾਹਿਸ਼ਾਂ ਦਾ ਕੀ ਮਤਲਬ। ਫਿਰ ਨਵਾਬ ਨੇ ਕਿਹਾ ਕਿ ਕਿਹੋ ਜਿਹਾ ਬਸਤਰ ਪਹਿਨਣਾ ਪਸੰਦ ਕਰੋਗੇ ? ਗ਼ੁਲਾਮ ਨੇ ਉੱਤਰ ਦਿੱਤਾ—ਪਸੰਦ ਕਾਹਦੀ, ਜੋ ਪਹਿਨਾਉਗੇ ਪਹਿਨ ਲਵਾਂਗਾ। ਗ਼ੁਲਾਮ ਦੀ ਪੂਰਨ ਸਮਰਪਣ-ਬਿਰਤੀ ਦੇਖ ਕੇ ਨਵਾਬ ਉਸ ਦੇ ਪੈਰੀਂ ਪੈ ਗਿਆ। ਆਖਿਆ—ਜਿਹੜਾ ਭੇਦ ਨਮਾਜ਼ ਪੜ੍ਹ-ਪੜ੍ਹ ਕੇ ਸਮਝ ਨਹੀਂ ਆਇਆ, ਉਹ ਭੇਦ ਅੱਜ ਤੇਰੇ ਪਾਸੋਂ ਪ੍ਰਾਪਤ ਹੋ ਗਿਆ ਕਿ ਜਦ ਖ਼ੁਦਾ ਅੱਗੇ ਆਪਣੇ ਆਪ ਨੂੰ ਭੇਟ ਕਰ ਦੇਈਏ ਤਾਂ ਹੀ ਉਸ ਦੀ ਪਰਮ ਕ੍ਰਿਪਾਲਤਾ ਮਿਲਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਪਿਆਰੇ ਪਰਮਾਤਮਾ ਦਾ ਜ਼ਰ-ਖ਼ਰੀਦ ਹੀ ਕਿਹਾ ਹੈ :

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ *(ਮਾਰੂ ਮਹਲਾ ੧, ਪੰਨਾ 991)*

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਵੀ ਐਸਾ ਹੀ ਫ਼ੁਰਮਾਨ ਹੈ :

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥
(ਆਸਾ ਘਰੁ ੮ ਕਾਫੀ ਮਹਲਾ ੫, ਪੰਨਾ 396)

ਗਹਿਣੇ ਧਰੀ ਵਸਤ ਚਾਕਰੀ ਵਰਗੀ ਹੈ। ਵਾਪਸ ਲਈ ਜਾ ਸਕਦੀ ਹੈ। ਦਾਅਵਾ ਬਰਕਰਾਰ ਰਹਿੰਦਾ ਹੈ, ਪਰ ਬੈਖ਼ਰੀਦ ਉੱਤੇ ਤਾਂ ਕੋਈ ਅਧਿਕਾਰ, ਦਾਅਵਾ

ਨਹੀਂ ਹੁੰਦਾ। ਇਸ ਅਵਸਥਾ ਅੰਦਰ ਸਤਿਗੁਰੂ ਜੀ ਦੀਆਂ ਮਿਹਰਾਂ ਦੀ ਹਮੇਸ਼ਾ ਵਰਖਾ ਹੁੰਦੀ ਰਹਿੰਦੀ ਹੈ। ਇਸੇ ਅਵਸਥਾ ਅੰਦਰ ਟਿਕਿਆਂ ਦੇ ਸਿਦਕ ਸਿਰਾਂ ਨਾਲ ਨਿਭਦੇ ਹਨ। ਸਿੱਖੀ ਕੇਸਾਂ ਸਵਾਸਾਂ ਸੰਗ ਫਲਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੇ ਪਿਆਰ ਤੋਂ ਵਿਕੇ ਹੋਏ ਸਿਰਮੌਰ ਸ਼ਾਇਰ ਭਾਈ ਨੰਦ ਲਾਲ ਜੀ ਆਪਣੇ ਆਪ ਨੂੰ ਗੁਰੂ ਜੀ ਦਾ ਗ਼ੁਲਾਮ ਮੰਨਦੇ ਹਨ :

ਲਾਲ ਸਗਿ ਗ਼ੁਲਾਮਿ ਗੁਰੁ ਗੋਬਿੰਦ ਸਿੰਘ।
ਦਾਗ਼ਦਾਰਿ ਨਾਮ ਗੁਰੁ ਗੋਬਿੰਦ ਸਿੰਘ।
ਕਮਤਰੀਂ ਜ਼ਿ ਸਗਾਨਿ ਗੁਰੁ ਗੋਬਿੰਦ ਸਿੰਘ।
ਰੇਜ਼ਾ ਚੀਨਿ ਖ਼ਾਨਿ ਗੁਰੁ ਗੋਬਿੰਦ ਸਿੰਘ। *(ਤੌਸੀਫ਼ੇ ਸਨਾ)*

ਸ਼ਰਧਾ ਤੇ ਅਸ਼ਰਧਾ

ਧਰਮ ਦੀ ਮੂਲ ਬੁਨਿਆਦ ਸ਼ਰਧਾ ਤੇ ਵਿਸ਼ਵਾਸ ਹੈ। ਸ਼ਰਧਾ ਦੇ ਅੱਖਰੀ ਅਰਥ ਵੇਖੀਏ ਤਾਂ ਪਿਆਰ, ਭਰੋਸਾ, ਯਕੀਨ ਹੀ ਬਣਦੇ ਹਨ। ਸ਼ਰਧਾ ਦਾ ਸਬੰਧ ਹਿਰਦੇ ਨਾਲ ਹੈ, ਤਰਕ ਦਾ ਸਬੰਧ ਦਿਮਾਗ਼ ਨਾਲ ਹੈ। ਕੋਈ ਮਨੁੱਖ ਬੇਸ਼ੱਕ ਗੁਣ, ਗਿਆਨ, ਸਰੂਪ, ਕੁਲ, ਦੌਲਤ ਕਰਕੇ ਦੁਨੀਆ ਅੰਦਰ ਬਹੁਤ ਨਾਮਣਾ ਖੱਟ ਰਿਹਾ ਹੋਵੇ, ਜੇਕਰ ਉਸ ਦੇ ਹਿਰਦੇ ਅੰਦਰ ਸਿਰਜਣਹਾਰ ਪ੍ਰਭੂ ਪ੍ਰਤਿ ਕੋਈ ਪ੍ਰੀਤ-ਪ੍ਰਤੀਤ ਨਹੀਂ ਤਾਂ ਉਹ ਮਨੁੱਖ ਮੁਰਦਿਆਂ ਸਮਾਨ ਹੀ ਮੰਨਿਆ ਗਿਆ ਹੈ।

ਗੁਰਵਾਕ ਹੈ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 253)

ਜਿਵੇਂ ਸਬਜ਼ੀ ਅੰਦਰ ਨਮਕ ਨਾ ਹੋਵੇ ਤਾਂ ਉਹ ਬੇਸੁਆਦੀ ਹੀ ਹੁੰਦੀ ਹੈ, ਤਿਵੇਂ ਜਿਸ ਪ੍ਰਾਣੀ ਦੇ ਅੰਦਰ ਪਰਮਾਤਮਾ ਦੀ ਸ਼ਰਧਾ ਨਹੀਂ, ਉਸ ਦੀ ਜ਼ਿੰਦਗੀ ਵੀ ਫਿੱਕੀ ਹੀ ਦਿਖਾਈ ਦਿੰਦੀ ਹੈ। ਗੁਰੂ ਪਰਮਾਤਮਾ ਦੀ ਸ਼ਰਧਾ ਤੇ ਨਾਮ ਦੀ ਪਿਆਸ ਵੱਡੇ ਭਾਗਾਂ ਦੀ ਲਖਾਇਕ ਹੈ :

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥

(ਰਾਗੁ ਗੂਜਰੀ ਮਹਲਾ ੪, ਪੰਨਾ 10)

ਰੱਬੀ ਭੱਟ ਗਯੰਦ ਜੀ ਕਹਿੰਦੇ ਹਨ ਕਿ ਜਿਸ ਹਿਰਦੇ ਨੇ ਗੁਰੂ ਜੀ ਦੇ ਵਿਸ਼ਵਾਸ ਨੂੰ ਕਬੂਲ ਲਿਆ, ਉਸ ਵਡਭਾਗੇ ਗੁਰਮੁਖ ਨੂੰ ਅਧਿਆਤਮਿਕਤਾ ਦੀ ਸਿਖਰਤਾ ਪ੍ਰਾਪਤ ਹੁੰਦੀ ਹੈ :

ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥

(ਸਵਈਏ ਮਹਲੇ ਚਉਥੇ ਕੇ, ਪੰਨਾ 1402)

ਇੰਜ ਸ਼ਰਧਾ ਉਹ ਪੌੜੀ ਹੈ, ਜਿਸ ਦੇ ਸਹਾਰੇ ਪਰਮਾਤਮਾ ਤਕ ਪਹੁੰਚੀਦਾ ਹੈ। ਐਸਾ ਵੀ ਦੇਖਣ ਵਿਚ ਆਇਆ ਕਿ ਗੁਰੂ-ਸ਼ਬਦ ਦਾ ਭਰੋਸਾ ਰੱਖਣ ਵਾਲਿਆਂ ਦੇ ਦੁੱਖਾਂ ਦਾ ਨਾਸ਼ ਹੋਇਆ ਹੈ। ਉਨ੍ਹਾਂ ਨੂੰ ਸ਼ਰਧਾ ਕਰਕੇ ਅਰੋਗਤਾ ਦੀ ਦਾਤ ਨਸੀਬ ਹੋਈ।

ਵਿਸ਼ਵ ਸਿੱਖ ਪ੍ਰਚਾਰਕ ਸੰਸਥਾ, ਸ੍ਰੀ ਅੰਮ੍ਰਿਤਸਰ ਵੱਲੋਂ ਗੁਰਮਤਿ ਪ੍ਰਚਾਰ ਹਿੱਤ

ਫ਼ਰਵਰੀ 2004 ਈ. ਵਿਚ ਗੁਜਰਾਤ ਦੇ ਸ਼ਹਿਰਾਂ ਵਿਚ ਪ੍ਰੋਗਰਾਮ ਸ਼ੁਰੂ ਕੀਤੇ ਗਏ। ਇਸ ਸਮੇਂ ਇਸ ਸੰਸਥਾ ਦੇ ਮੁਖੀ ਸਤਿਕਾਰਯੋਗ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਪ੍ਰਚਾਰਕ ਜਥੇ ਦੀ ਅਗਵਾਈ ਕਰ ਰਹੇ ਸਨ। ਇਹ ਪ੍ਰਚਾਰਕ-ਕਾਫ਼ਲਾ ਗਾਂਧੀ ਧਾਮ, ਜਾਮ ਨਗਰ, ਨਡਿਆਲ, ਰਾਜਕੋਟ, ਭਾਵ ਨਗਰ ਤੇ ਅਹਿਮਦਾਬਾਦ, ਇਕ ਤੋਂ ਬਾਅਦ ਦੂਜੇ ਸ਼ਹਿਰ ਗੁਰਮਤਿ ਸਮਾਗਮ ਕਰ ਕੇ ਪਹੁੰਚੇ। ਇਸੇ ਸਮੇਂ ਦੌਰਾਨ ਇਕ ਸਿੰਧੀ ਸ਼ਰਧਾਲੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰੰਮੀ ਮਿਹਰ ਦਾ ਕ੍ਰਿਸ਼ਮਾ ਸੰਗਤਾਂ ਨੂੰ ਥਾਂ-ਪੁਰ-ਥਾਂ ਸੁਣਾਇਆ।

ਇਸ ਸਿੰਧੀ ਸ਼ਰਧਾਲੂ ਦਾ ਨਾਂ ਵਾਸੂਦੇਵ ਭਾਰਦਵਾਜ, ਸੋ ਸੂਰਤ ਸ਼ਹਿਰ ਦਾ ਰਹਿਣ ਵਾਲਾ ਹੈ। ਸਾਰਾ ਪਰਿਵਾਰ ਡਾਕਟਰੀ ਪੇਸ਼ੇ ਵਾਲਾ। ਵਾਸੂਦੇਵ ਆਪ ਖ਼ੁਦ ਵਿਗਿਆਨੀ। ਅਮਰੀਕਾ ਦੀ ਪੁਲਾੜ ਖੋਜ ਸੰਸਥਾ 'ਨਾਸਾ' ਵਿਖੇ ਕੁਝ ਸਮਾਂ ਖੋਜ-ਕਾਰਜਾਂ ਵਿਚ ਹਿੱਸਾ ਲਿਆ। ਉਸ ਨੇ ਦੱਸਿਆ ਕਿ ਸਾਡਾ ਪਰਿਵਾਰ ਕਦੇ ਵੀ ਧਾਰਮਿਕ ਮੰਦਰਾਂ 'ਚ ਨਹੀਂ ਗਿਆ। ਸ਼ਰਧਾ ਹੀ ਨਹੀਂ ਸੀ।

ਅਚਾਨਕ ਵਾਸੂਦੇਵ ਨੂੰ ਬਲੱਡ ਕੈਂਸਰ ਦੇ ਰੋਗ ਨੇ ਘੇਰ ਲਿਆ। ਹਰ ਤਰ੍ਹਾਂ ਦੇ ਉੱਚ ਪੱਧਰੀ ਇਲਾਜ ਦੇ ਬਾਵਜੂਦ ਕੈਂਸਰ ਨਾ ਖ਼ਤਮ ਹੋਇਆ। ਆਖ਼ਰ ਡਾਕਟਰਾਂ ਨੇ ਉਨ੍ਹਾਂ ਦੀ ਸੁਪਤਨੀ ਨੂੰ ਕਿਹਾ—ਅਸੀਂ ਬੇਵੱਸ ਹੋ ਗਏ ਹਾਂ। ਇਨ੍ਹਾਂ ਪਾਸੋਂ ਤੁਸੀਂ ਜਾਇਦਾਦ ਦੇ ਸਬੰਧ ਵਿਚ ਜੋ ਕੁਝ ਲਿਖਵਾਉਣਾ ਹੈ, ਲਿਖਵਾ ਲਵੋ ਅਤੇ ਘਰ ਲਿਜਾ ਕੇ ਵਾਸੂਦੇਵ ਦੀ ਸੇਵਾ ਕਰੋ। ਪਰਿਵਾਰ ਚਿੰਤਤ ਹੋ ਗਿਆ। ਵਾਸੂਦੇਵ ਦਾ ਇਕ ਗੁਰਸਿੱਖ ਮਿੱਤਰ ਹੈ ਸ. ਕੇਸਰ ਸਿੰਘ। ਉਸ ਨੇ ਸਲਾਹ ਦਿੱਤੀ ਕਿ ਵਾਸੂਦੇਵ ਨੂੰ ਇਕ ਵਾਰ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਲੈ ਜਾਉ। ਮੇਰਾ ਐਸਾ ਵਿਸ਼ਵਾਸ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਅਵੱਸ਼ ਪ੍ਰਾਪਤ ਹੋਵੇਗੀ। ਵਾਸੂਦੇਵ ਦੇ ਪਰਿਵਾਰ ਨੇ ਸ. ਕੇਸਰ ਸਿੰਘ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਅੰਦਰ ਇਕ ਕਮਰੇ ਵਿਚ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਬੰਧ ਕਰਵਾ ਲਿਆ।

ਵਾਸੂਦੇਵ ਨੂੰ ਸਟਰੈਚਰ 'ਤੇ ਪਾ ਕੇ ਸੂਰਤ ਤੋਂ ਅੰਮ੍ਰਿਤਸਰ ਵਿਖੇ ਲਿਆਂਦਾ ਗਿਆ। ਘੰਟਾ ਘਰ ਵਿਖੇ ਸੇਵਾ ਨਿਭਾ ਰਹੇ ਪਹਿਰੇਦਾਰਾਂ ਨੇ ਰੋਕ ਲਿਆ ਕਿ ਸਟਰੈਚਰ 'ਤੇ ਪਾ ਕੇ ਮੁਰਦਾ ਇਧਰ ਨੂੰ ਕਿਉਂ ਲਿਆਏ ਹੋ ? ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਮਨੁੱਖ ਕੈਂਸਰ ਤੋਂ ਪੀੜਿਤ ਹੈ। ਇਸ ਦੀ ਦੇਹ ਅਰੋਗਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਾ ਹੈ ਤਾਂ ਸੇਵਾਦਾਰਾਂ ਨੇ ਅੱਗੇ ਜਾਣ ਦਿੱਤਾ। ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਇਆ। ਸ਼ਾਮ ਨੂੰ ਜਦ ਪਾਠ ਸੁਖਮਨੀ ਸਾਹਿਬ ਤਕ ਪਹੁੰਚਿਆ ਤਾਂ ਵਾਸੂਦੇਵ ਦੇ ਜੋ ਰੋਗ ਨਾਲ ਕੰਨ ਵੀ ਬੋਲ਼ੇ ਹੋ ਗਏ ਸਨ, ਉਸ ਨੂੰ ਇਕ ਕੰਨ ਤੋਂ ਬਾਣੀ ਦੇ ਜਾਪ ਦੀ ਆਵਾਜ਼ ਸੁਣਾਈ ਦਿੱਤੀ। ਇਸ ਨਾਲ ਵਾਸੂਦੇਵ ਦੀ ਪਤਨੀ ਦੇ ਚਿਹਰੇ 'ਤੇ ਗੁਰੂ ਪਿਆਰ ਦੀ ਝਲਕ ਪ੍ਰਗਟ ਹੋਈ। ਭਾਵੇਂ ਸਿੰਧੀ ਹੋਣ ਦੇ ਨਾਤੇ ਗੁਰਮੁਖੀ ਉਸ ਨੂੰ ਸਮਝ ਨਹੀਂ ਸੀ ਆਉਂਦੀ, ਪਰ ਵਾਸੂਦੇਵ ਨੂੰ ਕੋਈ ਅਕਹਿ ਰਸ ਮਿਲ ਰਿਹਾ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤਕ ਵਾਸੂਦੇਵ ਨੂੰ ਕੋਈ ਬਿਜਲੀ ਸਰੀਰ ਅੰਦਰ ਥਰਥਰਾਂਦੀ ਹੋਈ ਅਨੁਭਵ ਹੋਈ।

ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਅਰਦਾਸ ਰਾਹੀਂ ਸਤਿਗੁਰੂ ਜੀ ਦੀ ਬਖ਼ਸ਼ਿਸ਼ ਨੂੰ ਚਿਤਾਰਿਆ ਗਿਆ। ਜਿਸ ਮਨੁੱਖ ਨੂੰ ਸਟਰੈਚਰ 'ਤੇ ਪਾ ਕੇ ਲਿਆਂਦਾ ਗਿਆ ਸੀ, ਉਹੀ ਮਨੁੱਖ ਗੁਰੂ ਕ੍ਰਿਪਾ ਨਾਲ ਆਪ ਤੁਰ ਕੇ ਪਰਕਰਮਾ ਰਾਹੀਂ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਬਾਹਰ ਆਇਆ। ਵਾਪਸ ਸੂਰਤ ਪਹੁੰਚ ਕੇ ਡਾਕਟਰਾਂ ਨੇ ਖ਼ੂਨ ਦੇ ਸੈਂਪਲ ਲੈ ਕੇ ਲੈਬਾਰਟਰੀ ਵਿਚ ਚੈੱਕ ਕੀਤੇ ਤਾਂ ਡਾਕਟਰ ਹੈਰਾਨ ਰਹਿ ਗਏ। ਉਨ੍ਹਾਂ ਨੇ ਕਿਹਾ ਕਿ ਸਾਨੂੰ ਯਕੀਨ ਨਹੀਂ ਆ ਰਿਹਾ ਕਿ ਇਹ ਖ਼ੂਨ ਵਾਸੂਦੇਵ ਦਾ ਹੈ। ਕੈਂਸਰ ਗੁਰਬਾਣੀ ਦੇ ਪ੍ਰਤਾਪ ਦੁਆਰਾ ਖ਼ਤਮ ਹੋ ਗਿਆ ਸੀ। ਕਾਫ਼ੀ ਸਮਾਂ ਵਾਸੂਦੇਵ ਨੇ ਗੁਰੂ ਕਲਾ ਨੂੰ ਛੁਪਾ ਕੇ ਰੱਖਿਆ, ਪਰ ਸ. ਕੇਸਰ ਸਿੰਘ ਦੇ ਜ਼ੋਰ ਦੇਣ 'ਤੇ ਕਿ ਗੁਰੂ ਦੀਆਂ ਮਿਹਰਾਂ ਦਾ ਹੋਰਨਾਂ ਨੂੰ ਗਿਆਨ ਦਿਉ। ਥਾਂ-ਪੁਰ-ਥਾਂ ਮਨੁੱਖਾਂ ਨੂੰ ਦੱਸੋ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਮੀ ਖ਼ਜ਼ਾਨੇ ਦੀਆਂ ਬਰਕਤਾਂ ਨਾਲ ਹਰੇਕ ਦੁੱਖ ਦੂਰ ਹੋ ਜਾਂਦਾ ਹੈ। ਇਸ ਲਈ ਇਸ ਗੁਰੂ-ਕ੍ਰਿਸ਼ਮੇ ਨੂੰ ਉਨ੍ਹਾਂ ਸੰਗਤਾਂ ਤਕ ਪਹੁੰਚਾਉਣਾ ਸ਼ੁਰੂ ਕੀਤਾ। ਗੁਰੂ ਜੀ ਦਾ ਫ਼ੁਰਮਾਨ ਹੈ :

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਕਲਕੱਤੇ ਵਿਚ ਇਕ ਗੁਰਦੁਆਰਾ ਸਾਹਿਬ ਹੈ ਸੰਤ ਕੁਟੀਆ। ਇਹਨਾਮ ਇੰਜ ਦੱਸਦਾ ਹੈ ਜਿਵੇਂ ਇਥੇ ਬਹੁਤ ਵੱਡੇ ਸੰਤ ਨੇ ਤਪੱਸਿਆ ਕੀਤੀ ਹੋਵੇ ਪਰ ਐਸਾ ਨਹੀਂ। ਇਸ ਅਸਥਾਨ 'ਤੇ ਇਕ ਅਲਬੇਲਾ ਪੁਰਸ਼ ਰਹਿੰਦਾ ਸੀ। ਲੋਕ ਉਸ ਨੂੰ ਬਾਬਾ ਬਸੰਤ ਸਿੰਘ ਕਹਿੰਦੇ ਸਨ। ਉਸ ਦਾ ਸੁਭਾਅ ਸੀ ਕਿ ਜਿਤਨੀ ਕਮਾਈ ਕਰਨੀ, ਖਾ ਪੀ ਲੈਣੀ। ਇਸ ਸਥਾਨ 'ਤੇ ਆ ਕੇ ਰਹਿਣਾ ਸੌਣਾ। ਅੰਗਰੇਜ਼ ਸਿਪਾਹੀਆਂ ਨੇ ਕਈ ਵਾਰ ਉਸ ਨੂੰ ਫੜ ਕੇ ਥਾਣੇ ਅੰਦਰ ਬੰਦ ਕਰ ਦੇਣਾ। ਜਦ ਛੱਡਣਾ ਫਿਰ ਉਸ ਨੇ ਇਥੇ ਆ ਕੇ ਬੈਠਣਾ। ਅੰਤ ਉਸ ਦੇ ਸਿਦਕ ਨੂੰ ਵੇਖ ਕੇ ਅੰਗਰੇਜ਼ ਸਿਪਾਹੀਆਂ ਨੇ ਆਪਣਾ ਹੱਠ ਤਿਆਗ ਦਿੱਤਾ। ਬਾਬਾ ਬਸੰਤ ਸਿੰਘ ਨੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਸ ਅਸਥਾਨ 'ਤੇ ਗੁਰਦੁਆਰਾ ਸੰਤ ਕੁਟੀਆ ਬਣਾ ਲਿਆ।

ਇਸ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਗੁਰ-ਸ਼ਬਦ ਦੀ ਕਥਾ ਹੁੰਦੀ ਹੈ ਅਤੇ ਸ਼ਾਮ ਨੂੰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ। ਸੰਗਤਾਂ ਅੰਦਰ ਬਹੁਤ ਉਤਸ਼ਾਹ ਪ੍ਰੇਮ ਦੇਖਿਆ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਕਰਦਿਆਂ ਇਕ ਦਿਨ ਸ਼ਰਧਾ ਵਿਸ਼ਵਾਸ ਦਾ ਪ੍ਰਸੰਗ ਚੱਲਿਆ। ਕਥਾ ਦੀ ਸਮਾਪਤੀ ਤੋਂ ਬਾਦ ਇਕ ਗੁਰਸਿੱਖ ਮੈਨੂੰ ਕਹਿਣ ਲੱਗਾ—ਗਿਆਨੀ ਜੀ, ਮੈਨੂੰ ਇੰਜ ਜਾਪਦੈ ਜਿਵੇਂ ਅੱਜ ਦੀ ਕਥਾ ਸਾਡੇ ਵਲਵਲਿਆਂ ਦੀ ਵਿਆਖਿਆ ਹੋਵੇ। ਮੈਂ ਕਿਹਾ—ਮੈਨੂੰ ਵਿਸਥਾਰ ਨਾਲ ਦੱਸੋ। ਆਖਣ ਲੱਗੇ—ਸ਼ਾਮ ਨੂੰ ਥੰਮ੍ਹ ਲਾਗੇ ਬੈਠੀ ਇਕ ਬੀਬੀ ਰੋਜ਼ਾਨਾ ਕਥਾ ਸੁਣ ਕੇ ਜਾਂਦੀ ਹੈ, ਉਹ ਮੇਰੀ ਸੁਪਤਨੀ ਹੈ। ਉਸ ਨੂੰ ਕੈਂਸਰ ਹੋ ਗਿਆ ਸੀ। ਅਸੀਂ ਸਮਰੱਥਾ ਤੋਂ ਵੱਧ ਇਲਾਜ ਕਰਵਾਇਆ, ਪਰ ਡਾਕਟਰਾਂ ਨੇ ਸਾਨੂੰ ਨਿਰਾਸ ਕੀਤਾ ਤੇ ਕਿਹਾ—ਮਰੀਜ਼ ਨੂੰ ਘਰ ਲੈ ਜਾਉ। ਇਹ ਥੋੜੇ ਸਮੇਂ ਦੀ ਹੀ ਮਹਿਮਾਨ ਹੈ। ਅਸੀਂ ਘਰ ਲੈ ਆਏ। ਪਤਨੀ ਕਹਿਣ

ਲੱਗੀ—ਸਰਦਾਰ ਜੀ! ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਜੋ ਚਾਦਰਾਂ ਨੇ, ਮੈਨੂੰ ਲਿਆ ਕੇ ਦਿਆ ਕਰੋ। ਮੈਂ ਮੰਜੇ 'ਤੇ ਲੰਮੀ ਪਈ-ਪਈ ਧੋ ਦਿਆ ਕਰਾਂਗੀ। ਸੇਵਾ ਕਰਨ ਨੂੰ ਮੇਰਾ ਦਿਲ ਕਰਦਾ ਹੈ। ਸ਼ਾਇਦ ਮੇਰਾ ਜਨਮ ਸਫਲ ਹੋ ਸਕੇ, ਬਚਣਾ ਤਾਂ ਮੈਂ ਹੈ ਨਹੀਂ।

ਗੁਰਦੁਆਰਿਓਂ ਗੁਰੂ ਸਾਹਿਬ ਜੀ ਦੀ ਪਾਲਕੀ ਹੇਠਲੀਆਂ ਚਾਦਰਾਂ ਉਸ ਬੀਬੀ ਨੂੰ ਲਿਆ ਕੇ ਦਿੱਤੀਆਂ ਜਾਣ ਲੱਗੀਆਂ। ਉਸ ਨੇ ਸਹਿਜੇ-ਸਹਿਜੇ ਧੋਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਠ ਕੇ ਪਾਣੀ ਦੀ ਟੂਟੀ ਤਕ ਜਾ ਕੇ ਚਾਦਰਾਂ ਧੋਣ ਦੀ ਸੇਵਾ ਕਰਨ ਲੱਗ ਪਈ। ਸਹਿਜੇ-ਸਹਿਜੇ ਰੋਗ ਘਟਣ ਲੱਗ ਗਿਆ। ਜਿਹੜੇ ਡਾਕਟਰ ਕਹਿੰਦੇ ਸਨ ਕਿ ਇਹ ਮਰੀਜ਼ ਕੁਝ ਸਮੇਂ ਦੀ ਮਹਿਮਾਨ ਹੈ, ਉਹੋ ਬੀਬੀ ਦੋ ਸਾਲ ਤੋਂ ਨੇਮ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਬੈਠ ਕਥਾ ਕੀਰਤਨ ਸ੍ਰਵਣ ਕਰਦੀ ਹੈ। ਕੈਂਸਰ ਦੇ ਰੋਗ ਦਾ ਕੋਈ ਨਾਮੋ-ਨਿਸ਼ਾਨ ਹੀ ਨਹੀਂ ਰਿਹਾ। ਮੈਂ ਉਨ੍ਹਾਂ ਨੂੰ ਕਿਹਾ ਕਿ ਗੁਰੂ ਬਹੁਤ ਕ੍ਰਿਪਾਲੂ ਹੈ। ਜਿਥੇ ਡਾਕਟਰ ਨਿਰਾਸ ਕਰ ਦਿੰਦੇ ਹਨ, ਉਥੇ ਗੁਰੂ ਪਰਮਾਤਮਾ ਦਾ ਵਿਸ਼ਵਾਸ ਹੀ ਸਹਾਈ ਹੁੰਦਾ ਹੈ। ਡਾਕਟਰਾਂ ਕੋਲ ਵੀ ਪਰਮਾਤਮਾ ਦੀ ਦਿੱਤੀ ਸੋਝੀ ਹੈ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਭਰੁ ਕੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥

(ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਪੰਨਾ 149)

ਇਕ ਘਟਨਾ ਹੋਰ :

ਦੁਆਬੇ ਦੀ ਧਰਤੀ ਤੋਂ ਹਰ ਸਾਲ ਗੁਰੂ-ਪ੍ਰੇਮੀਆਂ ਦਾ ਇਕ ਛੋਟਾ ਜਿਹਾ ਜੱਥਾ ਸ਼ਬਦ ਗਾਇਨ ਕਰਦਾ ਹੋਇਆ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਨੂੰ ਚੱਲਦਾ ਹੈ। ਡੇਰਾ (ਦੇਹੁਰਾ) ਬਾਬਾ ਨਾਨਕ ਵਿਖੇ ਗੁਰੂ ਨਾਨਕ ਦੇਵ ਜੀ ਦੇ ਪਾਵਨ ਅੰਗ-ਛੁਹ ਇਕ ਚੋਲਾ ਬੇਦੀ ਬੰਸੀਆਂ ਨੇ ਸਤਿਕਾਰ ਸਹਿਤ ਸੰਭਾਲ ਕੇ ਰੱਖਿਆ ਹੈ। ਇਹ ਚੋਲਾ ਸਾਹਿਬ ਅਰਬ ਦੇਸ਼ਾਂ ਦੀ ਯਾਤਰਾ ਸਮੇਂ ਰੱਬੀ ਗਿਆਨ ਦੇ ਨੂਰ ਨੂੰ ਵੰਡਦੇ ਸਮੇਂ ਕਿਸੇ ਖ਼ੁਦਾ-ਪ੍ਰਸਤ ਪ੍ਰੇਮੀ ਨੇ ਗ਼ਰੀਬ ਨਿਵਾਜ਼ ਸਤਿਗੁਰੂ ਜੀ ਨੂੰ ਭੇਟ ਕੀਤਾ ਸੀ। ਇਸ ਉਪਰ ਅਰਬੀ ਫ਼ਾਰਸੀ ਜ਼ਬਾਨ ਵਿਚ ਕੁਰਾਨ ਸ਼ਰੀਫ਼ ਦੀਆਂ ਆਇਤਾਂ ਅਤੇ ਖ਼ੁਦਾ ਦੀ ਮਹਿਮਾ ਕਸ਼ੀਦੇ ਦੁਆਰਾ ਉਕਰੀ ਹੋਈ ਹੈ। ਅੱਜ ਕੱਲ ਇਸ ਚੋਲਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਕਰਾਏ ਜਾਂਦੇ ਹਨ। ਹਰ ਸਾਲ 21 ਤੋਂ 23 ਫੱਗਣ ਨੂੰ ਇਕ ਬਹੁਤ ਵੱਡਾ ਜੋੜ ਮੇਲਾ ਕਰਵਾਇਆ ਜਾਂਦਾ ਹੈ।

ਇਸ ਚੋਲਾ ਸਾਹਿਬ ਦੇ ਜੋੜ ਮੇਲੇ ਸਮੇਂ ਦੁਆਬੇ ਦੀ ਧਰਤੀ ਤੋਂ ਪ੍ਰੇਮੀਆਂ ਦਾ ਜੱਥਾ ਗੁਰੂ ਮਹਿਮਾ ਗਾਇਨ ਕਰਦਾ ਆਉਂਦਾ ਹੈ। ਰਸਤੇ ਵਿਚ ਨਗਰਾਂ ਦੇ ਪ੍ਰੇਮੀ ਉਨ੍ਹਾਂ ਨੂੰ ਗੁਰੂ ਕੇ ਲੰਗਰ ਛਕਾ ਕੇ ਸੇਵਾ ਕਰ ਆਪਣੇ ਧੰਨ ਭਾਗ ਸਮਝਦੇ ਹਨ। ਸ਼ਰਧਾ ਦਾ ਵਗਦਾ ਹੋਇਆ ਦਰਿਆ ਨਜ਼ਰੀਂ ਪੈਂਦਾ ਹੈ। ਡੇਰਾ ਬਾਬਾ ਨਾਨਕ ਤਕ ਪਹੁੰਚਦਿਆਂ ਇਹ ਜੱਥਾ ਹਜ਼ਾਰਾਂ ਦੀ ਗਿਣਤੀ ਵਿਚ ਹੋ ਜਾਂਦਾ ਹੈ। ਨਗਰਾਂ ਦੀਆਂ ਸੰਗਤਾਂ ਸੜਕ ਦੇ ਦੋਹੀਂ ਪਾਸੀਂ ਖਲੋ ਕੇ ਜੱਥੇ ਦੇ ਆਉਣ ਦੀ ਉਡੀਕ ਕਰਦੀਆਂ ਹਨ। ਸਾਡੇ ਵੱਡੇ ਭੈਣ ਜੀ ਦੀ ਇਕ ਦੋਹਤੀ ਸੀ ਛੇ ਕੁ ਮਹੀਨੇ ਦੀ। ਪੂਰਬਲਾ ਕੋਈ ਕਰਮ। ਉਸ ਬੱਚੀ ਦਾ ਇਕ ਗੋਡਾ ਪੁੱਠਾ ਸੀ ਭਾਵ ਅੰਦਰ ਨੂੰ ਮੁੜਿਆ ਹੋਇਆ ਸੀ। ਐਸੇ ਕੇਸ ਵਿਰਲੇ ਟਾਵੇਂ ਹੀ ਹੁੰਦੇ ਹਨ। ਇਸ ਤਰ੍ਹਾਂ ਦੇ ਪ੍ਰਾਣੀ ਨੂੰ ਚੱਲਣ ਸਮੇਂ ਤਕਲੀਫ਼ ਦੇ ਨਾਲ-ਨਾਲ ਚਾਲ ਵਿਗੜਨ ਕਰਕੇ ਪੈਦਾ ਹੋਈ ਕੁਰੂਪਤਾ ਵੀ ਬੜੀ ਨਿਰਾਸ ਕਰਦੀ ਹੈ। ਇਸ ਬੱਚੀ ਨੂੰ ਵੇਖ ਕੇ ਹਰ ਕੋਈ ਕਹਿੰਦਾ—'ਵਿਚਾਰੀ ਜਦ ਵੱਡੀ ਹੋਵੇਗੀ ਕੀ ਕਰੇਗੀ।'

ਇਸ ਬੱਚੀ ਨੂੰ ਗੋਦੀ ਚੁੱਕ ਕੇ ਸਾਡੇ ਵੱਡੇ ਭੈਣ ਜੀ ਜੱਥੇ ਦੀਆਂ ਸੰਗਤਾਂ ਦੇ ਦਰਸ਼ਨ ਕਰਨ ਗਏ। ਜਿਉਂ ਹੀ ਸੰਗਤਾਂ ਸ਼ਬਦ ਗਾਇਨ ਕਰਦੀਆਂ ਨੇੜੇ ਆਈਆਂ ਤਾਂ ਭੈਣ ਜੀ ਦੇ ਮੂੰਹੋਂ ਸੁਭਾਵਕ ਬਚਨ ਨਿਕਲਿਆ, 'ਹੇ ਸਤਿਗੁਰੂ ਜੀ! ਕ੍ਰਿਪਾ ਕਰ ਕੇ ਇਸ ਬੱਚੀ ਦਾ ਗੋਡਾ ਠੀਕ ਕਰ ਦਿਉ। ਨਹੀਂ ਤਾਂ ਮੈਂ ਤੁਹਾਡੀਆਂ ਸੰਗਤਾਂ ਦੇ ਪੈਰਾਂ ਹੇਠ ਇਸ ਨੂੰ ਸੁੱਟ ਦੇਣਾ ਹੈ।' ਸੰਗਤਾਂ ਨੇੜੇ ਆਈਆਂ, ਪ੍ਰੇਮੀ ਜਨਾਂ ਨੇ ਸੇਵਾ ਕਰਨ ਦੇ ਨਾਲ-ਨਾਲ ਜੀਅ ਭਰ ਕੇ ਸੰਗਤਾਂ ਦੇ ਦਰਸ਼ਨ ਕੀਤੇ। ਸੰਗਤਾਂ ਅੱਗੇ ਚਲੀਆਂ ਗਈਆਂ। ਭੈਣ ਜੀ ਬੱਚੀ ਨੂੰ ਨਾਲ ਲੈ ਕੇ ਵਾਪਸ ਘਰ ਆ ਗਏ। ਜੱਥੇ ਦੀਆਂ ਸੰਗਤਾਂ ਦੇ ਪੈਰਾਂ ਹੇਠ ਬੱਚੀ ਨੂੰ ਕਿਸ ਨੇ ਸੁੱਟਣਾ ਸੀ, ਉਹ ਤਾਂ ਦਿਲ ਦੀ ਇਕ ਹੂਕ ਸੀ, ਜੋ ਸਤਿਗੁਰੂ ਜੀ ਨੇ ਸੁਣ ਲਈ। ਰਾਤ ਦੇ ਸਮੇਂ ਉਹ ਬੱਚੀ ਆਪਣੀ ਮਾਂ ਨਾਲ ਸੁੱਤੀ ਸੀ ਕਿ ਅਚਾਨਕ ਉਸ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਮਾਂ ਨੇ ਬੱਚੀ ਨੂੰ ਸੰਭਾਲਿਆ ਪਰ ਉਹ ਕਿਸੇ ਤਰੀਕੇ ਵੀ ਚੁੱਪ ਨਹੀਂ ਸੀ ਕਰ ਰਹੀ। ਲਾਈਟ ਜਗਾ ਕੇ ਜਦ ਧਿਆਨ ਨਾਲ ਬੱਚੀ ਨੂੰ ਵੇਖਿਆ ਗਿਆ ਤਾਂ ਉਸ ਦੇ ਗੋਡੇ ਵਾਲੇ ਥਾਂ ਤੋਂ ਮਾਸ ਨੀਲਾ ਹੋਇਆ ਪਿਆ ਸੀ; ਜਿਵੇਂ ਕਿਸੇ ਨੇ ਗੋਡੇ ਨੂੰ ਮਰੋੜ ਕੇ ਸਿੱਧਾ ਕਰ ਦਿੱਤਾ ਹੋਵੇ। ਆਖ਼ਰ ਦਰਦ ਘਟੀ ਤਦ ਉਸ ਨੇ ਰੋਣਾ ਬੰਦ ਕੀਤਾ। ਹੁਣ ਉਹੋ ਲੜਕੀ ਸੋਲ੍ਹਾਂ-ਸਤਾਰਾਂ ਸਾਲਾਂ ਦੀ ਹੈ।

ਅਜੋਕੇ ਸਮੇਂ ਅੰਦਰ ਅਸ਼ਰਧਾ ਇਕ ਵਿਆਪਕ ਰੋਗ ਵਾਂਗ ਫੈਲ ਰਹੀ ਹੈ। ਵੀਹਵੀਂ ਸਦੀ ਦੇ ਅੱਧ ਨੂੰ ਪਾਰ ਕਰਦਿਆਂ ਪੰਜਾਬ ਸਿੱਖੀ ਦਾ ਘਰ, ਨਾਸਤਕਾਂ ਦੇ ਛਲਸਫ਼ੇ ਹੇਠ ਆਉਣਾ ਸ਼ੁਰੂ ਹੋ ਗਿਆ। ਕਾਲਜਾਂ ਅੰਦਰ ਪੜ੍ਹਦਿਆਂ ਗੁਰਮਤਿ ਗਿਆਨ ਤੋਂ ਕੋਰੇ ਸਿੱਖ ਨੌਜਵਾਨਾਂ ਨੇ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਸਿੱਖੀ ਵਿਰਾਸਤ ਨੂੰ ਵਗਾਹ ਕੇ ਪਰੇ ਸੁੱਟਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਸਿਰ ਪੀੜ ਦਾ ਬਹਾਨਾ ਬਣਾ ਕੇ ਕੇਸ ਕਟਵਾਏ। ਫਿਰ ਦਾੜ੍ਹੀਆਂ ਅਤੇ ਸਿਰ ਦੇ ਕੇਸਾਂ ਨੂੰ ਬਿਲਕੁਲ ਅਲਵਿਦਾ ਕਹਿ ਦਿੱਤੀ। ਸਿੱਖੀ ਦੀ ਪਹਿਚਾਣ ਸਿਰ ਤੇ ਮੂੰਹ ਤੋਂ ਮਿਟਾ ਕੇ ਬੇਦਾਵੇ ਲਿਖ ਦਿੱਤੇ। ਅਸ਼ਰਧਾ ਦਾ ਜ਼ਹਿਰ ਵਿਆਪਕ ਫੈਲਾਇਆ। ਭਾਈ ਵੀਰ ਸਿੰਘ ਜੀ ਤੇ ਹੋਰ ਗੁਰਸਿੱਖੀ

ਦੀ ਤੜਪ ਰੱਖਣ ਵਾਲੀਆਂ ਪਰਉਪਕਾਰੀ ਆਤਮਾਵਾਂ ਨੇ ਗੁਰਸਿੱਖੀ ਤੋਂ ਡੋਲੇ ਅਤੇ ਡਿੱਗੇ ਪੁਰਸ਼ਾਂ ਨੂੰ ਉਠਾਇਆ। ਟੁੱਟਿਆਂ ਨੂੰ ਗੁਰੂ-ਚਰਨਾਂ ਨਾਲ ਸ਼ਰਧਾ ਰਾਹੀਂ ਜੋੜਿਆ। ਬਿਬੇਕ ਗੁਰ-ਗਿਆਨ ਦੇ ਕਾਵਿ ਝਰਨੇ ਵਹਾ ਦਿੱਤੇ। ਸ਼ਰਧਾ ਤੇ ਵਲਵਲਿਆਂ ਭਰਪੂਰ ਗੁਰੂ ਪਿਆਰ ਦੀ ਇਕ ਝਲਕ ਵੇਖੋ :

ਲੱਗੇ ਪਿਆਰ ਤਾਂ ਪਿਆਰੜਾ ਪਾਸ ਵੱਸੇ,
ਕਦੇ ਅੱਖੀਆਂ ਤੋਂ ਨਾ ਹੋਇ ਉਹਲੇ।
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ,
ਸੂਰਤ ਉਸ ਦੀ ਦਿਲੋਂ ਨਾ ਹੋਇ ਉਹਲੇ।
ਸੂਰਤ ਉਸ ਦੀ ਦਿਲੋਂ ਜੇ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਨਾ ਹੋਇ ਉਹਲੇ।
ਨਾਮ ਜੀਭ ਤੋਂ ਭਲਾ ਜੇ ਹੋਇ ਉਹਲੇ,
ਜਿੰਦ ਦੇਹ ਤੋਂ ਸਦਾ ਫਿਰ ਹੋਇ ਉਹਲੇ। *(ਭਾਈ ਵੀਰ ਸਿੰਘ ਜੀ)*

ਪੁਰਾਤਨ ਸਿੱਖ ਇਤਿਹਾਸ ਤੇ ਗੁਰੂ ਇਤਿਹਾਸ ਨੂੰ ਸਰਲ ਸੁਖੈਨ ਲਿਖ ਕੇ ਪਤਿਤ ਤੇ ਨਾਸਤਿਕ ਹੋ ਰਹੀ ਸਿੱਖ ਜਵਾਨੀ ਨੂੰ ਥੰਮ੍ਹਿਆ। ਮੇਰੇ ਸਤਿਗੁਰੂ ਜੀ ਨੇ ਐਸੀ ਕਲਮ, ਸਿਆਹੀ, ਦਵਾਤ, ਕਾਗ਼ਜ਼ ਤੇ ਲਿਖਾਰੀ ਨੂੰ ਅਨੰਤ-ਮਾਣ ਬਖ਼ਸ਼ਿਆ ਹੈ :

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥
(ਸਲੋਕ ਮ: ੧, ਪੰਨਾ 1291)

ਅਗਿਆਨਤਾ 'ਤੇ ਖੜੀ ਸ਼ਰਧਾ ਅਤੇ ਅਧੂਰਾ ਗਿਆਨ ਦੋਵੇਂ ਹੀ ਮਨੁੱਖ ਲਈ ਨੁਕਸਾਨਦਾਇਕ ਹਨ। ਅਗਿਆਨਤਾ ਵੱਸ ਬਣਾਈ ਸ਼ਰਧਾ ਮਨੁੱਖ ਨੂੰ ਮੜ੍ਹੀਆਂ, ਮਸਾਣਾਂ ਅਤੇ ਕਬਰਾਂ ਦੀ ਪੂਜਾ ਵੱਲ ਧਕੇਲ ਦਿੰਦੀ ਹੈ। ਗਿਆਨ ਆਸ਼ਰਿਤ ਸ਼ਰਧਾ ਮਨੁੱਖੀ ਚੇਤਨਾ ਅੰਦਰ ਜਾਗਤ ਜੋਤ ਚੇਤੰਨ ਪਰਮਾਤਮਾ ਅੰਦਰ ਅਭੇਦ ਕਰਾ ਦਿੰਦੀ ਹੈ। ਭਾਈ ਮੰਝ ਜੀ ਤੇ ਭਾਈ ਬਹਿਲੋ ਆਦਿ ਸਿੱਖਾਂ ਦੀ ਸ਼ਰਧਾ ਨੂੰ ਗੁਰੂ ਗਿਆਨ ਦੀ ਰੋਸ਼ਨੀ ਨੇ ਅਗਿਆਨਤਾ ਦੇ ਹਨੇਰੇ 'ਚੋਂ ਕੱਢ ਕੇ ਸਚਿਆਰਾ ਬਣਾਇਆ।

ਅਧੂਰਾ ਗਿਆਨ ਮਨੁੱਖ ਨੂੰ ਅਹੰਕਾਰ ਦੇ ਚੁਬਾਰੇ 'ਤੇ ਚੜ੍ਹਾ ਦਿੰਦਾ ਹੈ। ਹੁਣ ਵੇਖੀਏ ਕੁਝ ਲਿਖਾਰੀ ਐਸੇ ਵੀ ਹਨ, ਜਿਨ੍ਹਾਂ ਨੇ ਅਸ਼ਰਧਾ ਅਤੇ ਸ਼ੱਕ ਦੇ ਜਰਮ ਫੈਲਾ ਕੇ ਸਮਾਜ ਨੂੰ ਮਾਨਸਿਕ ਤੌਰ 'ਤੇ ਰੋਗੀ ਬਣਾ ਦਿੱਤਾ ਹੈ। ਅਜਿਹੇ ਲਿਖਾਰੀਆਂ ਅਤੇ ਉਨ੍ਹਾਂ ਦੀਆਂ ਲਿਖਤਾਂ ਬਾਰੇ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ :

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥
(ਸਲੋਕ ਮ: ੩, ਪੰਨਾ 84)

ਸਿਆਣਿਆਂ ਦੀ ਰਾਇ ਹੈ ਕਿ ਜ਼ਹਿਰ ਤਾਂ ਇਕ ਆਦਮੀ ਨੂੰ ਮਾਰਦਾ ਹੈ, ਪਰ ਅਸ਼ਰਧਕ ਲਿਖਤ ਤਾਂ ਅਨੇਕਾਂ ਪ੍ਰਾਣੀਆਂ ਨੂੰ ਆਤਮਿਕ ਮੌਤੇ ਮਾਰਦੀ ਹੈ।

ਸਿੱਖ ਪੰਥ ਅੰਦਰ ਸਿੱਖੀ ਸਰੂਪ ਵਿਚ ਐਸੇ ਅਸ਼ਰਧਕ ਅਤੇ ਤਰਕਬਾਜ਼ ਲੇਖਕਾਂ

ਨੇ ਕਲਮ ਘਸਾਈ ਕਰ ਕੇ ਆਪਣੇ ਆਪ ਨੂੰ ਵੱਡੇ ਵਿਦਵਾਨ ਹੋਣ ਦਾ ਭਰਮ ਪਾਲਿਆ ਹੈ। ਉਨ੍ਹਾਂ ਦੀਆਂ ਲਿਖਤਾਂ ਨੇ ਜਿਥੇ ਸਿੱਖਾਂ ਅੰਦਰ ਗੁਰੂ ਜੀ ਵੱਲੋਂ ਸਥਾਪਤ ਸਿੱਧਾਂਤਾਂ ਨੂੰ ਸ਼ੱਕੀ ਬਣਾਇਆ ਹੈ; ਉਥੇ ਸਿੱਖੀ ਸੋਚ ਨੂੰ ਗੰਧਲਾ ਕਰ ਕੇ ਸਿੱਖਾਂ ਅੰਦਰ ਫੁੱਟ ਪਾ ਕੇ ਕੌਮ ਦੀਆਂ ਵੰਡੀਆਂ ਪਾਉਣ ਦਾ ਵੀ ਯਤਨ ਕੀਤਾ ਹੈ। *ਸਾਰੁਕਤਾਵਲੀ* ਅੰਦਰ ਇਕ ਵਿਚਾਰ ਮਿਲਦਾ ਹੈ ਕਿ ਜੇਕਰ ਕਾਂ ਕਿਤੇ ਉੱਚੀ ਜਗ੍ਹਾ ਬੈਠ ਜਾਵੇ ਤਾਂ ਉਸ ਨੂੰ ਪੰਛੀਆਂ ਦਾ ਸਿਰਮੌਰ (ਗਰੁੜ) ਨਹੀਂ ਮੰਨ ਲੈਣਾ ਚਾਹੀਦਾ।

ਊਚੇ ਥਿਤ ਊਚੋ ਨਹੀ ਊਚੇ ਗੁਨ ਕਰ ਹੋਇ।
ਕਾਕ ਅਟਾਰੀ ਪਰ ਬਹੇ ਪਰ ਕਿਆ ਪਰਾਪਤਿ ਹੋਇ। *(ਸਾਰੁਕਤਾਵਲੀ)*

ਉੱਚੇ ਚੁਬਾਰੇ 'ਤੇ ਬੈਠਾ ਕਾਂ ਤਾਂ ਕਾਂ ਹੀ ਰਹਿੰਦਾ ਹੈ ਨਾ ਕਿ ਪੰਛੀਆਂ ਦਾ ਰਾਜਾ।

ਸਿੱਖ ਪੰਥ ਅੰਦਰ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਆਪਣੀ ਸਾਰੀ ਉਮਰ ਗੁਰਮਤਿ ਦੇ ਚਾਨਣੇ ਅੰਦਰ ਵਿਚਰਦਿਆਂ ਗੁਰਮਤਿ ਰਹੱਸਾਂ ਤੇ ਰਮਜ਼ਾਂ ਨੂੰ ਖੋਲ੍ਹਣ ਲਈ ਸੇਵਾ 'ਚ ਸਫਲ ਕਰ ਲਈ। ਉਨ੍ਹਾਂ ਨੇ ਗੁਰਮਤਿ ਦੇ ਸ਼ੁੱਧ ਗਿਆਨ ਦੀ ਮਿਸਾਲ ਕਾਇਮ ਕੀਤੀ। ਇਹ ਗਿਆਨ ਗੁਰੂ ਪਿਆਰ ਨਾਲ ਲਬਰੇਜ਼ ਅਤੇ ਵਿਸ਼ਵਾਸ ਅੰਦਰ ਗੁੱਧਾ ਹੋਇਆ ਹੈ। ਉਨ੍ਹਾਂ ਦੀਆਂ ਸਾਰੀਆਂ ਹੀ ਗਿਆਨ-ਵਰਧਕ ਲਿਖਤਾਂ ਨੇ ਸਿੱਧਾਂਤਕ ਤੌਰ 'ਤੇ ਪ੍ਰਪੱਕਤਾ ਦੀ ਸੋਝੀ ਦਿੱਤੀ।

ਭਾਈ ਜੈਤਾ ਸੇਠ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਰਧਾ, ਭਗਤੀ ਤੇ ਗਿਆਨ ਦੇ ਸੰਗਮ ਬਾਰੇ ਕਿੰਨਾ ਸੋਹਣਾ ਦ੍ਰਿੜ੍ਹ ਕਰਵਾਇਆ।

ਸਿੱਖਾਂ ਦੀ ਭਗਤ ਮਾਲਾ ਨਾਮਕ ਪੁਸਤਕ ਅੰਦਰ ਸਾਖੀ ਹੈ ਕਿ ਭਾਈ ਜੈਤਾ ਸੇਠ ਨੇ ਛੇਵੀਂ ਪਾਤਸ਼ਾਹੀ ਨੂੰ ਪੁੱਛਿਆ ਕਿ ਮਹਾਰਾਜ! ਜੇਕਰ ਗਿਆਨ ਹੋ ਜਾਵੇ ਤਾਂ ਭਗਤੀ (ਸ਼ਰਧਾ) ਦੀ ਕੀ ਲੋੜ ਹੈ ਤਾਂ ਮਹਾਰਾਜ ਜੀ ਨੇ ਕਿਹਾ ਕਿ ਗਿਆਨ ਭਗਤੀ (ਸ਼ਰਧਾ) ਬਿਨਾਂ ਸ਼ੋਭਦਾ ਨਹੀਂ, ਪਿੰਗਲਾ ਹੈ। ਜਿਵੇਂ ਘਿਉ ਮਨੁੱਖ ਦੇ ਸਰੀਰ ਨੂੰ ਸਨਿਖਧ ਕਰਦਾ ਹੈ, ਪਰ ਨਿਰਾ ਘਿਉ ਪੀਣ ਨਾਲ ਪਹਿਲਾ ਵਿਕਾਰ ਕਿ ਮੂੰਹ ਫਿੱਕਾ ਹੁੰਦਾ ਹੈ, ਦੂਜਾ ਸਰੀਰ ਅੰਦਰ ਗਰਮੀ (ਪਿਤ) ਪੈਦਾ ਕਰਦਾ ਹੈ, ਤੀਜੇ ਕਫ਼ ਤੇ ਖਾਂਸੀ ਬਣਾਂਦਾ ਹੈ, ਚੌਥੇ ਛਾਤੀ ਨੂੰ ਜਾਮ ਕਰਦਾ ਹੈ। ਚਾਰ ਔਗੁਣ ਪੈਦਾ ਹੁੰਦੇ ਹਨ, ਪਰ ਜੇਕਰ ਨਾਲ ਮਿਸ਼ਰੀ ਖਾਧੀ ਜਾਵੇ ਤਾਂ ਮੂੰਹ ਮਿੱਠਾ ਹੁੰਦਾ ਹੈ, ਗਰਮੀ ਤੋਂ ਰਾਹਤ ਮਿਲਦੀ ਹੈ, ਕਫ਼-ਖਾਂਸੀ ਤੋਂ ਬਚਾਅ ਹੁੰਦਾ ਹੈ ਤੇ ਪੇਟ ਦੇ ਵਿਕਾਰ ਤੋਂ ਬਚੀਦਾ ਹੈ।

ਰੁੱਖੇ ਗਿਆਨਵਾਨ ਅੰਦਰ ਹਉਮੈ ਬਣਦੀ ਹੈ। ਦੂਸਰਿਆਂ ਨੂੰ ਆਪਣੇ ਤੁਲ ਨਹੀਂ ਸਮਝਦਾ। ਇਥੋਂ ਤਕ ਕਿ ਆਪਣੇ ਆਪ ਨੂੰ ਰੱਬ ਸਮਝਣ ਲੱਗ ਜਾਂਦਾ ਹੈ। ਫਿਰ ਗਿਆਨ ਦਾ ਵੀ ਕੱਚਾ ਹੁੰਦਾ ਹੈ। ਜੇਕਰ ਭਗਤੀ (ਸ਼ਰਧਾ) ਰੂਪੀ ਮਿਸ਼ਰੀ ਨਾਲ ਹੋਵੇ ਤਾਂ ਸਾਰੇ ਵਿਕਾਰਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਮਨ ਅੰਦਰ ਨਿਰਮਾਣਤਾ ਦਾ ਵਾਸਾ ਹੁੰਦਾ ਹੈ। ਸ਼ਰਧਾ ਭਾਵਨਾ ਤੋਂ ਬਿਨਾਂ ਮਨੁੱਖ ਪਰਮਾਤਮਾ ਤਕ ਪਹੁੰਚ ਨਹੀਂ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਵਾਕ ਹੈ :

ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ,
ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੋ ॥ *(ਅਕਾਲ ਉਸਤਤਿ)*

ਸਿੱਖ ਕੌਮ ਅੰਦਰ ਸ਼ਰਧਾ ਤੋਂ ਸੱਖਣੇ, ਰੁੱਖੇ ਤੇ ਸੁੱਕੇ ਫ਼ਲਸਫ਼ਿਆਂ ਦੇ ਸਿਰਜਕ ਲਿਖਾਰੀ ਕੌਮ ਨੂੰ ਗੁਰਬਾਣੀ ਦੀ ਆੜ ਅੰਦਰ ਗੁੰਮਰਾਹ ਕਰ ਕੇ ਅਸ਼ਰਧਕ ਬਣਾਉਣ ਵਿਚ ਲੱਗੇ ਹਨ। ਲੋੜ ਹੈ ਐਸੇ ਅਸ਼ਰਧਕ ਲਿਖਾਰੀ ਅਤੇ ਉਨ੍ਹਾਂ ਦੀਆਂ ਲਿਖਤਾਂ ਤੋਂ ਬਚਣ ਅਤੇ ਬਚਾਉਣ ਦੀ। ਜਿਸ ਮਨੁੱਖ ਦੀ ਆਮਦਨ ਘੱਟ ਜਾਵੇ ਤਾਂ ਘਰ ਦਾ ਬੋਝ ਵੱਧ ਜਾਂਦਾ ਹੈ। ਦੇਖਣ ਵਿਚ ਆਇਆ ਹੈ ਕਿ ਉਹ ਘਰ ਦੀਵਾਲੀਆ ਹੋ ਜਾਂਦਾ ਹੈ। ਜਿਸ ਮਨੁੱਖ ਦੇ ਹਿਰਦੇ ਅੰਦਰ ਗੁਰੂ ਪਰਮਾਤਮਾ ਦੀ ਸ਼ਰਧਾ ਨਹੀਂ ਬਚੀ, ਉਹ ਵੀ ਧਾਰਮਿਕ ਪੱਖੋਂ ਦੀਵਾਲੀਆ ਹੀ ਹੁੰਦਾ ਹੈ :

ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥

(ਵਾਰ ਬਿਲਾਵਲ ਮਹਲਾ 4, ਪੰਨਾ 852)

ਉਹ ਦਿਨ ਕਿੰਨਾ ਭਾਗਾਂ ਭਰਿਆ ਹੁੰਦਾ ਹੈ ਜਦੋਂ ਅਰਦਾਸ ਅੰਦਰੋਂ ਨਿਕਲਦੀ ਹੈ ਕਿ ਹੇ ਪ੍ਰਭੂ ਜੀ! ਮੇਰੇ ਰੋਮ-ਰੋਮ ਵਿਚ ਆਪਣੀ ਸ਼ਰਧਾ ਪੈਦਾ ਕਰੋ। ਗੁਰੂ ਚਰਨਾਂ ਨਾਲ ਜੋੜ ਕੇ ਮੈਨੂੰ ਵੀ ਸੰਸਾਰ ਸਾਗਰ ਤੋਂ ਪਾਰ ਲੰਘਾ ਲਉ :

ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ ॥

(ਨਟ ਮਹਲਾ 4, ਪੰਨਾ 983)

ਸਾਰੀ ਧਰਤੀ ਭਾਵੇਂ ਇਕ ਹੈ ਪਰ ਸਾਰੀ ਜ਼ਮੀਨ ਇਕ ਜੈਸੀ ਨਹੀਂ ਹੈ। ਕਿਤੇ ਰੇਤਲੀ ਹੈ, ਕਿਤੇ ਉਪਜਾਊ ਤੇ ਕਿਤੇ ਕੱਲਰੀ (ਜ਼ਹਿਰੀਲੀ)। ਬੀਜ, ਜ਼ਮੀਨ ਅੰਦਰ ਅੰਕੁਰ ਨਾ ਹੋਵੇ, ਉਸ ਦੇ ਤਿੰਨ ਕਾਰਨ ਹਨ। ਬੀਜ ਸਾਬਤ ਨਹੀਂ ਹੋਵੇਗਾ, ਟੁੱਟਿਆ ਹੋਵੇਗਾ :

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥

(ਸਲੋਕ ਮ: ੧, ਪੰਨਾ 468)

ਦੂਜਾ ਰੁੱਤ ਅਨੁਕੂਲ ਨਹੀਂ ਹੋਵੇਗੀ; ਵੱਤਰ ਨਹੀਂ ਹੋਵੇਗਾ :

ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥

(ਮਾਰੂ ਸੋਲਹੇ ਮਹਲਾ ੫, ਪੰਨਾ 1075)

ਜਾਂ ਫਿਰ ਧਰਤੀ ਜ਼ਹਿਰੀਲੀ (ਕੱਲਰੀ) ਹੋਵੇਗੀ :

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥ *(ਆਸਾ ਮਹਲਾ ੧, ਪੰਨਾ 419)*

ਮਨ ਦੀ ਮਤ ਪਿੱਛੇ ਚੱਲਣ ਵਾਲਾ ਪਰਮਾਤਮਾ ਨਾਲ ਅਭੇਦ ਨਹੀਂ ਹੁੰਦਾ। ਗੁਰੂ ਕਰੇ ਹਰ ਹਿਰਦਾ ਉਪਜਾਊ ਹੋਵੇ। ਗੁਰੂ ਪਿਆਰ ਦੀ ਵਰਖਾ ਨਾਲ ਹਰੇਕ ਹਿਰਦਾ ਸਿੰਜਿਆ ਜਾਏ। ਵਿਸ਼ਵਾਸ ਦਾ ਵੱਤਰ ਹੋਵੇ ਤਾਂ ਕਿ ਨਾਮ ਦੀ ਫ਼ਸਲ ਦਾ ਲਾਹਾ ਜੀਵਨ ਅੰਦਰ ਪ੍ਰਾਪਤ ਹੋ ਸਕੇ :

ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥

(ਰਾਮਕਲੀ ਮਹਲਾ ੫, ਪੰਨਾ 928)

ਸਾਕ ਸੁਖਾਲਾ

ਇਕ ਮੰਨੀ ਪ੍ਰਮੰਨੀ ਸੱਚਾਈ ਹੈ ਕਿ ਮਨੁੱਖ ਸੰਬੰਧਾਂ ਬਗ਼ੈਰ ਰਹਿ ਨਹੀਂ ਸਕਦਾ। ਸੰਸਾਰ ਅੰਦਰ ਮਨੁੱਖ ਦੇ ਅਨੇਕਾਂ ਸੰਬੰਧ ਬਣਦੇ ਹਨ। ਇਹ ਸੰਬੰਧ ਪਰਮਾਤਮਾ ਦੀ ਬਣੀ ਨਿਯਮਾਵਲੀ ਅਨੁਸਾਰ ਹੋਂਦ ਵਿਚ ਆਏ। ਅੱਗੇ ਇਹ ਸੰਬੰਧ ਦੋ ਹਿੱਸਿਆਂ ਅੰਦਰ ਵੰਡੇ ਗਏ। ਇਕ ਖ਼ੂਨ ਦਾ ਸੰਬੰਧ, ਦੂਜਾ ਪਿਆਰ ਦਾ ਸੰਬੰਧ।

ਪਤੀ ਪਤਨੀ ਦਾ ਰਿਸ਼ਤਾ, ਮਿੱਤਰ-ਮਿੱਤਰ ਦਾ ਰਿਸ਼ਤਾ, ਗੁਰੂ ਸਿੱਖ ਦਾ ਰਿਸ਼ਤਾ; ਇਹ ਸੰਬੰਧ ਪਿਆਰ ਦੇ ਸੰਬੰਧ ਹਨ। ਬਾਕੀ ਰਿਸ਼ਤੇ ਤਾਂ ਖ਼ੂਨ ਨਾਲ ਸੰਬੰਧ ਰੱਖਦੇ ਹਨ। ਭਾਈ ਗੁਰਦਾਸ ਜੀ ਨੇ ਮਨੁੱਖ ਦੇ ਰਿਸ਼ਤਿਆਂ ਦੀਆਂ ਤਿੰਨ ਪ੍ਰਣਾਲੀਆਂ ਦਾ ਆਪਣੀਆਂ ਵਾਰਾਂ ਅੰਦਰ ਜ਼ਿਕਰ ਕੀਤਾ ਹੈ। ਇਕ ਰਿਸ਼ਤਾ ਮਨੁੱਖ ਦਾ ਪਤਨੀ ਕਰਕੇ ਜਾਂ ਪਤੀ ਕਰਕੇ ਸਹੁਰਿਆਂ ਵੱਲੋਂ ਬਣਦਾ ਹੈ, ਦੂਜਾ ਰਿਸ਼ਤਾ ਪੇਕਿਆਂ ਵੱਲੋਂ ਮਾਂ-ਬਾਪ ਕਰਕੇ ਬਣਦਾ ਹੈ ਤੇ ਤੀਜਾ ਰਿਸ਼ਤਾ ਨਾਨਕਿਆਂ ਦਾ ਹੈ। ਇੰਜ ਨਾਨਕੇ, ਦਾਦਕੇ ਤੇ ਸਹੁਰੇ ਸੰਬੰਧ ਜੋੜਨ ਲਈ ਮਦਦਗਾਰ ਬਣੇ :

ਸਾਹੁਰੁ ਪੀਹਰੁ ਪਖ ਦੈ ਘਰੁ ਨਾਨੇਹਾਲਾ ॥
ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ ॥
ਮਾਂ ਪਿਉਂ ਭੈਣਾਂ ਭਾਇਰਾ ਪਰਵਾਰ ਦੁਰਾਲਾ ॥
ਨਾਨਾ ਨਾਨੀ, ਮਾਸੀਆਂ ਮਾਮੇ ਜੰਞਾਲਾ ॥
ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ ॥
ਪੀਰੁ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ ॥ *(ਵਾਰ 27, ਪਉੜੀ 7)*

ਇੰਜ ਸਹੁਰਿਆਂ ਵੱਲੋਂ ਜੋ ਰਿਸ਼ਤਾ ਬਣਦਾ ਹੈ, ਉਨ੍ਹਾਂ ਵਿਚ ਪਤੀ ਲਈ ਸਹੁਰਾ, ਸੱਸ, ਸਾਲੀ, ਸਾਲਾ ਆਦਿ ਤੇ ਪਤਨੀ ਲਈ ਸਹੁਰਾ, ਸੱਸ, ਦੇਵਰ, ਜੇਠ, ਨਨਾਣਾਂ ਆਦਿ। ਨਾਨਕਿਆਂ ਵੱਲੋਂ ਮਾਮਾ-ਮਾਮੀ, ਨਾਨਾ-ਨਾਨੀ, ਮਾਸੀ ਆਦਿ। ਪੇਕਿਆਂ ਵੱਲੋਂ ਮਾਂ-ਪਿਉ, ਭਰਾ-ਭੈਣਾਂ ਦਾ ਰਿਸ਼ਤਾ ਬਣਦਾ ਹੈ। ਭਾਈ ਗੁਰਦਾਸ ਜੀ ਦਾ ਕਹਿਣਾ ਐਸਾ ਹੈ ਕਿ ਇਹ ਰਿਸ਼ਤੇ-ਨਾਤੇ ਸਿਰਫ਼ ਗ਼ਰਜ਼ਾਂ-ਸੁਆਰਥਾਂ 'ਤੇ ਖੜੇ ਹਨ। ਜੇਕਰ ਰਿਸ਼ਤੇਦਾਰੀ ਅੰਦਰ ਕੋਈ ਸੁਆਰਥ, ਗ਼ਰਜ਼ਾਂ ਪੂਰੀਆਂ ਨਾ ਕਰ ਸਕੇ ਤਾਂ ਰਿਸ਼ਤੇ ਟੁੱਟਦਿਆਂ ਦੇਰ ਨਹੀਂ ਲੱਗਦੀ। ਇਨ੍ਹਾਂ ਰਿਸ਼ਤਿਆਂ ਦੀਆਂ ਗਹਿਰਾਈਆਂ 'ਚ ਐਸਾ ਕੁਝ ਹੀ ਛੁਪਿਆ ਹੋਇਆ ਹੈ। ਅਕਸਰ ਸੁਆਰਥੀ ਸੰਬੰਧਾਂ ਅੰਦਰ ਤਰੇੜਾਂ ਤੇ ਪਾੜੇ ਪੈ ਹੀ ਜਾਂਦੇ ਹਨ।

ਜੇਕਰ ਇਨ੍ਹਾਂ ਸੰਬੰਧਾਂ ਅੰਦਰ ਪਿਆਰ ਹੋਵੇਗਾ ਤਾਂ ਲੈਣ ਦੇਣ ਨੂੰ ਨੰਬਰ ਦੋ ਉਪਰ

ਰੱਖ ਕੇ ਸੰਬੰਧ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਮਜ਼ਬੂਤੀ ਵਾਸਤੇ ਕੁਝ ਤਿਆਗ ਕੁਰਬਾਨੀ ਦੀ ਵੀ ਲੋੜ ਹੁੰਦੀ ਹੈ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਕ ਰਿਸ਼ਤਾ ਸਿੱਖ ਤੇ ਗੁਰੂ ਦਾ ਬਣਦਾ ਹੈ। ਇਹ ਰਿਸ਼ਤਾ ਸਾਰੇ ਸੰਬੰਧਾਂ ਤੋਂ ਉੱਤਮ ਤੇ ਸੁਖਮਈ ਹੈ :

ਪੀਰੁ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ ॥ *(ਵਾਰ 27, ਪਉੜੀ 7)*

ਇਹ ਰਿਸ਼ਤਾ ਪੂਰਨ ਪਿਆਰ ਅਤੇ ਗੁਰੂ ਵਿਚਾਰ ਨੂੰ ਅਪਨਾਉਣ ਕਰਕੇ ਬਣਦਾ ਹੈ। ਇਸ ਰਿਸ਼ਤੇ ਦੀ ਬਦੌਲਤ ਗੁਰੂ ਆਪਣੇ ਸਿੱਖ ਦਾ ਸਦਾ ਸਹਾਈ ਵੀ ਹੈ ਅਤੇ ਸਿੱਖ ਦਾ ਹਲਤ ਪਲਤ ਵੀ ਗੁਰੂ ਸੁਆਰ ਦਿੰਦਾ ਹੈ :

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ *(ਗਉੜੀ ਸੁਖਮਨੀ ਮ: ੫, ਪੰਨਾ 286)*

ਇਸ ਨਾਤੇ ਤੋਂ ਸਾਰੇ ਰਿਸ਼ਤੇ ਕੁਰਬਾਨ ਕੀਤੇ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਚੌਥੇ ਪਾਤਸ਼ਾਹ ਸੋਢੀ ਸੁਲਤਾਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪਾਵਨ ਹਿਰਦੇ ਉੱਤੇ ਬਚਪਨ ਦੇ ਸਮੇਂ ਨੇ ਗਹਿਰਾ ਪ੍ਰਭਾਵ ਪਾਇਆ। ਬਚਪਨ ਅੰਦਰ ਅਕਾਲ ਪੁਰਖ ਜੀ ਦੀ ਰਜ਼ਾ ਅਨੁਸਾਰ ਵਾਰੋ-ਵਾਰੀ ਮਾਤਾ ਅਤੇ ਪਿਤਾ ਜੀ ਸੰਸਾਰਕ ਯਾਤਰਾ ਪੂਰੀ ਕਰ ਗਏ। ਸੰਸਾਰਕ ਰਿਸ਼ਤੇਦਾਰਾਂ ਅੰਦਰ ਉਨ੍ਹਾਂ ਪ੍ਰਤੀ ਕੋਈ ਮੋਹ ਨਾ ਬਣਿਆ। ਚਾਚੇ, ਤਾਏ ਸਾਰੇ ਸ੍ਰੀ ਗੁਰੂ ਰਾਮਦਾਸ ਜੀ (ਭਾਈ ਜੇਠਾ ਬਚਪਨ ਦਾ ਨਾਂ) ਦੀ ਪਾਲਣਾ-ਪੋਸਣਾ ਵੱਲੋਂ ਮੂੰਹ ਫੇਰ ਗਏ। ਤਦ ਨਾਨੀ ਜੀ ਉਂਗਲ ਫੜ ਦੋਹਤਰੇ ਨੂੰ ਆਪਣੇ ਪਾਸ ਬਾਸਰਕੇ ਲੈ ਆਈ। ਫਿਰ ਮਿਲਾਪ ਹੋਇਆ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨਾਲ। ਭੱਟਾਂ ਨੇ ਗੁਰੂ ਮਿਲਾਪ ਵਿੱਚੋਂ ਮਿਲੀ ਬਖ਼ਸ਼ਿਸ਼ ਨੂੰ ਬੜਾ ਸੁੰਦਰ ਪ੍ਰਗਟਾਇਆ ਹੈ :

ਸਮਰਥ ਗੁਰੂ ਸਿਰਿ ਹਥੁ ਧਰ੍ਹਿਉ ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਹਿਉ ॥
(ਸਵਈਏ ਮਹਲੇ ਚਉਥੇ ਕੇ, ਪੰਨਾ 1400)

ਸਤਿਗੁਰੂ ਜੀ ਦੇ ਤਰੁੱਠਣ ਸਦਕਾ ਗੁਰੂ ਦਰੋਂ ਮਿਲੀ ਇਸ ਅਰੰਮੀ ਦਾਤ ਨੂੰ ਆਪ ਜੀ ਨੇ ਸ਼ੁਕਰਾਨੇ ਭਾਵ ਵਿਚ ਪ੍ਰਗਟ ਕੀਤਾ ਹੈ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥
(ਗਉੜੀ ਬੈਰਾਗਣਿ ਮਹਲਾ ੪, ਪੰਨਾ 167)

ਗੁਰੂ ਜੀ ਆਪਣੇ ਸਿੱਖ ਦੀ ਪਿਆਰ ਸਦਕਾ ਹਮੇਸ਼ਾ ਇਸ ਤਰ੍ਹਾਂ ਸੰਭਾਲ ਕਰਦੇ ਹਨ ਜਿਵੇਂ ਆਪਣੇ ਤਨ ਤੋਂ ਜਾਏ ਬੱਚੇ ਦੀ ਮਾਂ ਸੰਭਾਲ ਕਰਦੀ ਹੈ :

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥
(ਗਉੜੀ ਬੈਰਾਗਣਿ ਮਹਲਾ ੪, ਪੰਨਾ 168)

ਸੰਸਾਰ ਅੰਦਰ ਖ਼ੂਨ ਦੇ ਰਿਸ਼ਤੇ ਦੀ ਕਚਿਆਈ ਜੱਗ ਜ਼ਾਹਰ ਹੈ। ਇਹ ਰਿਸ਼ਤੇ ਕੱਚੇ ਸਾਬਤ ਹੋਏ ਹਨ। ਕੱਚਿਆਂ ਦਾ ਕੀ ਸਹਾਰਾ ? ਸਿਰਫ਼ ਖ਼ੂਨ ਦੇ ਰਿਸ਼ਤੇ ਉਥੇ ਹੀ ਮਜ਼ਬੂਤ ਹੋਏ, ਜਿਥੇ ਕੁਝ ਪਿਆਰ ਦੀ ਸੁਗੰਧੀ ਨਾਲ ਸ਼ਾਮਲ ਹੋਈ। ਨਹੀਂ ਤਾਂ ਮਨੁੱਖ ਦਾ ਇਤਿਹਾਸ ਦੱਸਦਾ ਹੈ ਕਿ ਖ਼ੂਨ ਖ਼ੂਨ ਦਾ ਦੁਸ਼ਮਣ ਰਿਹਾ। ਖ਼ੂਨ ਖ਼ੂਨ ਦਾ ਪਿਆਸਾ ਰਿਹਾ।

ਭਗਤ ਪ੍ਰਹਿਲਾਦ ਤੇ ਹਰਣਾਖਸ਼ ਰਾਜੇ ਦਾ ਰਿਸ਼ਤਾ ਪਿਉ-ਪੁੱਤਰ ਦਾ ਹੈ। ਹਰਣਾਖਸ਼ ਨੇ ਭਗਤ ਪ੍ਰਹਿਲਾਦ ਨੂੰ ਅਨੇਕਾਂ ਤਸੀਹੇ ਦਿੱਤੇ ਅਤੇ ਜਾਨੋਂ ਮਾਰਨ ਦੀਆਂ ਅਨੇਕਾਂ ਕੋਸ਼ਿਸ਼ਾਂ ਕੀਤੀਆਂ।

ਕੰਸ ਤੇ ਸ੍ਰੀ ਕ੍ਰਿਸ਼ਨ ਦਾ ਸੰਬੰਧ ਮਾਮੇ ਤੇ ਭਣੇਵੇਂ ਦਾ ਹੈ। ਮਾਮੇ ਨੇ ਭਣੇਵੇਂ ਨੂੰ ਮਾਰਨ ਲਈ ਹੱਦ ਦਰਜੇ ਦੇ ਯਤਨ ਕੀਤੇ। ਇਹ ਵੱਖਰੀ ਗੱਲ ਹੈ ਕਿ ਆਪਣੇ ਭਣੇਵੇਂ ਨੂੰ ਮਾਰਦਾ ਕੰਸ ਰਾਜਾ ਭਣੇਵੇਂ ਕ੍ਰਿਸ਼ਨ ਹੱਥੋਂ ਹੀ ਮਰਿਆ।

ਔਰੰਗਜ਼ੇਬ ਨੇ ਰਾਜ ਸਿੰਘਾਸਨ ਪ੍ਰਾਪਤ ਕਰਨ ਵਾਸਤੇ ਆਪਣੇ ਪਿਉ ਬਾਦਸ਼ਾਹ ਸ਼ਾਹ ਜਹਾਨ ਨੂੰ ਕੈਦ ਅੰਦਰ ਪਿਆਸਾ ਤੜਪਾ-ਤੜਪਾ ਕੇ ਮਾਰਿਆ। ਆਪਣੇ ਸਕੇ ਭਰਾਵਾਂ—ਦਾਰਾ ਸ਼ਿਕੋਹ, ਸ਼ੁਜਾਹ ਤੇ ਮੁਰਾਦ—ਨੂੰ ਕੋਹ-ਕੋਹ ਕੇ ਮੌਤ ਦੇ ਘਾਟ ਉਤਾਰਿਆ।

ਗੁਰੂ ਅਰਜਨ ਦੇਵ ਜੀ ਦੇ ਪਰਉਪਕਾਰੀ ਜੀਵਨ ਅੰਦਰ ਮੁਸੀਬਤਾਂ ਤੇ ਰੁਕਾਵਟਾਂ ਖੜੀਆਂ ਕਰਨ ਵਾਲਾ ਸਕਾ ਭਰਾ ਬਾਬਾ ਪ੍ਰਿਥੀਚੰਦ ਤੇ ਭਰਜਾਈ ਕਰਮੋ ਹੀ ਸੀ। ਮਿਲ ਕੇ ਦੋਵੇਂ ਸਾਜ਼ਿਸ਼ਾਂ ਰਚਦੇ ਰਹੇ। ਰਿਸ਼ਤਾ ਤਾਂ ਖ਼ੂਨ ਦਾ ਸੀ, ਬੜਾ ਘਟੀਆ ਤੇ ਸੁਆਰਥੀ ਸਿੱਧ ਹੋਇਆ।

ਗੁਰੂ ਤੇਗ਼ ਬਹਾਦਰ ਜੀ ਜਦ ਬਾਬਾ ਬਕਾਲਾ ਵਿਖੇ ਪ੍ਰਗਟ ਹੋਏ ਤਾਂ ਗੁਰੂ ਹੋਣ ਦਾ ਭਰਮ ਪਾਲਣ ਵਾਲਾ ਸਕਾ ਭਤੀਜਾ ਬਾਬਾ ਧੀਰ ਮੱਲ ਸਹਿਣ ਨਾ ਕਰ ਸਕਿਆ। ਉਸ ਨੇ ਸਕੇ ਚਾਚੇ ਧੰਨ ਗੁਰੂ ਤੇਗ਼ ਬਹਾਦਰ ਜੀ ਦੇ ਉਪਰ ਆਪਣੇ ਖ਼ਾਸ ਬੰਦੇ ਸੀਹੇਂ ਮਸੰਦ ਰਾਹੀਂ ਗੋਲੀ ਚਲਵਾਈ, ਜੋ ਗੁਰੂ ਪਾਤਸ਼ਾਹ ਜੀ ਦੀ ਦਸਤਾਰ ਵਿੱਚੋਂ ਆਰ ਪਾਰ ਹੋ ਗਈ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਸ ਰਿਸ਼ਤੇ ਅੰਦਰ ਕੁਝ ਤਿਆਗ ਅਤੇ ਪਿਆਰ ਭਾਵਨਾ ਹੈ, ਉਹ ਹੀ ਨਿੱਭਦੇ ਹਨ। ਬਾਕੀ ਤਾਂ ਸ਼ਰੇਆਮ ਕੱਚ ਵਾਂਗੂੰ ਤੁਰੰਤ ਟੁੱਟ ਜਾਂਦੇ ਹਨ।

ਸਿੱਖ ਦਾ ਰਿਸ਼ਤਾ ਗੁਰੂ ਨਾਲ ਗੁਰੂ ਵਿਚਾਰ ਦੀ ਸਾਂਝ ਕਰਕੇ ਬਣਦਾ ਹੈ :

ਸਿਖੀ ਸਿਖਿਆ ਗੁਰ ਵੀਚਾਰਿ ॥ *(ਸਲੋਕ ਮਹਲਾ ੧, ਪੰਨਾ 465)*

ਫਿਰ ਸਿੱਖ ਵੀ ਉਹ ਜੋ ਸਤਿਗੁਰੂ ਜੀ ਨੂੰ ਜਾਗਤ ਜੋਤਿ ਦੇ ਰੂਪ ਵਿਚ ਮੰਨਦਾ ਹੋਵੇ, ਸਿਰਫ਼ ਸਿੱਖ ਅਖਵਾਉਣ ਦੇ ਭੁਲੇਖੇ ਵਿਚ ਨਾ ਹੋਵੇ। ਭਾਈ ਗੁਰਦਾਸ ਜੀ ਨੇ ਕਿੰਨਾ ਸੋਹਣਾ ਇਸ ਬਾਰੇ ਵਰਣਨ ਕੀਤਾ ਹੈ :

ਜੈਸੇ ਏਕ ਜਨਨੀ ਕੈ ਹੋਤ ਹੈ ਅਨੇਕ ਸੁਤ,
ਸਭ ਹੀ ਮੈ ਅਧਿਕ ਪਿਆਰੋ ਸੁਤ ਗੌਦ ਕੋ ॥

ਸਿਆਨੇ ਸੁਤ ਬਨਜ ਬਿਉਹਾਰ ਕੇ ਬੀਚਾਰ ਬਿਖੈ,
ਰੋਦ ਮੈ ਅਚੇਤੁ ਹੇਤੁ ਸੰਪੈ ਨ ਸਹੋਦ ਕੋ ॥
ਪਲਨਾ ਸੁਵਾਇ ਮਾਇ ਗ੍ਰਿਹਿ ਕਾਜ ਲਾਗੈ ਜਾਇ,
ਸੁਨਿ ਸੁਤ ਰੁਦਨ ਪੈ ਪੀਆਵੈ ਮਨ ਮੋਦ ਕੋ ॥
ਆਪਾ ਖੋਇ ਜੋਈ ਗੁਰ ਚਰਨ ਸਰਨਿ ਗਹੇ,
ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ ॥੩੯੨॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਸਤਿਗੁਰੂ ਜੀ ਦੀ ਪ੍ਰਸੰਨਤਾ ਮਿਲਦੀ ਹੈ ਉਸ ਸਿੱਖ ਨੂੰ, ਜਿਹੜਾ ਆਪਣੇ ਮਨ ਨੂੰ ਗੁਰੂ ਭਰੋਸੇ ਅੰਦਰ ਟਿਕਾ ਲੈਂਦਾ ਹੈ। ਐਸੇ ਸਿੱਖ ਦੇ ਗੁਰੂ ਸਦਾ ਹੀ ਅੰਗ ਸੰਗ ਵਰਤਦਾ ਹੈ।

ਪੰਜਵੇਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਿਆਰੇ ਸਿੱਖ ਭਾਈ ਮੰਝ ਜੀ (ਤੀਰਥਾ) ਨੂੰ ਖੂਹ ਵਿੱਚੋਂ ਕੱਢਣ ਵਾਸਤੇ ਦੌੜਦੇ ਆਏ। ਰੱਸਿਆਂ ਨਾਲ ਬਾਹਰ ਕੱਢਿਆ। ਗੁਰਵਾਕ ਹੈ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥

(ਆਸਾ ਮਹਲਾ ੫, ਪੰਨਾ 403)

ਫਿਰ ਸੇਵਕ ਨੂੰ ਪੁੱਛਿਆ—ਭਾਈ ਮੰਗ, ਕੀ ਦੇਈਏ ? ਤਾਂ ਭਾਈ ਮੰਝ ਜੀ ਨੇ ਸਿੱਖੀ ਸਿਦਕ ਗੁਰੂ ਪਿਆਰ ਦੀ ਹੀ ਮੰਗ ਕੀਤੀ। ਗੁਰੂ ਜੀ ਸੇਵਕ ਤੋਂ ਬਲਿਹਾਰ ਹੋਏ। ਗੁਰੂ ਅਤੇ ਸਿੱਖ ਦੇ ਪਿਆਰ ਨੂੰ ਇਤਿਹਾਸ ਨੇ ਕਾਵਿ ਅੰਦਾਜ਼ ਵਿਚ ਜਗਤ ਸਾਹਮਣੇ ਮਿਸਾਲ ਵੱਜੋਂ ਰੱਖਿਆ :

ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।

ਇਕ ਸਮੇਂ ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਆਈਆਂ। ਸ੍ਰੀ ਅੰਮ੍ਰਿਤਸਰ ਵਿਖੇ ਲੰਗਰ ਸੰਪੂਰਨ ਹੋ ਚੁੱਕਾ ਸੀ ਤਾਂ ਪਾਤਸ਼ਾਹ ਜੀ ਨੇ ਬੀਬੀ ਵੀਰੋ ਦੇ ਵਿਆਹ ਸਮੇਂ ਬਰਾਤੀਆਂ ਵਾਸਤੇ ਬਣਾ ਕੇ ਰੱਖੀ ਮਠਿਆਈ ਸਿੱਖਾਂ ਨੂੰ ਛਕਾਣ ਲਈ ਕਿਹਾ। ਮਠਿਆਈ ਵਰਤਾਉਣ ਵੱਲੋਂ ਜਦ ਮਾਤਾ ਜੀ ਨੇ ਰੋਕਿਆ ਕਿ ਬਰਾਤੀਆਂ ਨੂੰ ਕੀ ਖਵਾਵਾਂਗੇ ਤਾਂ ਸਾਹਿਬ ਜੀ ਨੇ ਕਿਹਾ ਕਿ ਜੋ ਵਸਤੂ ਸਿੱਖਾਂ ਨੂੰ ਨਹੀਂ ਮਿਲੀ, ਬਰਾਤੀ ਵੀ ਨਹੀਂ ਖਾਣਗੇ। ਸਿੱਖਾਂ ਦੇ ਉੱਚੇ ਪਿਆਰ ਨੂੰ ਸਤਿਗੁਰੂ ਜੀ ਨੇ ਦਰਸਾ ਦਿੱਤਾ :

ਸਿੱਖ ਸਮਾਨ ਔਰ ਨਹੀਂ ਨਾਤਾ। ਸਿਖਨ ਕਰ ਤੇ ਸੰਵਰੇ ਬਾਤਾ।
ਸਿੱਖ ਤ੍ਰਿਪਤ ਤੇ ਮੈਂ ਤ੍ਰਿਪਤਾਯੋ। ਸਿੱਖ ਮਹਿ ਮੇਰਾ ਰੂਪ ਸੁਹਾਯੋ।
ਕਹਾਂ ਤੁਛ ਥੀ ਵੁਹ ਮਠਿਆਈ। ਜੋ ਸਿਖਨ ਕੇ ਕਾਮ ਨਾ ਆਈ।

ਅੱਜ ਦੇ ਸੁਆਰਥੀ ਤੇ ਮੌਕਾ-ਪ੍ਰਸਤ ਰਿਸ਼ਤਿਆਂ ਅੰਦਰ ਪਾੜੇ ਸਾਫ਼ ਦਿਖਾਈ ਦੇ ਰਹੇ ਹਨ। ਪਰਿਵਾਰਕ ਸੰਬੰਧ ਬਿਖਰ ਰਹੇ ਹਨ। ਸੰਬੰਧਾਂ ਅੰਦਰ ਮਤਲਬ-ਪ੍ਰਸਤੀ ਦੀ ਦੁਰਗੰਧ ਵਿਆਪਕ ਉੱਠਦੀ ਦਿਖਾਈ ਦੇ ਰਹੀ ਹੈ।

ਦੇਖਿਆ ਗਿਆ ਹੈ ਕਿ ਭਰਾ, ਭਰਾ ਨੂੰ ਧੋਖਾ ਦੇ ਰਿਹਾ ਹੈ। ਮਿੱਤਰ, ਮਿੱਤਰ ਨਾਲ ਛਲ-ਕਪਟ ਕਰਦਾ ਪਿਆ ਹੈ। ਪਿਉ ਪੁੱਤਰ ਦੀ ਦੁਸ਼ਮਣੀ, ਭੈਣ-ਭਰਾਵਾਂ ਵਿਚ ਦੀਵਾਰ, ਪਤੀ ਪਤਨੀ ਵਿਚ ਤ੍ਰੇੜਾਂ। ਸੰਸਾਰੀ ਸੰਬੰਧਾਂ ਦੀ ਇਹ ਇਮਾਰਤ ਅਜੋਕੇ ਸਮੇਂ ਅੰਦਰ ਜ਼ਰਜ਼ਰੀ ਹੋਈ ਪਈ ਹੈ।

ਯਕੀਨਨ ਗੁਰੂ ਅਤੇ ਸਿੱਖ ਦਾ ਸੰਬੰਧ ਸਾਰੇ ਰਿਸ਼ਤਿਆਂ ਨਾਤਿਆਂ ਤੋਂ ਉੱਚਾ ਅਤੇ ਸੁੱਚਾ ਹੈ। ਗੁਰੂ ਲੋਕ ਪ੍ਰਲੋਕ 'ਚ ਵੀ ਸਹਾਈ ਹੈ :

ਪੀਰੁ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ ॥੭॥੨੭॥ *(ਵਾਰਾਂ, ਭਾਈ ਗੁਰਦਾਸ ਜੀ)*

ਅੰਧਾਪਣ ਤੇ ਸੁਜਾਖਾਪਣ

ਜਿਸ ਮਨੁੱਖ ਨੂੰ ਕੁਦਰਤ ਨੇ ਅੱਖਾਂ ਤਾਂ ਦਿੱਤੀਆਂ ਹਨ, ਅੱਖਾਂ ਵਿਚ ਪ੍ਰਕਾਸ਼ ਨਹੀਂ ਦਿੱਤਾ; ਸੰਸਾਰੀਆਂ ਨੇ ਉਸ ਨੂੰ ਅੰਧਾ ਆਖਿਆ। ਸੰਸਾਰ ਨੂੰ ਵੇਖਣ ਲਈ ਅੱਖਾਂ ਹੀ ਸਾਧਨ ਹਨ ਅਤੇ ਰੋਸ਼ਨੀ ਅੰਦਰ ਹੋਣੀ ਜ਼ਰੂਰੀ ਹੈ।

ਗੁਰਵਾਕ ਹੈ :

ਬਿਨੁ ਨੇਤ੍ਰਾ ਕਹਾ ਕੋ ਪੇਖੈ ॥ *(ਭੈਰਉ ਮਹਲਾ ੫, ਪੰਨਾ 1140)*

ਸਰੀਰ ਦੇ ਹਰ ਅੰਗ ਦੀ ਮਨੁੱਖ ਨੂੰ ਲੋੜ ਹੈ। ਸਾਰੇ ਅੰਗ ਮਿਲ ਕੇ ਪੂਰਨ ਸਰੀਰ ਬਣਦਾ ਹੈ। ਧਾਰਮਿਕ ਪੁਰਸ਼ਾਂ ਨੇ ਉਨ੍ਹਾਂ ਮਨੁੱਖਾਂ ਨੂੰ ਅੰਧਾ ਆਖਿਆ ਹੈ ਜਿਨ੍ਹਾਂ ਕੋਲ ਸੰਸਾਰ ਨੂੰ ਵੇਖਣ ਦੀ ਤਾਂ ਸਮਰੱਥਾ ਹੈ ਪਰ ਸਿਰਜਣਹਾਰ ਨੂੰ ਵੇਖਣ ਦੀ ਭਾਵਨਾ ਤੇ ਸਮਝ ਨਹੀਂ। ਜੈਸੇ :

ਬੁੱਲ੍ਹਿਆ ਸ਼ਹੁ ਅਸਾਂ ਥੀ ਵੱਖ ਨਹੀਂ।
ਬਿਨਾ ਸ਼ਹੁ ਦੇ ਕੱਖ ਨਹੀਂ।
ਪਰ ਵੇਖਣ ਵਾਲੀ ਅੱਖ ਨਹੀਂ। *(ਸਾਈਂ ਬੁੱਲ੍ਹੇ ਸ਼ਾਹ)*

ਇਕ ਸ਼ਾਇਰ ਦਾ ਵੀ ਕਹਿਣਾ ਹੈ :

ਸ਼ਮ੍ਹਾ ਮਹਿਫ਼ਲ ਮੇਂ, ਚਮਨ ਮੇਂ ਗੁਲ, ਫ਼ਲਕ ਪਰ ਮੇਹਰੋ-ਮਾਹ;
ਦੇਖਨੇ ਵਾਲਾ ਜੋ ਹੋ, ਹਰ ਜਾ ਤੇਰੀ ਤਸਵੀਰ ਹੈ।

ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਮਨੁੱਖਾਂ ਨੂੰ ਅੰਧਾ ਨਹੀਂ ਮੰਨਿਆ ਜਿਨ੍ਹਾਂ ਪਾਸ ਸਥੂਲ ਨੇਤ੍ਰ ਨਹੀਂ ਹਨ। ਜਿਨ੍ਹਾਂ ਪਾਸ ਜ਼ਿੰਦਗੀ ਦੇਣ ਵਾਲੇ ਅਤੇ ਦਾਤਾਂ ਦੇਣ ਵਾਲੇ ਦਾਤਾਰ ਨੂੰ ਵੇਖਣ ਦੀ ਭਾਵਨਾ ਨਹੀਂ; ਉਨ੍ਹਾਂ ਨੂੰ ਅਸਲ ਅੰਧੇ ਮੰਨਿਆ ਹੈ :

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ *(ਸਲੋਕ ਮਹਲਾ ੨, ਪੰਨਾ 954)*

ਭਗਤ ਸੂਰਦਾਸ ਜੀ ਪਾਸ ਸਥੂਲ ਅੱਖਾਂ ਨਹੀਂ ਸਨ, ਪਰ ਭਗਤੀ ਦੀ ਸਿਖਰਤਾ ਨੂੰ ਛੋਹਿਆ। ਉਨ੍ਹਾਂ ਦੇ ਹਿਰਦੇ ਅੰਦਰੋਂ ਪ੍ਰਭੂ-ਪਿਆਰ ਦੀ ਧਾਰਾ ਵਹਿ ਤੁਰੀ। ਉਨ੍ਹਾਂ ਦੇ ਉਪਦੇਸ਼ ਦੀ ਇਕ ਤੁਕ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਰਾਗ ਸਾਰੰਗ ਵਿਚ ਪ੍ਰਕਾਸ਼ਵਾਨ ਹੈ :

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ *(ਸਾਰੰਗ ਮਹਲਾ ੫, ਸੂਰਦਾਸ, ਪੰਨਾ 1253)*

ਐ ਮਨ ! ਉਨ੍ਹਾਂ ਪੁਰਸ਼ਾਂ ਕੋਲ ਬੈਠ ਕੇ ਕੀ ਲੈਣਾ ਜਿਨ੍ਹਾਂ ਦੇ ਹਿਰਦੇ ਪ੍ਰਭੂ ਪਿਆਰ ਬਿਨਾਂ ਸੁੱਕੇ ਹਨ।

ਉਨ੍ਹਾਂ ਮਨੁੱਖਾਂ ਦੇ ਜਨਮ ਦਾ ਫਲ ਕੀ ਮਿਥਿਆ ਜਾਵੇ, ਜੋ ਪ੍ਰੇਮਾ-ਭਗਤੀ ਤੋਂ ਸੱਖਣੇ ਹਨ। ਮਨ ਖ਼ਾਲੀ ਹੀ ਗੂੰਜਦੇ ਹਨ। ਜੀਵਨ ਦਾ ਮਨੋਰਥ ਬੁੱਝਿਆ ਹੀ ਨਹੀਂ।

ਗੁਰੂ ਅਰਜਨ ਦੇਵ ਜੀ ਦਾ ਬਚਨ ਹੈ :

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 251)

ਕਿਸੇ ਮਨੁੱਖ ਨੇ ਆਪਣੇ ਜੀਵਨ ਦਾ ਲਕਸ਼ ਧਨ ਦੌਲਤ ਨੂੰ ਹੀ ਮਿਥਿਆ। ਉਹ ਸਾਰੀ ਉਮਰ ਇਸ ਪਿੱਛੇ ਹੀ ਦੌੜਦਾ ਰਹਿੰਦਾ ਹੈ, ਕਿਸੇ ਨੇ ਖਾਣ ਪੀਣ ਨੂੰ, ਕਿਸੇ ਨੇ ਚੌਧਰ ਤੇ ਸ਼ੁਹਰਤ ਨੂੰ, ਕਿਸੇ ਨੇ ਸੰਤਾਨ ਨੂੰ। ਪਰ ਭਗਵਾਨ ਦਾ ਚੇਤਾ ਤਾਂ ਕਿਸੇ ਵਡਭਾਗੀ ਨੂੰ ਹੀ ਹੁੰਦਾ ਹੈ :

ਮਾਇਆਂ ਮੋਹਿ ਸਗਲ ਜਗੁ ਛਾਇਆ ॥
ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ *(ਪ੍ਰਭਾਤੀ ਮਹਲਾ ੧, ਪੰਨਾ 1342)*

ਵਿਚਾਰਵਾਨਾਂ ਦਾ ਐਸਾ ਕਹਿਣਾ ਹੈ ਕਿ ਅਗਿਆਨਤਾ ਹੀ ਅੰਧਾਪਣ ਹੈ। ਜ਼ਹਿਰ ਦਾ ਗਿਆਨ ਹੁੰਦਿਆਂ ਮਨੁੱਖ ਆਪਣੇ ਹੱਥ ਪਿੱਛੇ ਕਰ ਲੈਂਦਾ ਹੈ, ਪਰ ਗਿਆਨ ਬਿਨਾਂ ਉਸ ਨੂੰ ਭੋਜਨ ਜ਼ਹਿਰੀਲਾ ਨਜ਼ਰ ਹੀ ਨਹੀਂ ਆਉਂਦਾ। ਖਾ ਲੈਂਦਾ ਹੈ। ਬੱਚੇ ਪਾਸ ਭੋਲਾਪਣ ਤਾਂ ਹੈ ਪਰ ਗਿਆਨ ਨਹੀਂ। ਉਸ ਲਈ ਸੱਪ ਵੀ ਖਿਡਾਉਣਾ ਹੈ, ਅੱਗ ਦਾ ਅੰਗਿਆਰ ਵੀ ਖਿਡਾਉਣਾ ਹੈ। ਉਨ੍ਹਾਂ ਨੂੰ ਹੱਥ ਵਿਚ ਫੜਨ ਦੀ ਜ਼ਿੱਦ ਵੀ ਕਰਦਾ ਹੈ, ਪਰ ਮਾਂ ਤੇ ਬਾਪ ਸਿਆਣੇ ਹਨ। ਜਾਣਿਆ ਕਿ ਅੱਗ ਦੁਖ ਦੇਵੇਗੀ, ਸੱਪ ਕੱਟ ਵੀ ਦੇਵੇਗਾ। ਬੱਚੇ ਨੂੰ ਸੰਭਾਲ-ਸੰਭਾਲ ਕੇ ਰੱਖਦੇ ਹਨ।

ਗੁਰੂ ਜੀ ਦਾ ਫ਼ੁਰਮਾਨ ਹੈ :

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥
(ਮਲਾਰ ਮਹਲਾ ੫, ਪੰਨਾ 1266)

ਸੰਸਾਰ ਅੰਦਰ ਪਰਮਾਤਮਾ ਨੇ ਅਨੇਕਾਂ ਅਵਤਾਰ, ਪੈਗ਼ੰਬਰ, ਵਲੀ, ਨਬੀ, ਗੁਰੂ ਭੇਜੇ ਤਾਂ ਕਿ ਮਨੁੱਖ ਇਨ੍ਹਾਂ ਪਾਸੋਂ ਗਿਆਨ ਦਾ ਚਾਨਣ ਲੈ ਕੇ ਆਪਣੀ ਜ਼ਿੰਦਗੀ ਦਾ ਰਾਹ ਰੁਸ਼ਨਾ ਸਕਣ, ਪਰ ਮਨੁੱਖ ਦੀ ਬੇਪਰਵਾਹੀ ਦੱਸਦੀ ਹੈ ਕਿ ਇਹਨੇ ਉਨ੍ਹਾਂ ਤੋਂ ਲਾਭ ਲੈਣ ਦੀ ਬਜਾਏ ਉਨ੍ਹਾਂ ਨੂੰ ਸਲੀਬ 'ਤੇ ਟੰਗਿਆ, ਤੱਤੀ ਤਵੀ 'ਤੇ ਬਿਠਾਇਆ, ਤਲਵਾਰ ਦੇ ਵਾਰ ਕੀਤੇ, ਤਸੀਹਿਆਂ ਨਾਲ ਪੀੜਿਆ। ਰੱਬੀ ਗੁਣਾਂ ਨਾਲ ਭਰਪੂਰ ਖ਼ਜ਼ਾਨਿਆਂ ਦੀ ਮਨੁੱਖ ਨੇ ਕਦਰ ਕਿਥੇ ਪਾਈ ? ਉਨ੍ਹਾਂ ਦੇ ਉਪਦੇਸ਼ ਅੱਜ ਵੀ ਧਰਮ ਗ੍ਰੰਥਾਂ ਅੰਦਰ ਪ੍ਰਕਾਸ਼ਵਾਨ ਹਨ। ਉਨ੍ਹਾਂ ਨੂੰ ਪੜ੍ਹਨ ਸੁਨਣ ਤੇ ਵਿਚਾਰਨ ਦੀ ਮਨੁੱਖ ਕੋਲ ਵਿਹਲ ਕਿਥੇ ? ਅੱਖਾਂ ਮੀਟ ਕੇ ਮਨੁੱਖ ਤੁਰੇ ਜਾ ਰਹੇ ਹਨ। ਬਹੁਤ

ਵਿਰਲੇ ਹਨ, ਜਿਨ੍ਹਾਂ ਨੂੰ ਰੱਬੀ ਗਿਆਨ ਦੀ ਸਮਝ ਆਈ। ਉਨ੍ਹਾਂ ਨੇ ਹੀ ਇਨ੍ਹਾਂ ਦਰਗਾਹੀ ਹੀਰਿਆਂ, ਜਵਾਹਰਾਤਾਂ, ਮੋਤੀਆਂ ਨਾਲ ਝੋਲੀਆਂ ਭਰ ਕੇ ਆਤਮਿਕ ਅਮੀਰੀ ਪ੍ਰਾਪਤ ਕੀਤੀ ਹੈ। ਉਂਜ ਤਾਂ ਜਗਤ ਆਪਣੀ ਧੁਨ 'ਚ ਬੇਧਿਆਨਾ ਹੋ ਕੇ ਤੁਰਿਆ ਜਾ ਰਿਹਾ ਹੈ :

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥

(ਸਲੋਕ ਭਗਤ ਕਬੀਰ ਜੀ ਕੇ, ਪੰਨਾ 1370)

ਜਗਤ ਗੁਰੂ ਨਾਨਕ ਦੇਵ ਜੀ ਨੇ ਇਕ ਲਾਲ ਭਾਈ ਮਰਦਾਨਾ ਜੀ ਨੂੰ ਦਿੱਤਾ। ਭਾਈ ਮਰਦਾਨਾ ਜੀ ਉਸ ਨੂੰ ਪਟਨੇ ਸਾਹਿਬ (ਬਿਸੰਭਰਪੁਰ ਬਸਤੀ) ਵੇਚਣ ਚਲੇ ਗਏ। ਇਕ ਸਬਜ਼ੀ ਵਾਲੇ ਨੇ ਕੋਈ ਕਦਰ ਨਾ ਪਾਈ। ਸੋਹਣਾ ਵੇਖ ਕੇ ਪੰਜ-ਛੇ ਕਿੱਲੋ ਸਬਜ਼ੀ ਦੇਣੀ ਚਾਹੀ। ਹਲਵਾਈ ਨੇ ਜਦ ਲਾਲ ਵੇਖਿਆ ਤਾਂ ਉਸ ਨੂੰ ਦੋ ਕੁ ਕਿੱਲੋ ਮਠਿਆਈ ਦੀ ਪੇਸ਼ਕਸ਼ ਕੀਤੀ। ਬਜਾਜ ਨੇ ਸੋਚਿਆ, ਵੇਖਣ ਨੂੰ ਪੱਥਰ ਪਿਆਰਾ ਹੈ; ਰੱਖ ਲੈਂਦੇ ਹਾਂ, ਪਰਦੇਸੀ ਪੁਰਸ਼ ਹੈ, ਚਲੋ ਦੋ ਕੁ ਗਜ਼ ਕੱਪੜਾ ਦੇ ਦਿੰਦੇ ਹਾਂ। ਅੰਤ ਨੂੰ ਸਤਿਗੁਰੂ ਜੀ ਦੇ ਦੱਸਣ ਅਨੁਸਾਰ ਭਾਈ ਮਰਦਾਨਾ ਜੀ ਪਾਰਖੂ ਪੁਰਸ਼ ਜੌਹਰੀ ਸਾਲਸ ਰਾਇ ਦੇ ਪਾਸ ਗਏ। ਉਸ ਪਾਰਖੂ ਨੇ ਲਾਲ ਨੂੰ ਵੇਖਣ ਉਪਰੰਤ ਸਿਰਫ਼ ਦਰਸ਼ਨੀ ਭੇਟਾ ਵਜੋਂ ਹੀ ਸੌ ਰੁਪਿਆ ਭਾਈ ਮਰਦਾਨਾ ਜੀ ਨੂੰ ਦਿੱਤਾ। ਫਿਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਅਤੇ ਸੰਗਤ ਕਰਨ ਦਾ ਸੁਭਾਗ ਬਣਿਆ। ਹੱਥੀਂ ਪ੍ਰਸ਼ਾਦਾ ਲੈ ਕੇ ਗਿਆ, ਪ੍ਰਸ਼ਾਦਾ ਛਕਣ ਉਪਰੰਤ ਸਤਿਗੁਰੂ ਜੀ ਨੇ ਜੌਹਰੀ ਸਾਲਸ ਰਾਇ ਨੂੰ ਜ਼ਿੰਦਗੀ ਰੂਪੀ ਲਾਲ ਅਤੇ ਨਾਮ ਰੂਪੀ ਲਾਲ ਦੀ ਸੋਝੀ ਬਖ਼ਸ਼ ਕੇ ਭਗਤੀ ਦੀ ਪ੍ਰੇਰਨਾ ਦੇ ਕੇ ਨਿਹਾਲ ਕੀਤਾ। ਅਗਿਆਨਤਾ ਦਾ ਅੰਧਾਪਣ ਤਾਂ ਸਤਿਗੁਰੂ ਪਾਸੋਂ ਹੀ ਦੂਰ ਹੁੰਦਾ ਹੈ :

ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥
ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥

(ਸੋਰਠਿ ਮਹਲਾ ੫, ਪੰਨਾ 609)

ਤਥਾ :

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥

(ਸੋਰਠਿ ਮਹਲਾ ੫, ਪੰਨਾ 610)

ਦਾਤਾਂ ਤਾਂ ਦਾਤਾਰ ਪਰਮਾਤਮਾ ਦੀਆਂ ਹਨ, ਮਨੁੱਖ ਦੇ ਵਰਤਣ ਵਾਸਤੇ ਹਨ। ਮਨੁੱਖ ਇਨ੍ਹਾਂ ਦੇ ਮੋਹ ਅਤੇ ਮਾਣ ਅੰਦਰ ਫਸ ਕੇ ਦਾਤੇ ਨੂੰ ਭੁਲਾ ਛੱਡਦਾ ਹੈ। ਬੱਸ ਇਹ ਹੀ ਅੰਧਾਪਣ ਹੈ :

ਧਨ ਭੂਮਿ ਕਾ ਜੋ ਕਰੈ ਗੁਮਾਨੁ ॥
ਸੋ ਮੂਰਖੁ ਅੰਧਾ ਅਗਿਆਨੁ ॥ *(ਗਉੜੀ ਸੁਖਮਨੀ ਮ: ੫, ਪੰਨਾ 278)*

ਇਕ ਬੜੀ ਰੋਚਕ ਵਾਰਤਾ ਹੈ। ਇਕ ਰਾਜਾ ਸਿੰਘਾਸਨ 'ਤੇ ਬੈਠਾ ਹੋਇਆ ਸੀ। ਉਸ ਨੂੰ ਪਿਆਸ ਲੱਗ ਗਈ। ਉਸ ਨੇ ਪੀਣ ਲਈ ਵਜ਼ੀਰ ਪਾਸੋਂ ਪਾਣੀ ਦੀ

ਮੰਗ ਕੀਤੀ। ਵਜ਼ੀਰ ਨੇ ਇਕ ਪਾਣੀ ਦਾ ਪਿਆਲਾ ਬਾਦਸ਼ਾਹ ਵੱਲ ਵਧਾਇਆ। ਪਿਆਸਾ ਬਾਦਸ਼ਾਹ ਜਿਉਂ ਹੀ ਪਾਣੀ ਪੀਣ ਲੱਗਾ ਤਾਂ ਸਿਆਣੇ ਵਜ਼ੀਰ ਨੇ ਇਕ ਅਰਜ਼ ਕੀਤੀ, ਆਖਿਆ—ਬਾਦਸ਼ਾਹ ਸਲਾਮਤ ! ਪਾਣੀ ਪੀਣ ਤੋਂ ਪਹਿਲਾਂ ਮੈਨੂੰ ਇਕ ਸੁਆਲ ਦਾ ਜੁਆਬ ਦਿਉ। ਬਾਦਸ਼ਾਹ ਨੇ ਕਿਹਾ—ਜਲਦੀ ਦੱਸ ਸੁਆਲ ਕੀ ਹੈ, ਮੈਨੂੰ ਪਿਆਸ ਲੱਗੀ ਹੈ। ਵਜ਼ੀਰ ਨੇ ਕਿਹਾ—ਬਾਦਸ਼ਾਹ ਸਲਾਮਤ ਮੰਨ ਲਵੋ; ਤੁਸੀਂ ਕਿਸੇ ਐਸੇ ਥਾਂ 'ਤੇ ਜਾ ਰਹੇ ਹੋਵੋ, ਜਿਥੇ ਤੁਹਾਨੂੰ ਪਿਆਸ ਬਹੁਤ ਸਤਾਉਣ ਲੱਗ ਪਵੇ ਤੇ ਦੂਰ-ਦੁਰਾਡੇ ਪਾਣੀ ਦਿਖਾਈ ਨਾ ਦੇਵੇ ਅਤੇ ਤੁਹਾਡੀ ਪਿਆਸ ਨਾਲ ਜਾਨ ਬੁੱਲ੍ਹਾਂ 'ਤੇ ਆ ਜਾਵੇ ਤਾਂ ਅਚਾਨਕ ਕਿਸੇ ਪਾਸਿਓਂ ਕੋਈ ਪਰਉਪਕਾਰੀ ਪੁਰਸ਼ ਪਾਣੀ ਦਾ ਇਕ ਪਿਆਲਾ ਤੁਹਾਨੂੰ ਦੇ ਦੇਵੇ ਅਤੇ ਤੁਸੀਂ ਉਸ ਨੂੰ ਪੀ ਕੇ ਆਪਣੇ ਪ੍ਰਾਣ ਬਚਾਅ ਲਵੋ। ਫਿਰ ਦੱਸੋ ਪਾਣੀ ਪਿਲਾਉਣ ਵਾਲੇ ਨੇਕ ਪੁਰਸ਼ ਨੂੰ ਕੀ ਦਿਓਗੇ ? ਬਾਦਸ਼ਾਹ ਸੋਚ ਲੱਗਾ, ਕਿਹਾ—ਐ ਵਜ਼ੀਰ ! ਗੱਲ ਤਾਂ ਤੇਰੀ ਠੀਕ ਹੈ। ਅਗਰ ਇਸ ਤਰ੍ਹਾਂ ਜੇ ਹੋ ਜਾ ਤਾਂ ਮੈਂ ਉਸ ਨੇਕ ਪੁਰਸ਼ ਨੂੰ ਆਪਣਾ ਅੱਧਾ ਰਾਜ ਦੇ ਦੇਵਾਂਗਾ। ਕਿਉਂਕਿ ਜਾਨ ਹੈ ਤਾਂ ਜਹਾਨ ਹੈ।

ਵਜ਼ੀਰ ਨੇ ਕਿਹਾ—ਰਾਜਨ ! ਪਾਣੀ ਪੀ ਲਵੋ। ਰਾਜੇ ਨੇ ਦਿਲ ਭਰ ਕੇ ਪਾਣੀ ਪੀ ਲਿਆ। ਪਿਆਲਾ ਰੱਖ ਦਿੱਤਾ ਤਾਂ ਵਜ਼ੀਰ ਨੇ ਦੂਜਾ ਸੁਆਲ ਕੀਤਾ—ਐ ਬਾਦਸ਼ਾਹ ਸਲਾਮਤ ! ਇਕ ਸੁਆਲ ਹੋਰ ਹੈ। ਜਦ ਤੁਸੀਂ ਪਾਣੀ ਪੀ ਲਵੋ ਤਾਂ ਉਹ ਪਾਣੀ ਤੁਹਾਡੇ ਸਰੀਰ ਅੰਦਰੋਂ ਖ਼ਾਰਜ ਨਾ ਹੋਵੇ ਤੇ ਸਰੀਰਕ ਪ੍ਰੇਸ਼ਾਨੀ ਤੇ ਤਕਲੀਫ਼ ਵਧਣ ਲੱਗ ਪਏ। ਔਖੀ ਘੜੀ ਬਣ ਜਾਵੇ ਤਾਂ ਤੁਹਾਡੀ ਜਾਨ ਬਚਾਉਣ ਲਈ ਕੋਈ ਸਿਆਣਾ ਹਕੀਮ, ਵੈਦ, ਡਾਕਟਰ ਤੁਹਾਨੂੰ ਐਸੀ ਦਵਾਈ ਦੇਵੇ, ਜਿਸ ਨਾਲ ਪੇਟ ਅੰਦਰ ਰੁਕਿਆ ਪਾਣੀ ਬਾਹਰ ਨਿਕਲ ਜਾਵੇ। ਤੁਹਾਡੀ ਜਾਨ ਬੱਚ ਜਾਵੇ ਤਾਂ ਉਸ ਹਕੀਮ, ਵੈਦ ਜਾਂ ਡਾਕਟਰ ਨੂੰ ਕੀ ਦੇਵੋਗੇ ? ਤਾਂ ਬਾਦਸ਼ਾਹ ਨੇ ਸੋਚ ਕੇ ਕਿਹਾ—ਐ ਮੇਰੇ ਸਿਆਣੇ ਵਜ਼ੀਰ ! ਮੈਂ ਉਸ ਹਕੀਮ ਨੂੰ ਬਾਕੀ ਰਹਿੰਦਾ ਅੱਧਾ ਰਾਜ ਸੌਂਪ ਦੇਵਾਂਗਾ।

ਵਜ਼ੀਰ ਨੇ ਕਿਹਾ—ਬਾਦਸ਼ਾਹ ਸਲਾਮਤ ! ਮਨੁੱਖ ਐਵੇਂ ਹੀ ਬੇਸਮਝੀ ਕਰ ਕੇ ਦਾਤਾਂ ਦਾ ਅਹੰਕਾਰ ਕਰ ਕੇ ਦਾਤੇ ਨੂੰ ਵਿਸਾਰ ਦਿੰਦਾ ਹੈ। ਤੁਹਾਡੇ ਸਾਰੇ ਰਾਜ ਭਾਗ ਦਾ ਮੁੱਲ ਇਕ ਪਾਣੀ ਦਾ ਪਿਆਲਾ ਹੈ; ਬਲਕਿ ਇਕ ਪਾਣੀ ਦਾ ਪਿਆਲਾ ਤਾਂ ਉਸ ਤੋਂ ਵੀ ਮਹਾਨ ਹੈ।

ਸਾਰੀ ਦੁਨੀਆ ਦੀ ਦੌਲਤ ਇਕੱਠੀ ਕਰ ਦੇਈਏ ਤਾਂ ਵੀ ਦੁਰਲੱਭ ਮਨੁੱਖਾ ਸਰੀਰ ਤੇ ਸਵਾਸ ਨਹੀਂ ਮਿਲਦੇ। ਵਡਭਾਗੇ ਤੇ ਜਾਗੇ, ਸੁਜਾਖੇ ਮਨੁੱਖ ਦਾਤਾਂ ਨੂੰ ਦਾਤੇ ਦੀ ਨਿਸ਼ਾਨੀ ਜਾਣ ਕੇ ਅਰਾਧਦੇ ਹਨ :

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥ *(ਜਪੁਜੀ)*

ਪਰਮਾਤਮਾ ਵੱਲੋਂ ਮਿਲੇ ਗੁਣ, ਅਕਲ, ਪਦਾਰਥਾਂ ਦੇ ਬਲਬੂਤੇ 'ਤੇ ਕਈ ਮਨੁੱਖ ਅਹੰਕਾਰੀ ਹੋ ਜਾਂਦੇ ਹਨ। ਆਪਣੀ ਸੋਭਾ ਦੇ ਡੰਕੇ ਵਜਾਉਂਦੇ ਹਨ। ਜਿਸ ਵਾਹਿਗੁਰੂ

ਨੇ ਗੁਣ, ਅਕਲ, ਰੂਪ, ਪਦਾਰਥਾਂ ਨਾਲ ਮਾਲਾ-ਮਾਲ ਕੀਤਾ, ਉਸ ਦੀ ਕੀਰਤੀ ਤਾਂ ਉਨ੍ਹਾਂ ਨੂੰ ਚੰਗੀ ਹੀ ਨਹੀਂ ਲੱਗਦੀ। ਐਸਾ ਬਦ-ਕਿਸਮਤ ਮਨੁੱਖ ਨਾ ਸੱਚ ਨੂੰ ਵੇਖ ਸਕਦਾ ਤੇ ਨਾ ਹੀ ਸੱਚ ਨੂੰ ਸੁਣ ਸਕਦਾ ਹੈ :

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ *(ਮਹਲਾ ੩, ਪੰਨਾ 313)*

ਮੰਜ਼ਲ 'ਤੇ ਪਹੁੰਚਣ ਲਈ ਸੁਜਾਖੇ ਪੁਰਸ਼ਾਂ ਗੁਰਮੁਖਾਂ ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਮਨਮਤੀਏ ਤੇ ਅਗਿਆਨੀ ਪੁਰਸ਼ਾਂ ਨੇ ਸਦਾ ਗੁੰਮਰਾਹ ਹੀ ਕੀਤਾ ਹੈ। ਗੁਰਮਤਿ ਦੇ ਗਾਡੀ-ਰਾਹ 'ਤੇ ਚੱਲਣ ਵਾਲੇ ਗੁਰਸਿੱਖ ਨੂੰ ਪਾਤਸ਼ਾਹ ਜੀ ਨੇ ਸੁਚੇਤ ਕੀਤਾ ਹੈ :

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ *(ਸਲੋਕ ਮਹਲਾ ੨, ਪੰਨਾ 954)*

ਸਤਿਗੁਰੂ ਜੀ ਦੇ ਸਿੱਖੀ ਮਾਰਗ ਤੋਂ ਭਟਕੇ ਕਈ ਵਿਚਾਰੇ ਕਬਰਾਂ, ਮੜ੍ਹੀਆਂ ਤੇ ਪੀਰਾਂ ਨੂੰ ਪੂਜਦੇ ਫਿਰਦੇ ਹਨ। ਦੇਵੀ ਦੇਵਤਿਆਂ ਅੱਗੇ ਨੱਕ ਘਸਾਉਂਦੇ ਹਨ। ਕੂੜ (ਝੂਠੀਆਂ) ਕਿਰਿਆਵਾਂ ਵਿਚ ਰੁੱਝੇ ਹਨ। ਬੱਸ ਇਹ ਹੀ ਜੀਵਨ ਦਾ ਅੰਧਾਪਣ ਹੈ। ਸੁਜਾਖਾਪਣ ਹੈ; ਕਲਜੁਗ ਦੇ ਧੁੰਧੂਕਾਰ ਅੰਦਰ ਪਰਮ ਪ੍ਰਕਾਸ਼ ਦੇ ਮਹਾਂ ਸੂਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸੁਣੀਏ, ਪੜ੍ਹੀਏ, ਵਿਚਾਰੀਏ ਅਤੇ ਮੰਨ ਅੰਦਰ ਵਸਾਈਏ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥
(ਸਿਰੀਰਾਗੁ ਮਹਲਾ ੩, ਪੰਨਾ 67)

ਤਥਾ :

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥ *(ਆਸਾ ਮਹਲਾ ੫, ਪੰਨਾ 376)*

ਰਖੇ ਰਖਨਹਾਰ

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਰਾਹੀਂ ਤਿੰਨ ਉਦਾਹਰਣਾਂ ਦੇ ਕੇ ਸਤਿਗੁਰੂ ਜੀ ਦੀ ਕ੍ਰਿਪਾਲਤਾ ਦਾ ਦਰਸ਼ਨ ਕਰਵਾਇਆ ਹੈ। ਸਤਿਗੁਰੂ ਜੀ ਸਦਾ ਹੀ ਸੇਵਕ ਦੀ ਭਲਿਆਈ ਤੇ ਰੱਖਿਆ ਕਰਦੇ ਹਨ। ਜਮ, ਜਿਸ ਤੋਂ ਮਨੁੱਖਾਂ ਦੇ ਮਨ ਭੈ-ਭੀਤ ਰਹਿੰਦੇ ਹਨ, ਉਹ ਸਚਿਆਰੇ ਸਿੱਖਾਂ ਦੇ ਦਾਸਾਂ ਦੇ ਦਾਸ ਬਣ ਜਾਂਦੇ ਹਨ, ਜਦੋਂ ਸਿੱਖ ਪੂਰਨ ਰੂਪ ਵਿਚ ਗੁਰੂ ਜੀ ਨਾਲ ਪਿਆਰ ਤੇ ਸਿਦਕ ਦੀ ਸਾਂਝ ਬਣਾ ਕੇ ਹੁਕਮੀ ਬੰਦਾ ਬਣ ਜਾਂਦਾ ਹੈ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

ਜੈਸੇ ਕਿਰਤਾਸ ਗਰ ਜਾਤ ਜਲ ਬੂੰਦ ਪਰੀ,
ਘ੍ਰਿਤ ਸਨਬੰਧ ਜਲ ਮਧਿ ਸਾਵਧਾਨ ਹੈ ॥
ਜੈਸੇ ਕੋਟਿ ਭਾਰ ਤੂਲ ਤਨਕ ਚਿਨਗ ਜਰੈ,
ਤੇਲ ਮੇਲਿ ਦੀਪਕ ਮੈਂ ਬਾਤੀ ਬਿਦਮਾਨ ਹੈ ॥
ਜੈਸੇ ਲੋਹੋ ਬੂਡ ਜਾਤ ਸਲਿਲ ਮੈਂ ਡਾਰਤ ਹੀ,
ਕਾਸਟ ਪ੍ਰਸੰਗ ਗੰਗ ਸਾਗਰ ਨ ਮਾਨ ਹੈ ॥

ਜਿਵੇਂ ਕਾਗ਼ਜ਼ ਪਾਣੀ ਦੀਆਂ ਬੂੰਦਾਂ ਨਾਲ ਗਿੱਲਾ ਹੋ ਕੇ ਗਲ ਜਾਂਦਾ ਹੈ, ਪਰ ਜੇ ਕਾਗ਼ਜ਼ ਨੂੰ ਘਿਉ ਨਾਲ ਲਬੇੜ ਦੇਈਏ ਤਾਂ ਪਾਣੀ ਦਾ ਉਸ ਕਾਗ਼ਜ਼ ਉੱਤੇ ਕੋਈ ਅਸਰ ਨਹੀਂ ਹੁੰਦਾ।

ਜਿਵੇਂ ਕਰੋੜਾਂ ਰੂੰ ਦੀਆਂ ਗੱਠਾਂ ਅੱਗ ਦੀ ਇਕ ਚਿੰਗਾਰੀ ਨਾਲ ਸੜ ਕੇ ਸੁਆਹ ਹੋ ਜਾਂਦੀਆਂ ਹਨ, ਪਰ ਜੇਕਰ ਰੂੰ ਦੀ ਵੱਟੀ ਵੱਟ ਕੇ ਦੀਵੇ ਅੰਦਰ ਰੱਖ ਕੇ ਉਪਰ ਤੇਲ ਪਾ ਦੇਈਏ ਤਾਂ ਰੂੰ ਦੀ ਛੋਟੀ ਜਿਹੀ ਵੱਟੀ ਸਾਰੀ ਰਾਤ ਜਗ ਕੇ ਰੋਸ਼ਨੀ ਦਿੰਦੀ ਹੈ। ਤੇਲ ਉਸ ਦੀ ਰੱਖਿਆ ਕਰਦਾ ਹੈ।

ਇੰਜ ਹੀ ਲੋਹੇ ਦਾ ਟੁਕੜਾ ਪਾਣੀ ਅੰਦਰ ਡਿੱਗਦਿਆਂ ਹੀ ਡੁੱਬ ਜਾਂਦਾ ਹੈ, ਪਰ ਉਸ ਲੋਹੇ ਦੇ ਟੁਕੜੇ ਨੂੰ ਲੱਕੜ ਨਾਲ ਜੋੜ ਦੇਈਏ ਤਾਂ ਡੁੱਬਦਾ ਨਹੀਂ; ਬਲਕਿ ਤਰਦਾ ਹੈ। ਲੱਕੜ ਉਸ ਨੂੰ ਡੁੱਬਣ ਤੋਂ ਬਚਾਂਦੀ ਹੈ :

ਤੈਸੇ ਜਮ ਕਾਲ ਬਿਆਲ ਸਗਲ ਸੰਸਾਰ ਗ੍ਰਾਸੈ,
ਸਤਿਗੁਰ ਭੇਟਤ ਹੀ ਦਾਸਨਿ ਦਾਸਾਨ ਹੈ ॥੫੬੧॥
(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਇਸੇ ਤਰ੍ਹਾਂ ਹੀ ਸਾਰੇ ਸੰਸਾਰ ਦੇ ਜੀਵ ਭਿਆਨਕ ਜਮਾਂ ਦੇ ਵੱਸ ਪੈ ਕੇ ਜੰਮਣ ਮਰਨ,

ਜੂਨਾਂ ਦਾ ਦੁੱਖ ਪਾਉਂਦੇ ਹਨ, ਪਰ ਇਹ ਜਮ ਸਤਿਗੁਰੂ ਦੇ ਸਿੱਖਾਂ ਦੇ ਦਾਸਰੇ ਬਣ ਜਾਂਦੇ ਹਨ; ਕਿਉਂਕਿ ਗੁਰੂ, ਸਿੱਖ ਦਾ ਰਖਵਾਲਾ ਹੈ। ਜਮਾਂ ਤੋਂ ਗੁਰੂ ਹੀ ਬਚਾਉਂਦਾ ਹੈ :

ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥

(ਸੂਹੀ ਮਹਲਾ ੫, ਪੰਨਾ 750)

ਤਥਾ :

ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥

(ਜੈਤਸਰੀ ਮਹਲਾ ੫, ਪੰਨਾ 702)

ਤਥਾ :

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥ *(ਗਉੜੀ ਸੁਖਮਨੀ ਮ: ੫, ਪੰਨਾ 263)*

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਮਝਾਉਂਦੇ ਹਨ—ਐ ਮਨੁੱਖ! ਤੈਨੂੰ ਕਿਥੋਂ ਤਕ ਯਕੀਨ ਦੁਆਵਾਂ, ਅਨੇਕਾਂ ਰੋਗਾਂ, ਚਿੰਤਾਵਾਂ, ਸੋਗਾਂ, ਪ੍ਰੇਤਾਂ ਤੋਂ ਅਨੇਕ ਵਿਧੀਆਂ ਦੁਆਰਾ ਵਾਹਿਗੁਰੂ ਬਚਾਉਂਦਾ ਹੈ। ਦੁਸ਼ਮਣ ਅਨੇਕਾਂ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਅਕਾਲ ਪੁਰਖ ਉਨ੍ਹਾਂ ਦੇ ਕੋਸ਼ਿਸ਼ਾਂ ਰੂਪੀ ਹਥਿਆਰ ਖੁੰਢੇ ਕਰ ਦਿੰਦਾ ਹੈ। ਉਹ ਸਦਾ ਹੀ ਆਪਣਾ ਹੱਥ ਦੇ ਕੇ ਰੱਖਦਾ ਹੈ। ਅਨੰਤ ਵਾਰ ਬਚਾਉਂਦਾ ਹੈ। ਇਥੋਂ ਤਕ ਕਿ ਜਦ ਤੇਰੇ ਪਾਸ ਕੋਈ ਵੀ ਦੁੱਖਾਂ, ਸੰਕਟਾਂ, ਮੁਸੀਬਤਾਂ ਤੋਂ ਬਚਣ ਲਈ ਸਿਆਣਪ ਸਮਰੱਥਾ ਨਹੀਂ ਸੀ, ਉਦੋਂ ਵੀ ਤੇ ਉਥੇ ਵੀ ਪ੍ਰਭੂ ਹੀ ਰਖਵਾਲਾ ਸੀ; ਜਿਥੇ ਕਿਸੇ ਦੀ ਪਹੁੰਚ ਹੀ ਨਹੀਂ ਸੀ :

ਰੋਗਨ ਤੇ ਅਰਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥
ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ ॥
ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ॥
ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥

(ਪਾਤਸ਼ਾਹੀ ੧੦)

ਤਥਾ :

ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥
ਸੋਈ ਸੁਆਮੀ ਈਹਾ ਰਾਖੈ ਬੁਝੁ ਬੁਧਿ ਬਿਬੇਕ ॥ *(ਮਾਰੂ ਮਹਲਾ ੫, ਪੰਨਾ 1007)*

ਜੇ ਮਨੁੱਖ ਦੀ ਚੇਤਨਾ ਗੁਰੂ ਕ੍ਰਿਪਾ ਨਾਲ ਜਾਗ ਪਏ ਤਾਂ ਸਮਝ ਆਏਗਾ ਕਿ ਇਹ ਜੀਵਨ ਹੈ ਹੀ ਪ੍ਰਭੂ ਪਿਤਾ ਦੀ ਬਖ਼ਸ਼ਿਸ਼। ਮੈਂ ਹੀ ਨਾਸ਼ੁਕਰਾ ਰਿਹਾ ਹਾਂ। ਪਰਮਾਤਮਾ ਹਰ ਸਮੇਂ ਹਰ ਥਾਂ ਮੌਜੂਦ ਵੀ ਹੈ ਅਤੇ ਰਖਵਾਲਾ ਵੀ। ਗੁਰੂ ਤੇਗ਼ ਬਹਾਦਰ ਜੀ ਨੇ ਇਕ ਦੁਖੀ ਹਾਥੀ ਦਾ ਜ਼ਿਕਰ ਗੁਰਬਾਣੀ ਅੰਦਰ ਕਰ ਕੇ ਮਨੁੱਖ ਨੂੰ ਪਰਮਾਤਮਾ ਦੀ ਸ਼ਕਤੀ ਦਾ ਭਰੋਸਾ ਮਨ ਅੰਦਰ ਕਾਇਮ ਕਰਨ ਦਾ ਰਾਹ ਵਿਖਾਇਆ ਹੈ। ਮਨੁੱਖ ਦੀਆਂ ਸਿਆਣਪਾਂ ਇਸ ਦਾ ਸਾਥ ਨਹੀਂ ਨਿਭਾਉਂਦੀਆਂ। ਕੋਸ਼ਿਸ਼ਾਂ ਨਿਸਫਲ ਹੋ ਜਾਂਦੀਆਂ ਹਨ। ਬੰਦ-ਖ਼ਲਾਸੀ ਪਰਮਾਤਮਾ ਦੀ ਮਿਹਰ ਨਾਲ ਹੁੰਦੀ ਹੈ :

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥

(ਸਲੋਕ ਮਹਲਾ ੯, ਪੰਨਾ 1429)

ਭਾਈ ਗੁਰਦਾਸ ਜੀ ਨੇ ਵੀ ਦੁਖੀ ਹਾਥੀ ਦਾ ਪੁਕਾਰ ਕਰਨਾ ਅਤੇ ਪਰਮਾਤਮਾ ਨੇ ਪੁਕਾਰ ਸੁਣ ਕੇ ਬਚਾਉਣਾ ਲਿਖਿਆ ਹੈ :

ਦੁਖਿਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ,
ਤਾਂ ਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ ॥੪੩੫॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਡੂੰਘੇ ਗਹਿਰੇ ਦਰਿਆ ਦੇ ਪਾਣੀ ਵਿਚ ਹਾਥੀ ਨੂੰ ਡੁਬੋ ਕੇ ਮਾਰਨ ਲਈ ਤੰਦੂਏ (ਗਰਾਹ) ਨੇ ਆਪਣੀ ਪੂਰੀ ਸ਼ਕਤੀ ਨੂੰ ਵਰਤਿਆ। ਬੜਾ ਜ਼ੋਰ ਲਗਾਇਆ। ਹਾਥੀ (ਗਜ) ਨੇ ਵੀ ਡੁੱਬਣ ਤੋਂ ਬਚਣ ਲਈ ਕੋਸ਼ਿਸ਼ਾਂ ਕੀਤੀਆਂ, ਪਰ ਤੰਦੂਏ ਸਾਹਮਣੇ ਹਾਰ ਗਿਆ। ਦੁਖਤ ਹਾਥੀ ਨੇ ਪਰਮਾਤਮਾ ਨੂੰ ਪੁਕਾਰਿਆ। ਕੁਝ ਪਸ਼ੂ ਵੀ ਪਰਮਾਤਮਾ ਦੀ ਸ਼ਕਤੀ ਵਿਚ ਯਕੀਨ ਰੱਖਦੇ ਹਨ। ਅਜੋਕੇ ਅਸ਼ਰਧਕਾਂ ਨਾਲੋਂ ਕੁਝ ਹੱਦ ਤਕ ਕੁਝ ਪਸ਼ੂ ਬਿਹਤਰ ਹਨ ਜਿਨ੍ਹਾਂ ਨੂੰ ਪਰਮਾਤਮਾ ਦੇ ਸਰਬ-ਸ਼ਕਤੀਵਾਨ ਹੋਣ ਦਾ ਗਿਆਨ ਹੈ।

ਤਦ ਪਰਮਾਤਮਾ ਨੇ ਦੁਖੀ ਹਾਥੀ ਦੀ ਪੁਕਾਰ ਸੁਣ ਕੇ ਤੰਦੂਏ ਦੀਆਂ ਮਜ਼ਬੂਤ ਤਾਰਾਂ ਨੂੰ ਕੱਟ ਕੇ ਹਾਥੀ ਨੂੰ ਬਚਾਇਆ। ਗੁਰੂ ਤੇਗ਼ ਬਹਾਦਰ ਜੀ ਇਸ ਵਾਰਤਾ ਨੂੰ ਦਰਸਾ ਕੇ ਮਨੁੱਖ ਨੂੰ ਪਰਮਾਤਮਾ ਦੇ ਨਾਮ ਦੀ ਵਡੱਤਣ ਸਮਝਾਉਂਦੇ ਹਨ :

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਭਿਹ ਤੂਟਾ ॥

(ਸੋਰਠਿ ਮਹਲਾ ੯, ਪੰਨਾ 632)

ਜੇਕਰ ਮਨੁੱਖ ਵੀ ਐਸੀ ਸਿਦਕ-ਦਿਲੀ ਨਾਲ ਪਰਮਾਤਮਾ ਨੂੰ ਅਰਾਧੇ ਤਾਂ ਇਸ ਦੇ ਵੀ ਸਾਰੇ ਦੁੱਖਾਂ ਦੇ ਬੰਧਨ ਕੱਟੇ ਜਾਣ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਰਉਪਕਾਰੀ ਜੀਵਨ ਅੰਦਰ ਵਾਹਿਗੁਰੂ ਜੀ ਦੀ ਅਰਾਧਨਾ ਅਤੇ ਸ਼ੁਕਰਾਨੇ ਭਾਵ ਨੂੰ ਮੁੱਖ ਜਾਣਿਆ।

ਇਤਿਹਾਸ ਗਵਾਹ ਹੈ ਕਿ ਲੰਬੀ ਉਡੀਕ ਮਗਰੋਂ ਬਾਬਾ ਬੁੱਢਾ ਜੀ ਦੀਆਂ ਅਸੀਸਾਂ ਅਤੇ ਸਤਿਗੁਰੂ ਗੁਰੂ ਨਾਨਕ ਜੀ ਦੇ ਤੁਠਣ ਨਾਲ ਸਾਹਿਬਜ਼ਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰੂਪ ਵਿਚ ਮਾਤਾ ਗੰਗਾ ਜੀ ਤੇ ਗੁਰੂ ਅਰਜਨ ਦੇਵ ਜੀ ਨੂੰ ਧੁਰ ਦਰਗਾਹੋਂ ਵਿਲੱਖਣ ਦਾਤ ਮਿਲੀ। ਸਾਹਿਬਜ਼ਾਦਾ ਜੀ ਦੀ ਬਾਲ-ਅਵਸਥਾ ਵਿਚ ਅਨੇਕਾਂ ਐਸੇ ਸਮੇਂ ਆਏ ਜੋ ਸੰਸਾਰਕ ਪੱਖੋਂ ਵਿਘਨਾਂ ਵਾਲੇ ਸਨ। ਇਨ੍ਹਾਂ ਵਿਘਨਾਂ ਦੇ ਸਮੇਂ ਵਾਹਿਗੁਰੂ ਜੀ ਨੇ ਆਪ ਹੀ ਰਖਵਾਲੀ ਕੀਤੀ।

ਇਕ ਸਮੇਂ ਭਿਅੰਕਰ ਚੇਚਕ ਦੇ ਰੋਗ ਨੇ ਵੀ ਆਪਣਾ ਮਨਹੂਸ ਪ੍ਰਭਾਵ ਪਾਉਣਾ ਚਾਹਿਆ। ਇਸ ਰੋਗ ਨਾਲ ਅਕਸਰ ਬਾਲਕਾਂ ਦਾ ਚਿਹਰਾ ਕੁਰੂਪ ਹੋ ਜਾਂਦਾ ਹੈ ਜਾਂ ਅੱਖਾਂ ਦੀ ਜੋਤ ਮੁੱਕ ਜਾਂਦੀ ਹੈ। ਕੁਝ ਹਾਲਤਾਂ ਵਿਚ ਤਾਂ ਮੌਤ ਵੀ ਹੋ ਜਾਇਆ ਕਰਦੀ ਹੈ। ਭੈਭੀਤ ਹੋਏ ਭੋਲੇ ਲੋਕ ਇਸ ਰੋਗ ਨੂੰ ਮਾਤਾ ਕਹਿ ਕੇ ਵਿਸ਼ੇਸ਼ ਤਰ੍ਹਾਂ ਦੀ ਪੂਜਾ

ਜਾਂ ਰੱਖ ਦੇ ਭਰਮ ਵਿਚ ਪੈ ਜਾਂਦੇ ਹਨ। ਅਜੀਬ ਤਰ੍ਹਾਂ ਦੀ ਇਹ ਮਾਤਾ ਹੈ, ਜੋ ਬੱਚਿਆਂ ਦੇ ਜੀਵਨ ਅੰਦਰ ਹਨੇਰਾ ਲਿਆਉਂਦੀ ਹੈ। ਸੁੰਦਰ ਚਿਹਰੇ ਨੂੰ ਕੁਰੂਪ ਕਰਦੀ ਹੈ ਅਤੇ ਮੌਤ ਬਣ ਜ਼ਿੰਦਗੀ ਖੋਹ ਲੈਂਦੀ ਹੈ। 'ਮਾਤਾ' ਸ਼ਬਦ ਤਾਂ ਪਰਉਪਕਾਰੀ ਰੂਹ ਵਾਸਤੇ ਰਾਖਵਾਂ ਹੈ। ਮਾਵਾਂ ਤਾਂ ਸਦਾ ਹੀ ਬੱਚਿਆਂ ਦਾ ਭਲਾ ਕਰਦੀਆਂ ਅਤੇ ਚਿਤਾਰਦੀਆਂ ਹਨ। ਜੋ ਬੱਚਿਆਂ ਦੇ ਸੁਖ ਅਤੇ ਹਾਸੇ ਖੋਹਵੇ, ਉਹ ਮਾਂ ਨਹੀਂ ਡਾਇਣ ਹੁੰਦੀ ਹੈ।

ਪਰਮਾਤਮਾ ਦੀ ਕ੍ਰਿਪਾਲਤਾ ਨਾਲ ਚੇਚਕ ਦੇ ਰੋਗ ਦਾ ਅਸਰ ਕਿਸੇ ਤਰ੍ਹਾਂ ਵੀ ਸਾਹਿਬਜ਼ਾਦਾ ਜੀ ਉਪਰ ਨਾ ਹੋ ਸਕਿਆ। ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਦੇ ਸ਼ਬਦ ਉਚਾਰਨ ਕੀਤੇ ਕਿ ਪਰਮਾਤਮਾ ਆਪ ਹੀ ਸਹਾਈ ਹੋਇਆ ਹੈ :

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥

(ਗਉੜੀ ਮਹਲਾ ੫, ਪੰਨਾ 200)

ਤਥਾ :

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥ *(ਸੋਰਠਿ ਮਹਲਾ ੫, ਪੰਨਾ 627)*

ਸਾਹਿਬਜ਼ਾਦਾ ਸ੍ਰੀ ਹਰਿਗੋਬਿੰਦ ਜੀ ਦੇ ਪਾਵਨ ਚਿਹਰੇ ਤੋਂ ਇਸ ਭਿਅੰਕਰ ਰੋਗ ਦਾ ਪ੍ਰਭਾਵ ਰੱਬੀ ਮਿਹਰ ਨਾਲ ਮਿਟਿਆ। ਨੇਤ੍ਰਾਂ ਦੀ ਜੋਤ ਪਹਿਲੇ ਵਾਂਗ ਹੀ ਜਗਮਗਾ ਰਹੀ ਸੀ ਅਤੇ ਚਿਹਰੇ ਦਾ ਨੂਰ ਵੀ ਪਹਿਲੇ ਵਾਂਗ ਹੀ ਡਲ੍ਹਕਾਂ ਮਾਰ ਰਿਹਾ ਸੀ।

ਫਿਰ ਗੁਰੂ ਅਰਜਨ ਦੇਵ ਜੀ ਦੇ ਦਇਆਲੂ ਤੇ ਪਰਉਪਕਾਰੀ ਜੀਵਨ ਅੰਦਰ ਆਪਣਿਆਂ ਤੇ ਬਾਹਰਲਿਆਂ ਨੇ ਅਨੇਕਾਂ ਰੁਕਾਵਟਾਂ ਖੜੀਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਿੱਖਾਂ ਅੰਦਰ ਕੁਝ ਤੌਖਲਾ ਤੇ ਸਹਿਮ ਪ੍ਰਗਟ ਹੋਇਆ। ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਧੀਰਜ ਧਰਨੀਧਰ ਟੇਕ ਦਾ ਉੱਤਮ ਸ਼ਬਦ ਪੜ੍ਹਾਇਆ।

ਪਾਵਨ ਜ਼ਿਕਰ ਹੈ :

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ *(ਆਸਾ ਮਹਲਾ ੫, ਪੰਨਾ 371)*

ਧਿਆਉਣ ਦੀ ਹੀ ਕਲਾ ਸੀ ਕਿ ਛਾਤੀ ਤਾਣ ਕੇ ਦੁਨਿਆਵੀ ਸੱਤਾ ਦੇ ਨਸ਼ੇ 'ਚ ਮਦਹੋਸ਼ ਜਰਨੈਲ ਸੁਲਹੀ ਖ਼ਾਂ ਵਰਗੇ ਦੇ ਨਾਪਾਕ ਹੱਥ ਇਕ ਭੱਠੇ ਦੀ ਅੱਗ ਅੰਦਰ ਜਗਤ ਨੇ ਸੜਦੇ ਹੋਏ ਵੇਖੇ। ਮਿੱਤਰ, ਪੁੱਤਰ, ਧਨ, ਪਦਵੀ ਕੋਈ ਵੀ ਸੜਨੋਂ ਨਾ ਬਚਾ ਸਕਿਆ।

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥

ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥

(ਬਿਲਾਵਲੁ ਮਹਲਾ ੫, ਪੰਨਾ 825)

ਚੱਕੀ ਦੀ ਕਿੱਲੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਚਰਨਾਂ ਨਾਲ ਜੁੜਨ ਦੀ ਸੂਝ ਜਗਤ ਦੀ ਝੋਲੀ ਪਾਈ, ਤਾਂਕਿ ਦੁੱਖਾਂ ਪੀੜਾਂ ਤੋਂ ਇਸ ਮਨੁੱਖ ਦਾ ਬਚਾਉ ਹੋ ਸਕੇ :

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ *(ਸਲੋਕ ਮ: ੧, ਪੰਨਾ 142)*

ਜਿਹੜੇ ਦਾਣੇ ਕਿੱਲੀ ਦੇ ਨੇੜੇ ਆ ਜਾਂਦੇ ਹਨ, ਉਨ੍ਹਾਂ ਦੀ ਤਾਂ ਸਦਾ ਹੀ ਰੱਖਿਆ ਹੁੰਦੀ ਹੈ। ਕਿੱਲੀ ਦੀ ਪਰਵਾਹ ਨਾ ਕਰਨ ਵਾਲੇ ਮਲੀਆ-ਮੇਟ ਹੀ ਹੋ ਜਾਂਦੇ ਹਨ।

ਭੱਟ ਨਲ੍ਹ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਆਪਣੀ ਰਖਵਾਲੀ ਦੀਆਂ ਅਰਦਾਸਾਂ ਕੀਤੀਆਂ ਹਨ। ਪੂਰਬਲੇ ਭਗਤ, ਪ੍ਰੇਮੀ ਤੇ ਦ੍ਰਿੜ੍ਹ-ਵਿਸ਼ਵਾਸੀਆਂ ਦੀਆਂ ਉਦਾਹਰਣਾਂ ਸਮੇਤ ਬੇਨਤੀਆਂ ਕੀਤੀਆਂ ਹਨ :

ਅਬ ਰਾਖਹੁ ਦਾਸ ਭਾਟ ਕੀ ਲਾਜ ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥
ਫੁਨਿ ਦ੍ਰੌਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥
ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥
ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥

(ਸਵਈਏ ਮਹਲੇ ਚਉਥੇ ਕੇ, ਪੰਨਾ 1400)

ਜਿਹੜਾ ਮਨੁੱਖ ਕਲਜੁਗ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰੂ ਬਾਣੀ ਜੋਤ ਨਾਲ ਆਪਣੇ ਮਨ ਦੀ ਸ਼ਰਧਾ ਅਤੇ ਵਿਸ਼ਵਾਸ ਨੂੰ ਜੋੜੇਗਾ; ਉਸ ਦੇ ਅੰਗ ਸੰਗ ਹਰ ਸਮੇਂ, ਹਰ ਥਾਂ ਗੁਰੂ ਸ਼ਕਤੀ ਰਹੇਗੀ। ਸਤਿਗੁਰੂ ਸਦਾ ਰਖਵਾਲਾ ਹੈ। ਪਿੰਜਰੇ ਅੰਦਰ ਬੈਠੇ ਤੋਤੇ ਨੂੰ ਕਿਸੇ ਬਿੱਲੀ ਆਦਿ ਦਾ ਭੈਅ ਨਹੀਂ ਸਤਾਂਦਾ। ਪਿੰਜਰਾ ਰੱਖਿਆ-ਕਵਚ ਹੈ। ਗੁਰੂ ਪਰਮਾਤਮਾ ਲੋਕ-ਪ੍ਰਲੋਕ ਵਿਚ ਸਹਾਈ ਹੈ :

ਰਖੇ ਰਖਣਹਾਰਿ ਆਪਿ ਉਬਾਰਿਅਨੁ ॥
ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥

(ਰਾਗ ਗੂਜਰੀ ਵਾਰ ਮਹਲਾ ੫, ਪੰਨਾ 517)

ਤਥਾ :

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥

(ਭੈਰਉ ਮਹਲਾ ੫, ਪੰਨਾ 1136)

ਤਥਾ :

ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥

(ਸੋਰਠਿ ਮਹਲਾ ੫, ਪੰਨਾ 626)

ਸੱਚਾ ਵਪਾਰ

ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ,
ਜਨਮ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ॥
ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ,
ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ॥
ਸਾਚੁ ਮਰਨੋ ਬਿਸਾਰ ਜੀਵਨ ਮਿਥਿਆ ਸੰਸਾਰ,
ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥
ਅਉਸਰ ਹੁਇ ਹੈ ਬਿਤੀਤ ਲੀਜੀਏ ਜਨੰਮ ਜੀਤ,
ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ॥੪੯੮॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਮਨੁੱਖ ਪਰਮਾਤਮਾ ਨਾਲ ਕੁਝ ਵਾਅਦੇ ਕਰਦਾ ਹੈ। ਇਸ ਸੰਸਾਰ ਉੱਤੇ ਆਉਣ ਤੋਂ ਪਹਿਲਾਂ ਇਕਰਾਰ ਕਰਦਾ ਹੈ ਕਿ ਹੇ ਪ੍ਰਭੂ! ਮੈਂ ਸਤਿਸੰਗਤ ਕਰਾਂਗਾ; ਤੈਨੂੰ ਕਦੇ ਵੀ ਵਿਸਾਰਾਂਗਾ ਨਹੀਂ, ਪਰ ਜਨਮ ਲੈਣ ਉਪਰੰਤ ਕੀਤੇ ਹੋਏ ਕੌਲ ਇਕਰਾਰ ਵੀ ਵਿਸਰ ਜਾਂਦੇ ਹਨ ਅਤੇ ਪ੍ਰਭੂ ਵੀ ਵਿਸਰ ਜਾਂਦਾ ਹੈ। ਫਿਰ ਪਰਮਾਤਮਾ ਦੀ ਪੈਦਾ ਕੀਤੀ ਮਾਇਆ ਦੀ ਖੇਡ ਵਰਤਦੀ ਹੈ। ਪੰਜ ਵਿਕਾਰਾਂ ਦੇ ਵੱਸ ਪੈ ਕੇ ਭਟਕਦਾ ਹੈ। ਚਲਾਇਮਾਨ ਜੀਵਨ ਨੂੰ ਸੱਚ ਮੰਨ ਬੈਠਦਾ ਹੈ ਅਤੇ ਸੱਚ ਮੌਤ ਨੂੰ ਭੁਲਾ ਕੇ ਸੁਪਨਿਆਂ ਦੀ ਦੁਨੀਆ ਅੰਦਰ ਵਿਚਰਦਾ ਹੋਇਆ ਜਿੱਤ ਹਾਰ ਦੀ ਸੋਝੀ ਗੁਆ ਬੈਠਦਾ ਹੈ।

ਇਸ ਲਈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਾਣੀ! ਵਕਤ ਬੀਤਦਾ ਜਾ ਰਿਹਾ ਹੈ; ਇਸ ਨੂੰ ਸੰਭਾਲ ਤੇ ਸੰਭਲ। ਸਤਿਸੰਗਤ ਨਾਲ ਸੱਚੀ ਲਿਵ ਜੋੜ ਕੇ ਸਤਿ ਸਰੂਪ ਸਚਿਆਰਾ ਬਣਨ ਦੀ ਕੋਸ਼ਿਸ਼ ਕਰ।

ਮਨੁੱਖ ਦੇ ਜੀਵਨ ਦਾ ਲਕਸ਼ ਤਾਂ ਪਰਮ ਅਨੰਦ ਹੀ ਸੀ, ਪਰ ਭੁੱਲ ਗਿਆ। ਗੁਰਵਾਕ ਹੈ :

ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥

(ਸਾਰੰਗ ਮਹਲਾ ੫, ਪੰਨਾ 1219)

ਆਇਆ ਤਾਂ ਪ੍ਰਾਣੀ ਸੱਚੇ ਵਪਾਰ ਵਾਸਤੇ ਸੀ, ਪਰ ਯਾਤਰਾ ਦੇ ਲੰਬੇ ਸਫ਼ਰ ਨੇ ਇਸ ਨੂੰ ਥਕਾਵਟ ਨਾਲ ਦੁਖੀ ਵੀ ਕੀਤਾ ਹੈ ਅਤੇ ਸੱਚੇ ਵਪਾਰ ਦਾ ਚੇਤਾ ਵੀ

ਭੁਲਾ ਦਿੱਤਾ ਹੈ। ਦੁਨਿਆਵੀ ਵਣਜ ਵਪਾਰਾਂ ਅੰਦਰ ਗ਼ਲਤਾਨ ਇਹ ਜੀਵ ਨਾਮ ਦੇ ਨੇਕੀ ਵਣਜ ਨੂੰ ਯਾਦਾਸ਼ਤ ਵਿੱਚੋਂ ਖੋਹ ਬੈਠਾ ਹੈ :

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥
ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ॥

(ਸਲੋਕ ਮਃ ੩, ਪੰਨਾ 643-44)

ਜੌਹਰੀ ਸਾਲਸ ਰਾਇ ਪਟਨਾ ਸ਼ਹਿਰ, ਬਿਸੁੰਭਰਪੁਰ ਦਾ ਵਸਨੀਕ ਸੀ। ਸੱਚੇ ਵਣਜ ਦੀ ਆਵਾਜ਼ ਦਿੰਦੇ ਧੰਨ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਸਮੇਤ ਇਸ ਜੌਹਰੀ ਪਾਸ ਪਹੁੰਚੇ। ਜੌਹਰੀ ਸਾਲਸ ਰਾਇ ਜਿਥੇ ਹੀਰਿਆਂ-ਜਵਾਹਰਾਤਾਂ ਦਾ ਪਾਰਖੂ ਹੈ, ਵਪਾਰੀ ਹੈ, ਧਨਾਢ ਹੈ, ਉਥੇ ਨੇਕ ਸੁਭਾਅ ਤੇ ਨੇਕ ਗੁਣ ਵਾਲਾ ਪੁਰਸ਼ ਵੀ ਹੈ। ਭਲੇ ਸਚਿਆਰੇ ਸਤਿਪੁਰਸ਼ਾਂ ਦਾ ਕਦਰਦਾਨ ਵੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦੇ ਪ੍ਰਤਾਪ ਨਾਲ ਜੌਹਰੀ ਸਾਲਸ ਰਾਇ ਪੱਥਰਾਂ ਦੇ ਪਾਰਖੂ ਤੋਂ ਵਡਮੁੱਲੇ ਜੀਵਨ ਤੇ ਨਾਮ ਦਾ ਪਾਰਖੂ ਤੇ ਵਪਾਰੀ ਬਣਿਆ। ਸਤਿਗੁਰੂ ਜੀ ਨੇ ਸਮਝਾ ਸੁਝਾ ਦਿੱਤਾ ਕਿ ਸਿਆਣਾ ਮਨੁੱਖ ਉਹ ਹੀ ਹੈ ਜੋ ਨਾਮ ਦਾ ਵੀ ਵਪਾਰੀ ਹੋਵੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਪਾਵਨ ਬਚਨ ਹੈ :

ਇਹੁ ਵਾਪਾਰੁ ਵਿਰਲਾ ਵਾਪਾਰੈ॥
ਨਾਨਕ ਤਾ ਕੈ ਸਦ ਬਲਿਹਾਰੈ॥ *(ਗਉੜੀ ਸੁਖਮਨੀ ਮਃ ੫, ਪੰਨਾ 283)*

ਭਗਵਾਨ ਨੇ ਮਨੁੱਖ ਨੂੰ ਇਸੇ ਲਈ ਹੀ ਸ੍ਰੇਸ਼ਟ ਘੜਿਆ ਹੈ ਕਿ ਇਹ ਪ੍ਰਾਣੀ ਸ੍ਰੇਸ਼ਟ ਕਰਮ ਕਰ ਕੇ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਬਣੇ। ਇਕ ਪੰਜਾਬੀ ਦੇ ਸ਼ਾਇਰ ਨੇ ਕਿੰਨਾ ਸੁੰਦਰ ਲਿਖਿਆ ਹੈ :

ਵਾਰੀ ਤੇ ਬਲਿਹਾਰੀ ਜਾਈਏ ਨਿੱਤ ਉਹਦੀ ਸ਼ਾਨ ਤੋਂ,
ਜਿਸ ਦੀਆਂ ਕੁਦਰਤਾਂ ਬਣਾਇਆ ਤੁਛ ਬੰਦਾ ਹੈ।
ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ,
ਕੀਤੀ ਸੁ ਸਫ਼ਾਈ ਸੁਹਣੀ ਫੇਰ ਫੇਰ ਰੰਦਾ ਹੈ।
ਬਾਹਰੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,
ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।
ਬੰਦਾ ਹੋ ਕੇ ਬੰਦਾ ਕਰੇ ਬੰਦਗੀ ਤਾਂ ਬੰਦਾ ਚੰਗਾ,
ਬੰਦਗੀ ਬਗ਼ੈਰ ਬੰਦਾ ਗੰਦੇ ਤੋਂ ਵੀ ਗੰਦਾ ਹੈ।

ਹਰ ਮਨੁੱਖ ਕੁਝ ਨਾ ਕੁਝ ਵਪਾਰ ਕਰਨ ਵਿਚ ਰੁੱਝਿਆ ਹੈ। ਕੁਝ ਵਣਜ ਮਨੁੱਖ ਨੂੰ ਘਾਟੇ ਵਿਚ ਲੈ ਜਾਂਦੇ ਹਨ। ਕੁਝ ਨਫ਼ੇ ਨਾਲ ਮਾਲਾ-ਮਾਲ ਕਰਦੇ ਹਨ। ਸਵਾਸਾਂ ਦੀ ਪੂੰਜੀ ਮੂਲ ਦੌਲਤ ਹੈ। ਗੁਰੂ ਮਾਰਗ 'ਤੇ ਚੱਲਦਿਆਂ ਕੀਤਾ ਵਪਾਰ ਉੱਤਮ ਗਿਣਿਆ ਗਿਆ ਹੈ। ਗੁਰਮੁਖ ਹਮੇਸ਼ਾ ਨਫ਼ੇ ਖੱਟਦੇ ਹਨ। ਤੀਸਰੇ ਪਾਤਸ਼ਾਹ ਦਾ ਫ਼ੁਰਮਾਨ ਹੈ :

ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ॥
ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ॥

(ਵਡਹੰਸੁ ਮਹਲਾ ੩, ਪੰਨਾ 568)

ਕਦੇ ਕਦੇ ਐਸਾ ਹੁੰਦਾ ਹੈ ਕਿ ਮਨੁੱਖ ਨੂੰ ਵਣਜ ਦੀ ਪਹਿਚਾਣ ਨਹੀਂ ਹੁੰਦੀ, ਜਿਸ ਕਰਕੇ ਉਹ ਅਸਲ ਲਾਭ ਤੋਂ ਖ਼ਾਲੀ ਰਹਿ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਪੂਜਨੀਯ ਪਿਤਾ ਸ੍ਰੀ ਮਹਿਤਾ ਕਲਿਆਣ ਦਾਸ ਜੀ ਦੇ ਸੰਸਾਰਕ ਵਪਾਰ ਨੂੰ ਨਜ਼ਰ ਅੰਦਾਜ਼ ਕਰ ਕੇ ਸੱਚੇ ਤੋਂ ਸੁੱਚੇ ਵਣਜ ਦੀ ਸੰਸਾਰ ਨੂੰ ਸੋਝੀ ਬਖ਼ਸ਼ਦੇ ਹਨ।

ਸਤਿਗੁਰੂ ਜੀ ਦੇ ਪਿਤਾ ਜੀ ਨੇ ਵੀਹ ਰੁਪਏ ਦੀ ਰਕਮ ਦੇ ਕੇ ਕਿਹਾ ਸੀ ਕਿ ਕੋਈ ਖਰਾ ਸੌਦਾ ਕਰਨਾ ਹੈ—ਨਫ਼ੇ ਵਾਲਾ ਵਪਾਰ। ਚੁਹੜਕਾਣੇ ਦੇ ਪਾਸ ਸਾਧੂ ਸੰਤਰੇਨ ਮੰਡਲੀ ਸਮੇਤ ਰੱਬ ਦੇ ਪਿਆਰ ਦੇ ਰੰਗ ਵਿਚ ਰੰਗੇ ਹੋਏ ਬੈਠੇ ਸਨ। ਸਤਿਗੁਰੂ ਜੀ ਨੇ ਵੀਹ ਰੁਪਿਆਂ ਦੀ ਪੂੰਜੀ ਸੇਵਾ ਅੰਦਰ ਲਗਾ ਦਿੱਤੀ। ਇਸ ਵਪਾਰ ਅੰਦਰ ਗੁਰੂ ਨਾਨਕ ਦੇਵ ਜੀ ਨੂੰ ਮਹਾਨ ਲਾਹਾ ਨਜ਼ਰ ਆਇਆ। ਸਿੱਖੀ ਅੰਦਰ ਇਸ ਵਪਾਰ ਨੂੰ 'ਸੱਚਾ ਸੌਦਾ' ਕਰ ਕੇ ਜਾਣਿਆ ਜਾਂਦਾ ਹੈ। ਇਸ ਸੱਚੇ ਵਪਾਰ ਨੇ ਜਗਤ ਨੂੰ ਇਕ ਨਵੀਂ ਸੇਧ ਦਿੱਤੀ। ਉਹ ਕਮਾਈ ਸੱਚਾ ਵਪਾਰ ਬਣ ਜਾਂਦੀ ਹੈ ਜਿਹੜੀ ਨੇਕ ਕਾਰਜਾਂ ਅਰਥ ਵਰਤੀ ਜਾਵੇ, ਜਿਸ ਦੌਲਤ ਨਾਲ ਮਨੁੱਖਤਾ ਦਾ ਭਲਾ ਹੋਵੇ, ਧਰਮ ਦਾ ਪ੍ਰਕਾਸ਼ ਪ੍ਰਚੰਡ ਹੋਵੇ।

ਹੱਥ ਪੈਰ ਸਕਾਰਥ ਹੁੰਦੇ ਹਨ, ਪਰਮਾਰਥ ਦੇ ਮਾਰਗ 'ਤੇ ਚੱਲਦਿਆਂ। ਜ਼ਬਾਨ ਸਫਲ ਹੁੰਦੀ ਹੈ ਜਪ ਕੀਤਿਆਂ ਅਤੇ ਨੇਤ੍ਰ ਸਫਲ ਹੁੰਦੇ ਹਨ ਗੁਰੂ ਅਤੇ ਸੰਗਤ ਦੇ ਦਰਸ਼ਨ ਕੀਤਿਆਂ :

ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥

(ਮਹਲਾ ੫, ਪੰਨਾ 964)

ਤਥਾ :

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਵਣ ਤ ਪਰ ਸਕਯਥ ਸ੍ਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥

(ਸਵਈਏ ਮਹਲੇ ਤੀਜੇ ਕੇ, ਪੰਨਾ 1394)

ਸਮੁੱਚੇ ਰੂਪ ਵਿਚ ਮਨੁੱਖਾ ਜੀਵਨ ਸਫਲ ਹੁੰਦਾ ਹੈ। ਧਰਮ ਦੇ ਮਾਰਗ ਦੇ ਪਾਂਧੀ ਵਾਸਤੇ ਕਰਤੇ ਦੀ ਬੰਦਗੀ ਕਰਨੀ ਅਤੇ ਖ਼ਲਕਤ ਦੀ ਸੇਵਾ ਕਰਨੀ ਹੀ ਸੱਚਾ ਵਪਾਰ ਹੈ।

ਵੀਹਵੀਂ ਸਦੀ ਅੰਦਰ ਧਰਮ ਦਾ ਪ੍ਰਕਾਸ਼ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਸੱਚੇ ਵਪਾਰ ਦਾ ਵਿਲੱਖਣ ਰੂਪ ਪ੍ਰਗਟ ਕੀਤਾ ਹੈ। ਸਮਾਜ ਨੇ ਆਪਣੇ ਅਪਾਹਜ ਅੰਗ (ਮਨੁੱਖ, ਜੋ ਪਿੰਗਲਾ) ਨੂੰ ਬੋਝ ਸਮਝ ਕੇ ਤਿਆਗ ਦਿੱਤਾ ਸੀ, ਪਰ ਭਗਤ ਪੂਰਨ ਸਿੰਘ ਨੇ ਅਪਾਹਜਾਂ ਨੂੰ ਅਪਨਾ ਲਿਆ। ਮਾਂ-ਬਾਪ ਬਣ ਕੇ ਅਪਾਹਜ ਲੜਕੇ ਲੜਕੀਆਂ

ਨੂੰ ਸੰਭਾਲਿਆ ਤੇ ਪਾਲਿਆ। ਸੰਸਾਰੀਆਂ ਨੂੰ ਇਕ ਸੇਵਾ ਵਜੋਂ ਸ੍ਰੇਸ਼ਟ ਵਪਾਰ ਦੀ ਅਮਲੀ ਉਦਾਹਰਣ ਪ੍ਰਤੱਖ ਦਿਖਾਈ ਦਿੱਤੀ।

ਭਗਤ ਜੀ ਨੇ ਆਪਣੀ ਜੀਵਨੀ ਦੇ ਕੁਝ ਅੰਸ਼ ਲਿਖੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਡੇਹਰਾ ਸਾਹਿਬ ਵਿਖੇ ਭਗਤ ਜੀ ਇਕ ਸੇਵਾਦਾਰ ਵਜੋਂ ਸੇਵਾ ਨਿਭਾਉਂਦੇ ਸਨ। ਸ਼ਾਮ ਨੂੰ ਕੋਈ ਮਾਂ ਆਪਣੇ ਦਿਲ ਦੇ ਟੁਕੜੇ ਨੂੰ ਗੁਰਦੁਆਰਾ ਸਾਹਿਬ ਦੀਆਂ ਪੌੜੀਆਂ ਪਾਸ ਛੱਡ ਗਈ। ਇਹ ਬੱਚਾ ਜਨਮ ਤੋਂ ਹੀ ਅਪਾਹਜ ਸੀ। ਇਹ ਸੋਚ ਕੇ ਕਿ ਮੈਨੂੰ ਪਰਮਾਤਮਾ ਨੇ ਅਪਾਹਜ ਪੁੱਤਰ ਕਿਉਂ ਦਿੱਤਾ ਹੈ, ਇਸ ਪਿੰਗਲੇ ਤੋਂ ਕਿਹੜਾ ਮੈਨੂੰ ਕੋਈ ਸੁੱਖ ਮਿਲਣਾ ਹੈ, ਗੁਰਦੁਆਰੇ ਹੀ ਚੜ੍ਹਾ ਗਈ।

ਭਗਤ ਜੀ ਨੇ ਜਦ ਬੱਚੇ ਨੂੰ ਰੋਂਦੇ ਵੇਖਿਆ ਤਾਂ ਉਨ੍ਹਾਂ ਦਾ ਮਨ ਦ੍ਰਵ ਗਿਆ। ਚੁੱਕ ਕੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਪਾਸ ਲੈ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਪੂਰਨ ਸਿੰਘ ਮੇਰੇ ਤਾਂ ਆਪਣੇ ਬੱਚੇ ਹਨ; ਮੈਂ ਇਸ ਨੂੰ ਕਿਵੇਂ ਸੰਭਾਲਾਂ। ਤੁਹਾਨੂੰ ਹੀ ਮਿਲਿਆ ਹੈ, ਤੁਸੀਂ ਹੀ ਸੰਭਾਲੋ।

ਗੁਰੂ ਅਰਜਨ ਦੇਵ ਜੀ ਨੇ ਭਗਤ ਜੀ ਦੇ ਹਿਰਦੇ ਅੰਦਰ ਕਰੁਣਾ ਭਰ ਦਿੱਤੀ। ਉਨ੍ਹਾਂ ਨੇ ਆਪ ਹੀ ਇਸ ਅਪਾਹਜ ਬੱਚੇ ਦੀ ਸਾਰੀ ਪਾਲਣਾ ਪੋਸਣਾ ਸ਼ੁਰੂ ਕਰ ਦਿੱਤੀ ਅਤੇ ਨਾਮ ਰੱਖਿਆ—'ਪਿਆਰਾ ਸਿੰਘ'। ਦੇਸ਼ ਦੀ ਵੰਡ ਹੋਣ ਸਮੇਂ ਪਾਕਿਸਤਾਨੋਂ ਭਗਤ ਜੀ ਆਪਣੇ ਕੰਧਾੜੇ (ਪਿੱਠ ਉੱਤੇ) ਚੁੱਕ ਕੇ ਇਸ ਰੱਬ ਦੇ ਬੰਦੇ ਨੂੰ ਅੰਮ੍ਰਿਤਸਰ ਲੈ ਆਏ। ਇਥੋਂ ਇਕ ਮਾਨਵਤਾ ਦੀ ਸੇਵਾ ਦੇ ਚਾਨਣ ਮੁਨਾਰੇ ਵਜੋਂ ਸੰਸਥਾ ਸੰਸਾਰ ਦੇ ਅਕਾਸ਼ 'ਤੇ ਪ੍ਰਗਟ ਹੋਈ। 'ਪਿੰਗਲਵਾੜਾ, ਸ੍ਰੀ ਅੰਮ੍ਰਿਤਸਰ' ਸੇਵਾ ਦੇ 'ਸੱਚੇ ਵਪਾਰ' ਨੇ ਇਕ ਸ਼ਰਧਾਵਾਨ ਸਿੱਖ ਨੂੰ 'ਭਗਤ' ਪਦਵੀ ਨਾਲ ਨਿਵਾਜਿਆ। ਇਹ ਸੰਸਥਾ ਮਨੁੱਖਤਾ ਦੀ ਸੇਵਾ ਵਜੋਂ ਅੱਜ ਵਿਸ਼ਾਲ ਰੂਪ ਬਣਾ ਚੁੱਕੀ ਹੈ। ਧਰਮ ਦਾ ਸੱਚਾ ਤੇ ਸੁੱਚਾ ਵਪਾਰ ਕਰਨ ਵਾਲੇ ਨੂੰ ਸਤਿਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ।

ਭਾਈ ਗੁਰਦਾਸ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ ਕਿ ਵੇਖਣ ਨੂੰ ਹੀਰਾ ਛੋਟਾ ਜਿਹਾ ਦਿੱਸਦਾ ਹੈ, ਪਰ ਉਸ ਦਾ ਮੁੱਲ ਮਿਲਣ 'ਤੇ ਮਹਾਨਤਾ ਸਾਹਮਣੇ ਆਉਂਦੀ ਹੈ। ਹੁੰਡੀ ਦਾ ਕਾਗ਼ਜ਼ ਨਿੱਕਾ ਜਿਹਾ ਹੁੰਦਾ ਹੈ, ਪਰ ਉਪਰ ਲਿਖੀ ਵੱਡੀ ਸਾਰੀ ਰਕਮ ਮਿਲ ਜਾਣ ਕਰਕੇ ਉਸ ਕਾਗ਼ਜ਼ ਦੀ ਮਹੱਤਤਾ ਦਾ ਪਤਾ ਚੱਲਦਾ ਹੈ। ਉਂਜ ਤਾਂ ਬੋਹੜ ਦਾ ਬੀਜ ਛੋਟਾ ਜਿਹਾ ਹੀ ਹੁੰਦਾ ਹੈ ਪਰ ਉੱਗ ਜਾਣ 'ਤੇ ਉਸ ਦੀ ਵਿਸ਼ਾਲਤਾ ਜੱਗ ਜ਼ਾਹਰ ਹੁੰਦੀ ਹੈ। ਇਸੇ ਤਰ੍ਹਾਂ ਗੁਰੂ ਜੀ ਦਾ ਬਚਨ-ਉਪਦੇਸ਼ ਗਿਆਨ ਨੂੰ ਜੀਵਨ ਵਿਚ ਕਮਾਇਆਂ, ਜੋ ਗੁਰੂ ਪਰਮਾਤਮਾ ਦੀ ਪ੍ਰਸੰਨਤਾ ਮਿਲਦੀ ਹੈ, ਉਹ ਬਿਆਨ ਕਰਨੀ ਮੁਸ਼ਕਲ ਹੈ। ਗੁਰੂ ਦੇ ਸ਼ਬਦ ਦੀਆਂ ਬਰਕਤਾਂ ਕਮਾਈ ਕਰਨ ਨਾਲ ਹੀ ਪ੍ਰਗਟ ਹੁੰਦੀਆਂ ਹਨ :

ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ ॥
ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ,
ਆਗੈ ਜਾਇ ਪਾਈਅਤ ਲਛਮੀ ਅਪਾਰ ਜੀ ॥

ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,
ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ॥
ਤੈਸੇ ਗੁਰ-ਬਚਨ ਸਚਨ ਗੁਰ ਸਿਖਨ ਮੈ,
ਜਾਨੀਐ ਮਹਾਤਮ ਗਏ ਹੀ ਹਰਿ-ਦੁਆਰ ਜੀ॥੩੭੩॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਸਾਲਸ ਰਾਇ ਜੌਹਰੀ ਨੂੰ ਇਕ ਰਮਜ਼ ਗੁਰੂ ਨਾਨਕ ਦੇਵ ਜੀ ਨੇ ਸਮਝਾ ਦਿੱਤੀ ਸੀ ਕਿ ਜਿਥੇ ਪੱਥਰਾਂ ਵਿੱਚੋਂ ਕੀਮਤੀ ਹੀਰਾ ਹੈ, ਉਥੇ ਜਨਮਾਂ ਵਿੱਚੋਂ ਉੱਤਮ ਜਨਮ ਮਨੁੱਖਾ ਸਰੀਰ ਹੈ। ਧਾਰਮਿਕ ਕਰਮਾਂ ਵਿੱਚੋਂ ਉੱਤਮ ਕਰਮ ਬੰਦਗੀ ਹੈ। ਭਗਤ ਕਬੀਰ ਜੀ ਕਹਿੰਦੇ ਹਨ ਕਿ ਕਾਂਸੀ, ਤਾਂਬੇ, ਸੁਪਾਰੀਆਂ, ਲੌਂਗਾਂ ਤੇ ਹੋਰ ਐਸੇ ਵਣਜ ਕਰਨ ਵਾਲੇ ਤਾਂ ਅਨੇਕਾਂ ਹਨ ਪਰ ਨਾਮ ਦੇ ਵਪਾਰੀ ਤਾਂ ਸਿਰਫ਼ ਪ੍ਰਭੂ ਪਿਆਰੇ ਹੀ ਹਨ :

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥
ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥੧॥ਰਹਾਉ॥

(ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ, ਪੰਨਾ 1123)

ਬਹੁਤ ਸਾਰੇ ਸ਼ਾਹੂਕਾਰ ਸਤਿਗੁਰੂ ਜੀ ਨੇ ਐਸੇ ਦੇਖੇ ਸਨ ਜਿਨ੍ਹਾਂ ਨੇ ਝੂਠੇ ਵਪਾਰ ਅੰਦਰ ਮਨ ਲਾਇਆ ਹੋਇਆ ਸੀ। ਵਿਖਾਵੇ ਅਤੇ ਝੂਠੇ ਦਾਅਵਿਆਂ ਅੰਦਰ ਜੀਵਨ ਅਜਾਈਂ ਗੁਆ ਰਹੇ ਸਨ। ਇਕ ਪੁਰਾਤਨ ਰਿਵਾਜ ਸੀ ਕਿ ਇਕ ਲੱਖ ਰੁਪਏ ਦਾ ਮਾਲਕ ਮਨੁੱਖ ਆਪਣੇ ਚੁਬਾਰੇ ਉਪਰ ਇਕ ਝੰਡਾ ਗੱਡ ਦਿੰਦਾ ਸੀ। ਦੋ ਵਾਲਾ ਦੋ। ਇੰਜ ਦੁਨੀ ਚੰਦ ਸੇਠ ਨੇ ਸੱਤ ਝੰਡੇ ਲਗਾਏ ਸਨ। ਸਤਿਗੁਰੂ ਜੀ ਨੇ ਇਸ ਮਦਹੋਸ਼ ਮਨੁੱਖ ਨੂੰ ਜਗਾਣ ਵਾਸਤੇ ਇਕ ਸੂਈ ਦਿੱਤੀ ਸੀ ਤੇ ਕਿਹਾ ਸੀ ਕਿ ਇਸ ਨੂੰ ਸਾਡੀ ਅਮਾਨਤ ਸਮਝ ਕੇ ਰੱਖ ਲੈ, ਪ੍ਰਲੋਕ ਵਿਚ ਲਵਾਂਗੇ। ਜਦ ਇਸ ਦੀ ਪਤਨੀ ਨੂੰ ਪਤਾ ਲੱਗਾ ਤਾਂ ਉਸ ਨੇ ਤੁਰੰਤ ਕਿਹਾ ਕਿ ਸੁਣਿਆ ਹੈ ਕਿ ਪ੍ਰਲੋਕ ਵਿਚ ਕੁਝ ਵੀ ਨਾਲ ਨਹੀਂ ਜਾਂਦਾ। ਸੁਆਮੀ ਜੀ! ਕਾਹਨੂੰ ਵਚਨ ਦੇ ਕੇ ਆਏ ਹੋ। ਜਾਓ ਮੋੜ ਆਉ। ਵਾਪਸ ਦੁਨੀ ਚੰਦ ਗੁਰੂ ਜੀ ਪਾਸ ਆਇਆ ਤੇ ਸੂਈ ਵਾਪਸ ਲੈ ਲੈਣ ਦੀ ਬੇਨਤੀ ਕੀਤੀ। ਮਹਾਰਾਜ ਜੀ ਨੇ ਪੁੱਛਿਆ ਕਿ ਐ ਸੇਠ! ਸੂਈ ਕਿਉਂ ਵਾਪਸ ਕਰ ਰਿਹਾ ਏਂ? ਕਹਿੰਦਾ—ਮਹਾਰਾਜ! ਭੁੱਲ ਹੋ ਗਈ। ਬੰਦੇ ਦੇ ਨਾਲ ਤਾਂ ਦੁਨੀਆ ਦੀ ਕੋਈ ਵੀ ਚੀਜ਼ ਨਹੀਂ ਜਾਂਦੀ। ਤਦ ਮਹਾਰਾਜ ਜੀ ਨੇ ਕਿਹਾ—ਸੱਤ ਝੰਡਿਆਂ ਦਾ ਕੀ ਮਤਲਬ? ਇਸ ਮਾਇਆ ਨੂੰ ਕਿਵੇਂ ਨਾਲ ਲੈ ਕੇ ਜਾਵੇਂਗਾ?

ਲੋੜਵੰਦਾਂ ਦੀ ਮਾਇਆ ਦੁਆਰਾ ਸੇਵਾ ਕਰਨ ਨਾਲ ਜੋ ਪੁੰਨ ਫਲ ਮਿਲਦਾ ਹੈ, ਉਹ ਨਾਲ ਨਿਭਦਾ ਹੈ। ਰਸਨਾ ਦੁਆਰਾ ਸਿਮਰਨ ਕੀਤਿਆਂ ਭਗਤੀ ਕਰਮ ਨਾਲ ਨਿਭਦਾ ਹੈ। ਜੀਵਨ ਦਾ ਅਸਲੀ ਲਾਭ ਸੇਵਾ ਤੇ ਸਿਮਰਨ ਰੂਪ 'ਚ ਪ੍ਰਾਪਤ ਹੁੰਦਾ ਹੈ।

ਸੁਖਮਨੀ ਸਾਹਿਬ ਦੀ ਬਾਣੀ ਅੰਦਰ ਗੁਰੂ ਫ਼ੁਰਮਾਨ ਹੈ :

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥ *(ਗਉੜੀ ਸੁਖਮਨੀ ਮ: ੫, ਪੰਨਾ 293)*

ਐ ਮਨੁੱਖ! ਵਾਹਿਗੁਰੂ ਜੀ ਦੇ ਪਿਆਰ ਅੰਦਰ ਭਿੱਜ ਕੇ ਨਾਮ ਦਾ ਵਪਾਰ ਕਰ। ਸੱਚੀ ਦਰਗਾਹ ਅੰਦਰ ਐਸੇ ਸੌਦੇ ਕਰ ਕੇ ਮੁੱਖ ਉੱਜਲਾ ਹੁੰਦਾ ਹੈ।

ਖ਼ਾਲਕ ਦਾ ਸਿਮਰਨ ਅਤੇ ਖ਼ਲਕਤ ਦੀ ਸੇਵਾ, ਗੁਰਸਿੱਖੀ ਨੇ ਸੱਚੇ ਵਪਾਰ ਦੀ ਜੁਗਤ ਸਿਖਾਈ ਹੈ। ਜੇਕਰ ਖ਼ਲਕਤ ਦੀ ਸੇਵਾ ਤੇ ਖ਼ਾਲਕ ਦੀ ਬੰਦਗੀ ਵੱਲੋਂ ਮਨੁੱਖ ਨੇ ਧਿਆਨ ਫੇਰ ਲਿਆ ਤਾਂ ਬਾਕੀ ਤਾਂ ਉਸ ਦੇ ਕਰਮ ਸੁਆਰਥੀ, ਨਿਜਵਾਦੀ ਤੇ ਹਉਮੈ ਭਰਪੂਰ ਹੀ ਹੁੰਦੇ ਹਨ। 'ਆਸਾ ਦੀ ਵਾਰ' ਅੰਦਰ ਸਤਿਗੁਰੂ ਜੀ ਦਾ ਪਾਵਨ ਬਚਨ ਹੈ :

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥

(ਸਲੋਕ ਮ: ੧, ਪੰਨਾ 467)

ਲੇਖੇ 'ਚ ਭਾਵ ਪਰਵਾਨ ਹੋਣ ਯੋਗ ਤਾਂ ਇਕ ਗੱਲ ਹੈ ਬਈ ਐ ਮਨੁੱਖ! ਤੂੰ ਸੱਚ ਦਾ ਵਪਾਰੀ ਹੈਂ ਕਿ ਨਹੀਂ। ਨਾਮ ਦਾ ਰਸੀਆ ਹੈਂ ਕਿ ਨਹੀਂ। ਬਾਕੀ ਤਾਂ ਹਉਮੈ ਦੀਆਂ ਝੱਖਾਂ ਹੀ ਹਨ। ਸਿਰਫ਼ ਵਿਖਾਵਾ ਹੀ ਹੈ।

ਮਨੁੱਖ ਦਾ ਦੁਨੀਆ ਅੰਦਰ ਵਪਾਰ ਵੱਡਾ ਹੋ ਸਕਦਾ ਹੈ। ਵੱਡੇ ਵਪਾਰ ਵਿਚ ਇਕ ਵੱਡਾ ਲਾਭ ਹੋ ਸਕਦਾ ਹੈ। ਚੰਗਾ ਘਰ ਮਕਾਨ ਬਣ ਸਕਦਾ ਹੈ ਅਤੇ ਸੁਖ ਸਹੂਲਤਾਂ ਦੇ ਸਾਧਨ ਪ੍ਰਾਪਤ ਹੋ ਸਕਦੇ ਹਨ। ਬਹੁਤ ਸ਼ੋਭਾ ਹੋ ਸਕਦੀ ਹੈ, ਮਾਨ ਸਨਮਾਨ ਵੱਡਾ ਹੋ ਸਕਦਾ ਹੈ। ਮਿੱਤਰ ਦੋਸਤ ਬਹੁਤ ਹੋ ਸਕਦੇ ਹਨ। ਭਾਵ ਕਿ ਕਾਰੋਬਾਰ ਚਮਕਣ ਨਾਲ ਦੁਨਿਆਵੀ ਪਸਾਰਾ ਬਹੁਤ ਵਧ ਸਕਦਾ ਹੈ। ਏਨਾ ਜ਼ਿਆਦਾ ਵਧਿਆ ਹੋਇਆ ਕਾਰੋਬਾਰ, ਮਿਲੀ ਦੁਨਿਆਵੀ ਵਡਿਆਈ ਆਦਿ ਕਿਸੇ ਵੀ ਕੰਮ ਨਹੀਂ। ਪ੍ਰਭੂ-ਦਰਗਾਹ ਵਿਚ ਐਸਾ ਮਨੁੱਖ ਖੋਟਾ ਕਰ ਦੁਰਕਾਰਿਆ ਜਾਂਦਾ ਹੈ :

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥

(ਮ: ੨, ਪੰਨਾ 1290)

ਧਰਮ ਦਾ ਫੁੱਲ ਜੇਕਰ ਜੀਵਨ ਅੰਦਰ ਖਿੜਿਆ ਨਹੀਂ, ਪ੍ਰੇਮ ਦੀ ਸੁਗੰਧੀ ਨਹੀਂ, ਦਇਆ ਦੀ ਕੋਮਲਤਾ ਨਹੀਂ, ਵੰਡ ਛਕਣ ਦਾ ਸੁਭਾਅ ਨਹੀਂ, ਫਿਰ ਤਾਂ ਮਨੁੱਖ ਸਿੰਮਲ ਰੁੱਖ ਵਾਂਗ ਨਿਕੰਮਾ ਹੀ ਹੁੰਦਾ ਹੈ। ਨਿਮਰਤਾ, ਮਿਠਾਸ, ਭਲਿਆਈ ਵਿਹੂਣਾ ਪ੍ਰਾਣੀ ਸਿੰਮਲ ਹੀ ਹੈ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ *(ਸਲੋਕ ਮ: ੧, ਪੰਨਾ 470)*

ਬੂਆੜ ਤਿਲਾਂ ਦੇ ਬੂਟਿਆਂ ਨੂੰ ਕਿਰਸਾਣ ਖੇਤਾਂ ਅੰਦਰ ਸੁੱਟ ਦਿੰਦੇ ਹਨ।

ਸਤਿਗੁਰੂ ਦੇ ਮਾਰਗ ਤੋਂ ਲਾਪਰਵਾਹ ਮਨੁੱਖ ਪ੍ਰਭੂ ਦੀ ਹਜ਼ੂਰੀ 'ਚੋਂ ਫਿਟਕਾਰੇ ਜਾਂਦੇ ਹਨ। ਐਸੇ ਮਨੁੱਖ ਵੀ ਇਸ ਸੰਸਾਰ ਅੰਦਰ ਆਪਣੀ ਹੋਂਦ ਹਉਮੈ ਨੂੰ ਸਦਾ ਹੀ ਦਰਸਾਉਂਦੇ ਰਹਿੰਦੇ ਹਨ। ਜਿਵੇਂ ਤਿਲਾਂ ਤੋਂ ਖ਼ਾਲੀ ਬੂਟੇ ਨਿਕੰਮੇ ਹੁੰਦੇ ਹਨ; ਇਸੇ ਤਰ੍ਹਾਂ ਸੇਵਾ ਭਗਤੀ ਤੋਂ ਖ਼ਾਲੀ ਹਿਰਦੇ ਕੁਰੂਪ ਹੁੰਦੇ ਹਨ :

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ *(ਮ: ੧, ਪੰਨਾ 463)*

ਸੱਚ ਤਾਂ ਇਹ ਹੈ ਕਿ ਗੁਰੂ ਦਾ ਗਿਆਨ ਹੀ ਮਨੁੱਖ ਦੀ ਹੋਸ਼ ਹਵਾਸ ਕਾਇਮ ਰੱਖਦਾ ਹੈ। ਮਨੁੱਖਤਾ ਦੀ ਖ਼ਿਦਮਤ ਤੇ ਅਕਾਲ ਪੁਰਖ ਦੀ ਅਰਾਧਨਾ ਜਿਸ ਮਨੁੱਖ ਨੇ ਕਮਾ ਲਈ, ਉਹ ਦੋਹੀਂ ਜਹਾਨੀਂ ਨਿਵਾਜਿਆ ਜਾਂਦਾ ਹੈ। ਗੁਰੂ ਦਾ ਗਿਆਨ ਜੀਵ ਨੂੰ ਸੱਚੇ ਸੌਦੇ ਦੀ ਸੋਝੀ ਵੀ ਕਰਵਾਉਂਦਾ ਹੈ ਅਤੇ ਸੱਚ ਦਾ ਵਪਾਰੀ ਵੀ ਬਣਾਉਂਦਾ ਹੈ—ਮਨੁੱਖਾ ਜਨਮ ਦਾ ਇਹੋ ਹੀ ਲਾਹਾ ਹੈ।

ਇਸ ਮਾਰਗ 'ਤੇ ਚੱਲਦਿਆਂ ਜਗਤ ਵੱਲੋਂ ਸਨਮਾਨ ਆਪਣੇ ਆਪ ਮਿਲਦਾ ਹੈ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
(ਬਾਰਹਮਾਹਾ ਮਾਂਝ ਮਹਲਾ ੫, ਪੰਨਾ 136)

ਸੌਣਾ ਤੇ ਜਾਗਣਾ

ਪਰਮਾਤਮਾ ਨੇ ਜੋ ਸੁਗਾਤਾਂ ਮਨੁੱਖ ਦੀ ਝੋਲੀ ਪਾਈਆਂ ਹਨ, ਉਨ੍ਹਾਂ ਵਿੱਚੋਂ ਇਕ ਨੀਂਦ ਵੀ ਹੈ। ਤੰਦਰੁਸਤੀ ਮਨੁੱਖ ਦੀ ਇਕ ਐਸੀ ਦੌਲਤ ਹੈ, ਜੋ ਲੋੜ ਮਾਤਰ ਭੋਜਨ ਅਤੇ ਲੋੜ ਮਾਤਰ ਨੀਂਦ ਉਪਰ ਨਿਰਭਰ ਕਰਦੀ ਹੈ। ਜਿਥੇ ਸਮੇਂ ਸਿਰ ਭੁੱਖ ਦਾ ਲੱਗਣਾ ਜ਼ਰੂਰੀ ਹੈ, ਉਥੇ ਸਮੇਂ ਸਿਰ ਨੀਂਦ ਦਾ ਆਉਣਾ ਵੀ ਜ਼ਰੂਰੀ ਹੈ।

ਬਿਮਾਰ ਮਨੁੱਖ ਨੂੰ ਭੁੱਖ ਵੀ ਨਹੀਂ ਲੱਗਦੀ ਅਤੇ ਨੀਂਦ ਵੀ ਨਹੀਂ ਆਉਂਦੀ। ਜ਼ਿਆਦਾ ਭੋਜਨ ਵੀ ਮਨੁੱਖ ਨੂੰ ਆਲਸੀ ਬਣਾ ਦਿੰਦਾ ਹੈ ਅਤੇ ਜ਼ਿਆਦਾ ਨੀਂਦ ਵੀ ਮਨੁੱਖ ਨੂੰ ਰੋਗੀ ਬਣਾ ਦਿੰਦੀ ਹੈ। ਉਮਰ ਦੇ ਹਿਸਾਬ ਬੱਚੇ ਨੂੰ ਜ਼ਿਆਦਾ ਨੀਂਦ ਦੀ ਲੋੜ ਹੁੰਦੀ ਹੈ। ਬੱਚੇ ਅਕਸਰ ਜ਼ਿਆਦਾ ਸੌਂਦੇ ਹਨ। ਜਵਾਨੀ 'ਚ ਜ਼ਿੰਮੇਵਾਰੀਆਂ ਵਧਣ ਕਰਕੇ ਅਤੇ ਸਰੀਰਕ ਮਿਹਨਤ ਵਧਣ ਕਰਕੇ ਨੀਂਦ ਸਰੀਰਕ ਅਤੇ ਮਾਨਸਿਕ ਆਰਾਮ ਦਿਵਾਉਂਦੀ ਹੈ ਪਰ ਬੁਢੇਪੇ ਵਿਚ ਚਿੰਤਾਵਾਂ ਦਾ ਬੋਝ ਵਧਣ ਕਰਕੇ ਨੀਂਦ ਉਡਾਰੀਆਂ ਮਾਰਨ ਲੱਗ ਜਾਂਦੀ ਹੈ। ਅਕਸਰ ਇਥੇ ਪਹੁੰਚ ਕੇ ਮਨੁੱਖ ਪ੍ਰੇਸ਼ਾਨੀਆਂ ਨਾਲ ਭਰ ਜਾਂਦਾ ਹੈ।

ਇਕ ਨੀਂਦ ਅਗਿਆਨਤਾ ਦੀ ਹੈ, ਭੌਤਿਕ ਪਦਾਰਥ ਅਤੇ ਪਦਵੀਆਂ ਦੇ ਮੋਹ ਅੰਦਰ ਮਨੁੱਖ ਦੀ ਚੇਤਨਾ ਲੰਬੇ ਸਮੇਂ ਤੋਂ ਸੁੱਤੀ ਹੋਈ ਹੈ। ਇਹ ਜਨਮ ਤਾਂ ਮਨੁੱਖ ਨੂੰ ਜਾਗਣ (ਸੁਚੇਤ ਹੋਣ) ਲਈ ਪ੍ਰਾਪਤ ਹੋਇਆ ਹੈ। ਗੁਰੂ ਜੀ ਦਾ ਬਚਨ ਹੈ :

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥
(ਤਿਲੰਗ ਮਹਲਾ ੯, ਪੰਨਾ 726)

ਮਨੁੱਖ ਦੀ ਰੋਜ਼ਾਨਾ ਤਰਜ਼ੇ-ਜ਼ਿੰਦਗੀ ਨੂੰ ਵੇਖਿਆਂ ਪਤਾ ਚੱਲਦਾ ਹੈ ਕਿ ਇਸ ਨੂੰ ਤਾਂ ਆਪਣੇ ਲਕਸ਼ ਦਾ ਚੇਤਾ ਹੀ ਭੁੱਲ ਗਿਆ ਹੈ। ਦਿਨ ਖਾ ਕੇ ਲੰਘਾ ਲੈਂਦਾ ਹੈ, ਰਾਤ ਸੌਂ ਕੇ ਗੁਜ਼ਾਰ ਲੈਂਦਾ ਹੈ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥
(ਗਉੜੀ ਬੈਰਾਗਣਿ ਮਹਲਾ ੧, ਪੰਨਾ 156)

ਲਾਲਚ, ਹਉਮੈ, ਨਫ਼ਰਤ, ਜਮਾਂਖ਼ੋਰੀ, ਚੁਗ਼ਲੀ, ਨਿੰਦਿਆ ਆਦਿ ਵਿਕਾਰਾਂ ਦੀ ਗੂੜ੍ਹੀ ਨੀਂਦ, ਇਸ ਦੇ ਇੰਦ੍ਰੇ ਸੁੱਤੇ ਪਏ ਹਨ। ਇਕ-ਇਕ ਇੰਦ੍ਰਾ ਗਹਿਰੇ ਰਸ ਅੰਦਰ ਮਸਤ ਹੈ :

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਨਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥ *(ਗਉੜੀ ਗੁਆਰੇਰੀ ਮਹਲਾ ੫, ਪੰਨਾ 182)*

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ ਕਿ ਪ੍ਰਾਣੀ ਰਜੋ, ਤਮੋ ਅਤੇ ਸਤੋ ਗੁਣੀ ਸੁਭਾਅ ਅਨੁਸਾਰ ਜੀਵਨ ਅੰਦਰ ਚੱਲਦੇ ਹਨ। ਇਹ ਵੀ ਇਕ ਤਰ੍ਹਾਂ ਦੀ ਨੀਂਦ ਹੈ :

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
(ਰਾਮਕਲੀ ਮਹਲਾ ੩ ਅਨੰਦੁ, ਪੰਨਾ 920)

ਭਗਤ ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਇਹ ਤਿੰਨੇ ਗੁਣ ਮਾਇਆ ਦੀ ਹੀ ਮੋਹਣੀ ਖੇਡ ਹੈ। ਇਨ੍ਹਾਂ ਤੋਂ ਅੱਗੇ ਪਰਮ ਅਨੰਦ ਦੀ ਅਵਸਥਾ ਆਉਂਦੀ ਹੈ :

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥
(ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ, ਪੰਨਾ 1123)

ਰਜੋ, ਤਮੋ ਤੇ ਸਤੋ ਬਿਰਤੀ ਦਾ ਗ਼ੁਲਾਮ ਮਨੁੱਖ ਆਪਣੀ ਜ਼ਿੰਦਗੀ ਦੇ ਸਮੇਂ ਦੀ ਰਾਤ ਅਚੇਤ ਅਵਸਥਾ ਵਿਚ ਹੀ ਬਤੀਤ ਕਰ ਜਾਂਦਾ ਹੈ। ਪਸ਼ੂ-ਪੰਛੀ ਤਮੋ ਤੇ ਰਜੋ ਬਿਰਤੀਆਂ ਅੰਦਰ ਜੀਵਨ ਦਾ ਸਮਾਂ ਬਤੀਤ ਕਰਦੇ ਹਨ। ਸ਼ੇਰ, ਚੀਤੇ, ਬਘਿਆੜ ਆਦਿ ਰਜੋ ਗੁਣੀ (ਤਾਕਤ ਦੀ ਨੁਮਾਇਸ਼) ਵਾਲੇ ਹਨ। ਬਾਕੀ ਪਸ਼ੂਆਂ ਅੰਦਰ ਤਮੋ (ਅਚੇਤ) ਸੁਭਾਅ ਪ੍ਰਧਾਨ ਹੈ। ਮਨੁੱਖਾਂ ਅੰਦਰ ਤਿੰਨਾਂ ਬਿਰਤੀਆਂ ਦੇ ਦਰਸ਼ਨ ਹੁੰਦੇ ਹਨ। ਕਦੇ-ਕਦੇ ਕੋਈ ਵਡਭਾਗੀ ਪੁਰਸ਼ ਗੁਰੂ ਮਿਹਰ ਨਾਲ ਇਨ੍ਹਾਂ ਤਿੰਨਾਂ ਤਰ੍ਹਾਂ ਦੀਆਂ ਬਿਰਤੀਆਂ ਨੂੰ ਤਿਆਗ ਕੇ ਚੌਥੀ ਅਵਸਥਾ ਅੰਦਰ ਨਿਸ਼ਕਾਮ, ਪਰਉਪਕਾਰੀ ਬਿਰਤੀ ਵਿਚ ਟਿਕਦਾ ਹੈ। ਉਨ੍ਹਾਂ ਦਾ ਦਿਨ ਤੇ ਰਾਤ ਸਹੀ ਅਰਥਾਂ ਅੰਦਰ ਜਾਗਿਆਂ ਸਫਲ ਹੁੰਦਾ ਹੈ :

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ,
ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥
(ਰਾਮਕਲੀ ਮਹਲਾ ੩ ਅਨੰਦੁ, ਪੰਨਾ 920)

ਦੌਲਤ, ਸੱਤਾ, ਪਦਵੀ, ਤਾਕਤ, ਮਾਣ ਆਦਿ ਪ੍ਰਾਪਤ ਹੋ ਜਾਣ 'ਤੇ ਅਹੰਕਾਰ ਪੈਦਾ ਹੋ ਜਾਣਾ, ਰਜੋ ਗੁਣੀ ਸੁਭਾਅ ਹੈ। ਲੋਕ ਕਹਿ ਦਿੰਦੇ ਹਨ, ਵਸਤੂ ਮਹਾਨ ਸੀ ਪਰ ਭਾਂਡਾ ਛੋਟਾ ਸੀ; ਸਮਾਈ ਨਹੀਂ।

ਤਮ-ਅਗਿਆਨਤਾ, ਖਾਣਾ, ਪੀਣਾ, ਭੋਗਣਾ ਤੇ ਸੌਣਾ; ਇਹ ਸੁਭਾਅ ਤਮੋ ਗੁਣੀ ਹੈ। ਇਸ ਤੋਂ ਇਲਾਵਾ ਜੀਵਨ ਦਾ ਹੋਰ ਕੋਈ ਮਨੋਰਥ ਨਾ ਸਮਝਣਾ। ਬਹੁਤੇ ਪਸ਼ੂ ਪੰਛੀ ਤੇ ਬਹੁਤੇ ਮਨੁੱਖ ਇਸੇ ਸੁਭਾਅ ਅਨੁਸਾਰ ਜੀਵਨ ਲੰਘਾਈ ਜਾ ਰਹੇ ਹਨ।

ਸਤੋ ਗੁਣੀ—ਨੇਕ ਕਰਮ ਕਰ ਕੇ ਉਨ੍ਹਾਂ ਦੀ ਵਡਿਆਈ ਦੀ ਚਾਹਨਾ ਪੈਦਾ

ਹੋਣੀ, ਸਤੋ ਗੁਣੀ ਸੁਭਾਅ ਹੈ। ਪੁੰਨ-ਦਾਨ, ਸੇਵਾ, ਭਲਿਆਈ, ਪਰਉਪਕਾਰ ਆਦਿ ਕਰਦਿਆਂ ਮਨ ਅੰਦਰ ਵਾਹ-ਵਾਹ ਲੈਣ ਦੀ ਭੁੱਖ ਦਾ ਜਾਗਣਾ—ਸਤੋ ਗੁਣੀ ਬਿਰਤੀ ਅਖਵਾਉਂਦੀ ਹੈ।

ਗੁਰਮੁਖ ਰਜੋ, ਤਮੋ ਤੇ ਸਤੋ ਗੁਣ ਨੂੰ ਪਾਰ ਕਰ ਕੇ ਗੁਰੂ ਕ੍ਰਿਪਾ ਨਾਲ ਨਿਹਕਾਮ ਅਵਸਥਾ ਅੰਦਰ ਟਿਕ ਜਾਂਦਾ ਹੈ। ਮਨੁੱਖਤਾ ਦੀ ਸੇਵਾ ਕਰਦਿਆਂ ਖ਼ੁਦ ਪ੍ਰਸੰਨਤਾ ਪ੍ਰਾਪਤ ਕਰਦਾ ਹੈ ਅਤੇ ਪ੍ਰਭੂ-ਮਿਲਾਪ ਦਾ ਰਸ ਮਾਣਦਾ ਹੈ :

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ *(ਗਉੜੀ ਸੁਖਮਨੀ ਮ: ੫, ਪੰਨਾ 286)*

ਪੂਰਨ ਜਾਗਿਆ ਹੋਇਆ ਗੁਰਸਿੱਖ ਸੰਸਾਰ ਦੀਆਂ ਵਡਿਆਈਆਂ ਦੀ ਚਾਹਤ ਤੋਂ ਉਪਰ ਹੋ ਜਾਂਦਾ ਹੈ। ਫੋਕੀਆਂ ਵਡਿਆਈਆਂ ਵੀ ਪਰਮਾਰਥ ਦੇ ਮਾਰਗ ਦੀਆਂ ਰੁਕਾਵਟਾਂ ਹੀ ਬਣਦੀਆਂ ਹਨ :

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥
(ਮਹਲਾ ੨, ਪੰਨਾ 1290)

ਗੁਰਬਾਣੀ ਦੀ ਸੂਝ ਬੋਧ ਮਨੁੱਖ ਨੂੰ ਇਸ ਨਿੰਦ੍ਰਾ ਵਿੱਚੋਂ ਉਠਾਉਂਦੀ ਹੈ। ਭਗਤ ਕਬੀਰ ਜੀ ਨੇ ਬਸੰਤ ਰਾਗ ਅੰਦਰ ਪੰਡਤਾਂ, ਜੋਗੀਆਂ, ਸੰਨਿਆਸੀਆਂ, ਤਪੱਸਵੀਆਂ ਆਦਿ ਬਾਰੇ ਦਰਸਾਇਆ ਹੈ ਕਿ ਅਕਸਰ ਜਪ ਤਪ ਦਾ ਮਾਣ ਇਨ੍ਹਾਂ ਦੇ ਮਨਾਂ ਅੰਦਰ ਬੈਠਾ ਹੀ ਰਿਹਾ। ਰਿਧੀਆਂ ਸਿਧੀਆਂ ਦਾ ਮੋਹ ਪਰਮਾਤਮਾ ਤੋਂ ਦੂਰ ਕਰਨ ਦਾ ਕਾਰਨ ਬਣਿਆ। ਦਰਅਸਲ ਚੋਰ ਹਿਰਦਿਆਂ ਨੂੰ ਲੁੱਟਦੇ ਹੀ ਰਹੇ :

ਪੰਡਿਤ ਜਨ ਮਾਤੇ ਪੜਿ੍ ਪੁਰਾਨ ॥
ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥
ਤਪਸੀ ਮਾਤੇ ਤਪ ਕੈ ਭੇਵ ॥੧॥
ਸਭ ਮਦ ਮਾਤੇ ਕੋਊ ਨ ਜਾਗ ॥
ਸੰਗ ਹੀ ਚੋਰ ਘਰੁ ਮੁਸਨ ਲਾਗ ॥ *(ਬਸੰਤੁ ਬਾਣੀ ਕਬੀਰ ਜੀ ਕੀ, ਪੰਨਾ 1193)*

ਵਿਦਵਾਨ ਵਿਦਵਤਾ ਦੇ ਮਾਣ ਵਿਚ ਹਨ; ਜੋਗੀ ਜੋਗ ਦੇ ਮਾਣ ਅੰਦਰ ਮਸਤ ਹਨ; ਸੰਨਿਆਸੀ ਤਿਆਗ ਦੇ ਮਾਣ ਅੰਦਰ ਹੰਕਾਰੀ ਹਨ। ਤਿਆਗ ਤਾਂ ਵਿਖਾਵਾ ਹੀ ਸਿੱਧ ਹੋਇਆ :

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥
(ਸਲੋਕ ਭਗਤ ਕਬੀਰ ਜੀ ਕੇ, ਪੰਨਾ 1372)

ਇਕ ਸਾਖੀ ਹੈ। ਕਸ਼ਮੀਰ ਦਾ ਪ੍ਰਸਿੱਧ ਵਿਦਵਾਨ ਪੰਡਤ ਬ੍ਰਹਮ ਦਾਸ ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਨ ਆ ਗਿਆ। ਉਸ ਨੇ ਦੋ ਊਠ ਗ੍ਰੰਥਾਂ ਕਿਤਾਬਾਂ ਦੇ ਲੱਦੇ ਹੋਏ ਸਨ। ਉਸ ਨੂੰ ਮਾਣ ਸੀ ਕਿ ਜੋ ਗਿਆਨ ਮੇਰੇ ਪਾਸ

ਹੈ, ਹੋਰ ਕਿਸੇ ਪਾਸ ਨਹੀਂ ਹੈ। ਇਸੇ ਬਿਰਤੀ ਅਨੁਸਾਰ ਉਹ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਨ ਆ ਗਿਆ। ਸਤਿਗੁਰੂ ਜੀ ਨੇ ਕਿਹਾ ਕਿ ਬ੍ਰਹਮ ਦਾਸ, ਜੋ ਇਨ੍ਹਾਂ ਗ੍ਰੰਥਾਂ ਅੰਦਰ ਲਿਖਿਆ ਹੈ, ਉਹਦੀ ਝਲਕ ਤੇਰੇ ਜੀਵਨ ਅੰਦਰੋਂ ਨਹੀਂ ਮਿਲਦੀ। ਜੋ ਤੇਰੇ ਅੰਦਰ ਹੈ; ਧਰਮ ਗ੍ਰੰਥ ਉਸ ਦੀ ਨਿਖੇਧੀ ਕਰਦੇ ਹਨ। ਵਿਦਵਤਾ ਦਾ ਮਤਲਬ ਹੈ, ਮਨੁੱਖ ਪੂਰਨ ਜਾਗ ਪਵੇ। ਅਗਰ ਵਿਦਵਤਾ ਨੇ ਜਗਾਇਆ ਨਹੀਂ ਤਾਂ ਐਸੀ ਅਹੰਕਾਰ ਭਰੀ ਵਿਦਵਾਨੀ ਕਿਸ ਕੰਮ ?

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

(ਸਲੋਕ ਮ: ੧, ਪੰਨਾ 467)

ਇਕ ਹੋਰ ਸਾਖੀ ਹੈ—ਪਾਉਂਟਾ ਸਾਹਿਬ ਜਮਨਾ ਨਦੀ ਅੰਦਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਬੇੜੀ ਅੰਦਰ ਬੈਠੇ ਸ਼ਾਮ ਦੇ ਵਕਤ ਸੈਰ ਕਰ ਰਹੇ ਸਨ। ਮਲਾਹ ਬਹੁਤ ਪ੍ਰਸੰਨ ਸੀ। ਅੱਜ ਉਸ ਨੂੰ ਸਾਹਿਬੇ-ਕਮਾਲ ਸਤਿਗੁਰੂ ਜੀ ਦੇ ਚਰਨ ਸਪਰਸ਼ ਕਰਨ ਦਾ ਸੁਭਾਗ ਮਿਲ ਗਿਆ। ਉਸ ਨੇ ਆਪਣੀ ਬੇੜੀ ਨੂੰ ਦਰਿਆ ਅੰਦਰ ਬੜੇ ਪ੍ਰੇਮ ਨਾਲ ਚੱਪੂ ਲਗਾ-ਲਗਾ ਕੇ ਚਲਾਇਆ। ਸੰਧਿਆ ਦੇ ਵੇਲੇ ਰਹਰਾਸਿ ਸਾਹਿਬ ਜੀ ਦਾ ਸਮਾਂ ਨੇੜੇ ਆਇਆ। ਸਤਿਗੁਰੂ ਜੀ ਨੇ ਮਲਾਹ ਨੂੰ ਉਰਲੇ ਕਿਨਾਰੇ ਬੇੜੀ ਲਗਾਉਣ ਲਈ ਬਚਨ ਬਖ਼ਸ਼ਿਆ। ਜਿਉਂ ਹੀ ਮਲਾਹ ਨੇ ਪਰਲੇ ਕਿਨਾਰੇ ਵੱਲੋਂ ਬੇੜੀ ਉਰਲੇ ਕਿਨਾਰੇ ਵੱਲ ਤੋਰੀ ਤਾਂ ਸਿੱਧੀ ਪ੍ਰਾਪਤ ਜੋਗੀ ਪਾਣੀ ਉਪਰ ਬੇੜੀ ਦੇ ਨਾਲ ਨਾਲ ਚੱਲਣ ਲੱਗ ਪਿਆ। ਰਸਤੇ ਵਿਚ ਉਸ ਨੇ ਸਿੱਧੀ ਮਾਣ ਦਾ ਪ੍ਰਗਟਾਵਾ ਕੀਤਾ। ਸਤਿਗੁਰੂ ਜੀ ਅਨੰਦ ਰਸ ਅੰਦਰ ਬੈਠੇ ਵੇਖਦੇ ਰਹੇ। ਜੋਗੀ ਦਾ ਮਨ ਚਾਹ ਰਿਹਾ ਸੀ ਕਿ ਮੇਰੀ ਇਸ ਪ੍ਰਾਪਤੀ 'ਤੇ ਗੁਰੂ ਜੀ ਕੁਝ ਕਹਿਣ, ਪਰ ਸਤਿਗੁਰੂ ਜੀ ਕੁਝ ਨਾ ਬੋਲੇ।

ਇੰਨੇ ਚਿਰ ਨੂੰ ਦਰਿਆ ਦਾ ਕਿਨਾਰਾ ਆ ਗਿਆ। ਸਤਿਗੁਰੂ ਜੀ ਨੇ ਇਕ ਆਨਾ ਮਲਾਹ ਨੂੰ ਉਸ ਦਾ ਮਿਹਨਤਾਨਾ ਬਖ਼ਸ਼ਿਆ। ਬੇੜੀ 'ਚੋਂ ਉਤਰ ਕੇ ਸਤਿਗੁਰੂ ਜੀ ਜਦ ਜਾਣ ਲੱਗੇ ਤਾਂ ਸਿੱਧੀ ਦੇ ਅਹੰਕਾਰ ਅੰਦਰ ਸੁੱਤਾ ਜੋਗੀ ਆਪ ਹੀ ਬੋਲ ਪਿਆ। ਕਿਹਾ—ਮਹਾਰਾਜ! ਮੈਂ ਪਾਣੀ ਉਪਰ ਤੁਰ ਕੇ ਆਇਆ ਹਾਂ ਤੇ ਤੁਸੀਂ ਬੇੜੀ ਉਪਰ ਚੜ੍ਹ ਕੇ। ਮੈਨੂੰ ਕਠਨ ਤਪੱਸਿਆ ਨਾਲ ਇਹ ਸਿੱਧੀ ਪ੍ਰਾਪਤ ਹੋਈ ਹੈ।

ਸਤਿਗੁਰੂ ਜੀ ਨੇ ਪੁੱਛਿਆ—ਜੋਗੀ ਜੀ, ਇਸ ਸਿੱਧੀ ਦੀ ਪ੍ਰਾਪਤੀ ਲਈ ਕਿੰਨੇ ਸਾਲ ਲੱਗੇ ਹਨ ? ਜੋਗੀ ਨੇ ਕਿਹਾ—ਮਹਾਰਾਜ! ਪੂਰੇ ਬਾਰਾਂ ਸਾਲ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ—ਜੋਗੀ ਜੀ, ਅਸਾਂ ਪਾਣੀ ਦੀ ਸੈਰ ਇਕ ਆਨੇ ਵਿਚ ਕਰ ਲਈ। ਤੁਸੀਂ ਪਾਣੀ 'ਤੇ ਤੁਰਨ ਲਈ ਜ਼ਿੰਦਗੀ ਦੇ ਬਾਰਾਂ ਸਾਲ ਗਾਲ ਦਿੱਤੇ। ਇਹੋ ਸਮਾਂ ਜੇ ਕਿਤੇ ਤੁਸਾਂ ਭਗਵਾਨ ਦੀ ਸਾਜੀ ਮਨੁੱਖਤਾ, ਖ਼ਾਲਕ ਦੀ ਖ਼ਲਕਤ ਦੀ ਸੇਵਾ ਵਿਚ ਲਗਾਏ ਹੁੰਦੇ ਤਾਂ ਉਸ ਪ੍ਰਭੂ ਦੀ ਕ੍ਰਿਪਾ ਦੀ ਇਕ ਕਣੀ ਨੇ ਤੁਹਾਨੂੰ ਅਨੰਦ ਨਾਲ ਭਰ ਦੇਣਾ ਸੀ।

ਨਾਟਕ-ਚੇਟਕ, ਰਿਧੀਆਂ-ਸਿਧੀਆਂ ਹੋਰ ਸੁਆਦ ਹਨ। ਇਹ ਵੀ ਮਾਇਆ ਦੀ ਨੀਂਦ ਹੈ। ਇਹ ਵੀ ਪਰਮਾਤਮਾ ਤੋਂ ਵਿਛੋੜਦੀਆਂ ਹਨ। ਗੁਰਵਾਕ ਹੈ :

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

(ਸਿਰੀਰਾਗੁ ਮਹਲਾ ੧, ਪੰਨਾ 14)

ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਫ਼ੁਰਮਾਇਆ ਹੈ :

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥

(ਸੋਰਠਿ ਮਹਲਾ ੫, ਪੰਨਾ 642)

ਅਵਿੱਦਿਆ ਨੇ ਕਿਸੇ ਨਾ ਕਿਸੇ ਰੂਪ ਵਿਚ ਹਰ ਜੀਵ ਨੂੰ ਲੋਰੀਆਂ ਦੇ ਦੇ ਕੇ ਗੂੜ੍ਹੀ ਨੀਂਦ ਸੁਲਾਇਆ ਹੈ :

ਸੁਤਜੇ ਅਸੰਖ ਮਾਇਆ ਝੂਠੀ ਕਾਰਣੇ ॥ *(ਸਲੋਕ ਮਹਲਾ ੫, ਪੰਨਾ 1425)*

ਜਾਗਣ ਵਾਲਿਆਂ ਦੀ ਪਹਿਚਾਣ ਹੈ :

ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥ *(ਸਲੋਕ ਮਹਲਾ ੫, ਪੰਨਾ 1425)*

ਇਸ ਨੀਂਦ ਅੰਦਰੋਂ ਮਨੁੱਖ ਚਾਰ ਤਰੀਕਿਆਂ ਨਾਲ ਜਾਗ ਸਕਦੇ ਹਨ। ਪਹਿਲਾ ਤਰੀਕਾ ਬੁੱਧੀ ਏਨੀ ਤੀਖਣ ਅਤੇ ਬਰੀਕ ਹੋਵੇ ਕਿ ਜੀਵਨ ਦੀ ਅਸਲੀਅਤ ਪ੍ਰਗਟ ਹੋ ਜਾਵੇ। ਮਹਾਤਮਾ ਬੁੱਧ ਨੇ ਜੀਵਨ ਦੀਆਂ ਕੁਝ ਘਟਨਾਵਾਂ ਵੇਖੀਆਂ। ਬਿਮਾਰ, ਬੁੱਢਾ ਤੇ ਮੁਰਦਾ ਵਾਰੋ ਵਾਰੀ ਵੇਖੇ। ਸੁਰਤ ਉੱਚੀ ਹੋ ਗਈ। ਸੰਸਾਰ ਦੁੱਖਾਂ ਦਾ ਘਰ ਨਜ਼ਰ ਆਇਆ। ਪਰਮ ਅਨੰਦ ਦੀ ਤਲਾਸ਼ ਕਰਨ ਚਲੇ ਗਏ। ਵਕਤੀ ਘਰ ਬਾਹਰ ਦੇ ਸੁੱਖ ਛੱਡ ਦਿੱਤੇ। ਪਰਮ ਅਨੰਦ ਦੀ ਪ੍ਰਾਪਤੀ ਹੋਈ, ਪਰ ਹਰ ਮਨੁੱਖ ਦੀ ਸੁਰਤ-ਬੁੱਧੀ ਏਨੀ ਉੱਚੀ ਕਿਥੇ ਹੈ ਕਿ ਅਸਲੀਅਤ ਨਜ਼ਰ ਆਏ।

ਦੂਜਾ ਸਾਧਨ ਹੈ—ਸਤਿਸੰਗ। ਕੀਰਤਨ, ਕਥਾ-ਕਹਾਣੀਆਂ ਵੀ ਮਨੁੱਖ ਨੂੰ ਜਗਾਉਣ ਦਾ ਉਪਰਾਲਾ ਹਨ। ਸਤਿਸੰਗ ਅੰਦਰ ਨਾਮ ਦੀ ਪਿਆਸ ਇੰਝ ਲੱਗੇ ਜਿਵੇਂ ਪਪੀਹੇ ਨੂੰ ਸਵਾਂਤੀ ਬੂੰਦ ਦੀ ਚਾਹਤ; ਚਕਵੀ ਨੂੰ ਸੂਰਜ ਦੇ ਦਰਸ਼ਨ ਦੀ ਤਮੰਨਾ; ਮਛਲੀ ਨੂੰ ਪਾਣੀ ਦੀ ਉਮੰਗ। ਇਸੇ ਤਰ੍ਹਾਂ ਗੁਰੂ ਅਤੇ ਪ੍ਰਭੂ-ਪਿਆਰ ਦੇ ਵਲਵਲੇ ਉੱਠਣ :

ਚਾਤ੍ਰਿਕ ਚਿਤਵਤ ਬਰਸਤ ਮੇਂਹ ॥
ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ਰਹਾਉ॥
ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥
ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥

(ਜੈਤਸਰੀ ਮਹਲਾ ੫, ਪੰਨਾ 702)

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਚਾਹਤ

ਰੱਖਣ ਵਾਲੇ ਬਾਬਾ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਬਾਰੇ ਬੜੇ ਸੁੰਦਰ ਬਚਨ ਲਿਖੇ ਹਨ :

ਮਿਲਨੇ ਕੀ ਅਭਿਲਾਖਾ ਐਸੇ।
ਮਧੁਕਰ ਖੋਜਤ ਪੁਸ਼ਕਰ ਜੈਸੇ।
ਜਿਉਂ ਮ੍ਰਿਗ ਪਿਆਸੋ ਜਲ ਕੋ ਚਾਹੈ।
ਜਿਉਂ ਚਾਤ੍ਰਿਕ ਬੂੰਦ ਬਿਨਾ ਬਿਨਾਹੇ।

ਜਿਵੇਂ ਪਿਆਸਾ ਮ੍ਰਿਗ ਪਾਣੀ ਦੀ ਭਾਲ ਕਰਦਾ ਹੈ, ਪਪੀਹਾ ਸਵਾਂਤੀ ਬੂੰਦ ਲਈ ਤੜਪਦਾ ਹੈ, ਭੌਰਾ ਫੁੱਲ ਦੀ ਭਾਲ ਕਰਦਾ ਹੈ, ਇਵੇਂ ਹੀ ਗੁਰੂ ਨਾਨਕ ਜੀ ਦੇ ਪਾਵਨ ਦਰਸ਼ਨਾਂ ਦੀ ਬਾਬਾ ਲਹਿਣਾ ਜੀ ਨੂੰ ਅਭਿਲਾਸ਼ਾ ਹੈ।

ਤੀਜਾ ਜਾਗਣ ਦਾ ਸਾਧਨ ਹੈ—ਦੁੱਖ।

ਜਿਹੜਾ ਮਨੁੱਖ ਉੱਚੀ ਸੁਰਤ ਤੋਂ ਵੀ ਖ਼ਾਲੀ ਹੈ; ਸਤਿਸੰਗ ਨੇ ਵੀ ਜਿਸ ਨੂੰ ਨਹੀਂ ਜਗਾਇਆ, ਕਥਾ-ਕੀਰਤਨ ਜਿਸ ਨੇ ਸੁਣ ਕੇ ਕੋਈ ਪ੍ਰੇਰਨਾ ਹੀ ਨਹੀਂ ਲਈ, ਸੁੱਖ ਦੀ ਨੀਂਦ ਵਿਚ ਜਿਸ ਨੇ ਪਰਮਾਤਮਾ ਨੂੰ ਵਿਸਾਰਿਆ ਹੈ, ਉਸ ਨੂੰ ਦੁੱਖ ਜਗਾਉਂਦਾ ਹੈ। ਸੁੱਖਾਂ ਵਿਚ ਮਨੁੱਖ ਰੱਬ ਨੂੰ ਭੁਲਾ ਹੀ ਛੱਡਦੇ ਹਨ। ਦੁੱਖਾਂ ਵਿਚ ਯਾਦ ਕਰਦੇ ਹਨ। ਅਕਸਰ ਵੇਖਿਆ ਗਿਆ ਹੈ ਕਿ ਸੁਖੀ ਮਨੁੱਖ ਗੁਰਬਾਣੀ ਦਾ ਪਾਠ ਕਰਨਾ ਹੀ ਭੁੱਲ ਜਾਂਦੇ ਹਨ। ਕਥਾ-ਕੀਰਤਨ, ਜਪ, ਭਜਨ, ਉੱਤਮ ਧਾਰਮਿਕ ਕਰਮ ਬਹੁਤ ਸੁਖੀ ਮਨੁੱਖਾਂ ਦੀ ਲੋੜ ਨਹੀਂ ਹਨ। ਸੁੱਖ ਮਿਲਦਿਆਂ ਹੀ ਮਨੁੱਖ ਅਚੇਤ ਹੋ ਜਾਂਦੇ ਹਨ। ਦੁੱਖ ਸੁਚੇਤ ਕਰਦਾ ਹੈ। ਦੁੱਖਾਂ ਅੰਦਰ ਮਨੁੱਖ ਬਾਰ ਬਾਰ ਪਰਮਾਤਮਾ ਨੂੰ ਅਰਾਧਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਦੁੱਖ ਨੂੰ ਰੱਬ ਦਾ ਕਹਿਰ ਨਹੀਂ ਕਿਹਾ, ਸਗੋਂ ਦਾਰੂ ਕਿਹਾ ਹੈ। ਜਦ ਸੁੱਖਾਂ ਅੰਦਰ ਮਨੁੱਖ ਰੱਬ ਨੂੰ ਭੁੱਲਦਾ ਹੈ ਤਾਂ ਸੁੱਖ ਰੋਗ ਬਣ ਜਾਂਦੇ ਹਨ। ਦੁੱਖ ਇਲਾਜ ਬਣ ਜਾਂਦਾ ਹੈ :

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥

(ਸਲੋਕ ਮ: ੧, ਪੰਨਾ 469)

ਇਕ ਪਿਆਰੀ ਕਥਾ ਹੈ। ਗੁਰੂ ਅਮਰਦਾਸ ਜੀ ਦੇ ਪਾਸ ਇਕ ਗ਼ਰੀਬੀ ਦੇ ਦੁੱਖ ਦਾ ਸਤਾਇਆ ਮਨੁੱਖ ਆਇਆ। ਉਸ ਦਾ ਨਾਮ ਗੰਗਾ ਰਾਮ ਸੀ। ਉਸ ਨੇ ਸਤਿਗੁਰੂ ਜੀ ਪਾਸੋਂ ਗ਼ਰੀਬੀ ਦੀ ਪੀੜਾ ਦੱਸ ਕੇ ਕੁਝ ਮਾਇਆ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਮਾਇਆ ਬਖ਼ਸ਼ ਕੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਮਿਹਰ ਨੂੰ ਚਿਤਾਰਦਾ ਰਹੀਂ। ਗੰਗਾ ਰਾਮ ਨਮਸਕਾਰ ਕਰ ਕੇ ਚਲਾ ਗਿਆ। ਇਕ ਹੱਟੀ ਪਾ ਲਈ। ਕਾਰ-ਵਿਹਾਰ 'ਚ ਤਰੱਕੀ ਹੋਈ। ਨੌਕਰ-ਚਾਕਰ ਵਧੇ। ਮਾਇਆ ਨਾਲ ਮਾਣ ਪ੍ਰਤਾਪ ਵਧਿਆ। ਹਰ ਪਾਸੇ ਗੰਗਾ ਸ਼ਾਹ ਹੋ ਗਈ, ਪਰ ਗੁਰੂ ਵਿਸਰ ਗਿਆ। ਇਨ੍ਹੀਂ ਦਿਨੀਂ ਇਕ ਹੋਰ ਲੋੜਵੰਦ ਮਨੁੱਖ ਗੋਇੰਦਵਾਲ ਵਿਖੇ ਸਤਿਗੁਰੂ ਜੀ ਪਾਸ ਆਇਆ। ਉਸ ਨੇ ਵੀ ਆਪਣੀ ਲੜਕੀ ਦੇ ਵਿਆਹ ਸਮੇਂ ਕੁਝ ਮਾਇਆ ਦੀ ਸਹਾਇਤਾ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਇਸ ਲੋੜਵੰਦ ਨੂੰ ਗੰਗਾ ਸ਼ਾਹ ਦੇ ਪਾਸ ਭੇਜ ਦਿੱਤਾ ਅਤੇ ਕਿਹਾ ਕਿ ਉਸ ਸ਼ਾਹੂਕਾਰ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਖ਼ਾਤੇ ਵਿੱਚੋਂ ਮਾਇਆ

ਦੀ ਮੰਗ ਕਰ ਲਵੀਂ ਅਤੇ ਕਾਗ਼ਜ਼ ਲਿਖ ਫੜਾਇਆ। ਇਧਰ ਲੋੜਵੰਦ ਮਨੁੱਖ ਗੰਗੂ ਸ਼ਾਹ ਦੇ ਹੱਟ 'ਤੇ ਪੁੱਜਾ। ਗਾਹਕਾਂ ਦੀ ਭੀੜ ਵੇਖੀ। ਸਮਾਂ ਪਾ ਕੇ ਸ਼ਾਹੂਕਾਰ ਨੂੰ ਮਿਲਿਆ। ਗੰਗੂ ਸ਼ਾਹ ਨੇ ਕਹਿ ਦਿੱਤਾ ਕਿ ਮੈਂ ਕਿਸੇ ਗੁਰੂ ਨੂੰ ਨਹੀਂ ਜਾਣਦਾ। ਲੋੜਵੰਦ ਮਨੁੱਖ ਨੇ ਆ ਕੇ ਗੁਰੂ ਜੀ ਨੂੰ ਸ਼ਾਹ ਦੀ ਬੇਰੁਖ਼ੀ ਅਤੇ ਬੇਮੁਖਤਾ ਦੱਸੀ। ਸਤਿਗੁਰੂ ਜੀ ਨੇ ਆਪਣੀ ਨਦਰ ਵਾਪਸ ਲੈ ਲਈ, ਜਿਸ ਨਦਰ ਦੀ ਬਦੌਲਤ ਗੰਗਾ ਰਾਮ ਗੰਗੂ ਸ਼ਾਹ ਬਣਿਆ ਸੀ। ਗੁਰ ਫ਼ੁਰਮਾਨ ਹੈ :

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥ *(ਵਾਰ ਆਸਾ, ਪਉੜੀ, ਪੰਨਾ 472)*

ਅਖ਼ੀਰ ਕੁਝ ਸਮੇਂ ਬਾਅਦ ਸੇਠ ਗੰਗੂ ਸ਼ਾਹ ਹੌਲੀ-ਹੌਲੀ ਗੰਗਾ ਰਾਮ ਬਣ ਕੇ ਰਹਿ ਗਿਆ। ਉਧਾਰ ਲੈਣ ਵਾਲਿਆਂ ਪੈਸੇ ਨਾ ਮੋੜੇ। ਕਾਰੋਬਾਰ 'ਚ ਘਾਟਾ ਪੈ ਗਿਆ। ਨੌਕਰ ਚਾਕਰ ਸਾਥ ਛੱਡ ਗਏ। ਵੱਡੇ ਸ਼ਾਹੂਕਾਰਾਂ ਨੇ ਕਰਜ਼ਾ ਨਾ ਮੋੜਨ ਕਰਕੇ ਹੱਟ 'ਤੇ ਕਬਜ਼ਾ ਕਰ ਲਿਆ। ਫਿਰ ਗੰਗੂ ਸੇਠ ਨੂੰ ਗੁਰੂ ਨਾਨਕ ਦੇਵ ਜੀ ਦੇ ਦਰ ਘਰ ਦਾ ਚੇਤਾ ਆਇਆ। ਗੋਇੰਦਵਾਲ ਸਾਹਿਬ ਹਾਜ਼ਰ ਹੋ ਕੇ ਬੇਮੁਖਤਾ ਦੀ ਮੁਆਫ਼ੀ ਮੰਗੀ ਅਤੇ ਪਛਤਾਵਾ ਕੀਤਾ। ਗੁਰੂ ਅਮਰਦਾਸ ਜੀ ਨੇ ਸਿੱਖੀ ਜੀਵਨ-ਜਾਚ ਦੀ ਖ਼ੈਰ ਝੋਲੀ ਪਾਈ। ਹੁਣ ਸਿੱਖੀ ਦੇ ਮਾਰਗ 'ਤੇ ਚੱਲਦਿਆਂ ਗੰਗਾ ਰਾਮ ਸਵੇਰੇ ਨਾਮ ਜਪਦਾ। ਵਾਹਿਗੁਰੂ ਦੀ ਕੀਰਤੀ ਕਰਦਾ। ਦਿਨੇ ਕਾਰੋਬਾਰ ਕਿਰਤ ਕਮਾਂਦਾ ਅਤੇ ਵੰਡ ਛਕਦਾ। ਜ਼ਿੰਦਗੀ ਸਫਲ ਹੋ ਗਈ। ਸਤਿਗੁਰੂ ਜੀ ਨੇ ਮੋਹ ਦੀ ਨੀਂਦ ਵਿੱਚੋਂ ਜਗਾ ਦਿੱਤਾ। ਸੁੱਖ ਨੇ ਗੁਰੂ ਭੁਲਾਇਆ। ਸੁਖ ਰੋਗ ਬਣ ਗਿਆ ਸੀ। ਦੁਖ ਨੇ ਗੁਰੂ ਦਰ ਦਾ ਚੇਤਾ ਕਰਵਾਇਆ। ਦੁਖ ਇਲਾਜ ਬਣ ਗਿਆ।

ਚੌਥਾ ਜਾਗਣ ਦਾ ਸਾਧਨ ਹੈ—ਮੌਤ :

ਕਹੁ ਕਬੀਰ ਤਬ ਹੀ ਨਰੁ ਜਾਗੈ॥
ਜਮ ਕਾ ਡੰਡੁ ਮੂੰਡ ਮਹਿ ਲਾਗੈ॥ *(ਗੌਂਡ ਭਗਤ ਕਬੀਰ ਜੀ, ਪੰਨਾ 870)*

ਮੌਤ ਆਉਂਦਿਆਂ ਹਰ ਪ੍ਰਾਣੀ ਜਾਗਦਾ ਹੈ ਪਰ ਉਸ ਸਮੇਂ ਸੰਭਾਲਣ ਲਈ ਸਮਾਂ ਨਹੀਂ ਹੁੰਦਾ ਕਿਉਂਕਿ ਤਨ ਨਾਲੋਂ ਸਵਾਸਾਂ ਦਾ ਸਾਥ ਟੁੱਟ ਰਿਹਾ ਹੁੰਦਾ ਹੈ। ਮੌਤ ਕੁਝ ਵੀ ਕਰਨ ਨਹੀਂ ਦਿੰਦੀ। ਮਨੁੱਖ ਬੇਵੱਸ ਅਤੇ ਲਾਚਾਰ ਹੋ ਕੇ ਰਹਿ ਜਾਂਦਾ ਹੈ। ਭਗਤੀ ਸਿਮਰਨ ਦਾ ਸਮਾਂ ਹੱਥੋਂ ਨਿਕਲ ਜਾਂਦਾ ਹੈ। ਇਹ ਜਾਗਣਾ ਸਿਰਫ਼-ਪਛਤਾਵਾ ਹੈ। ਪ੍ਰਾਪਤੀ ਤਾਂ ਕੁਝ ਵੀ ਨਹੀਂ ਹੁੰਦੀ। ਕੀਮਤੀ ਜੀਵਨ ਵਿਅਰਥ ਗੁਆਚ ਜਾਣ ਦਾ ਪਛਤਾਵਾ ਹੀ ਪੱਲੇ ਹੁੰਦਾ ਹੈ। ਝੋਰੇ ਦਾ ਮਣਾਂ-ਮੂੰਹੀਂ ਬੋਝ ਲੈ ਕੇ ਮਨੁੱਖ ਕਿਸੇ ਅਣਡਿੱਠੀ ਦੁਨੀਆ ਵੱਲ ਕੂਚ ਕਰਦਾ ਹੈ।

ਪਛਤਾਵੇ ਤੇ ਝੋਰੇ ਦੇ ਬੋਝ ਤੋਂ ਬਚਣ ਲਈ ਸਤਿਸੰਗਤ ਰਾਹੀਂ ਜਿਉਂਦੇ-ਜੀਅ ਜਾਗਣਾ ਅਤਿਅੰਤ ਜ਼ਰੂਰੀ ਹੈ। ਸਾਈਂ ਬੁੱਲ੍ਹੇ ਸ਼ਾਹ ਨੇ ਵੀ ਗ਼ਫ਼ਲਤ ਦੀ ਨੀਂਦ ਅੰਦਰ ਸੁੱਤੇ ਮਨੁੱਖ ਨੂੰ ਝੰਜੋੜਨ ਦਾ ਯਤਨ ਕੀਤਾ ਹੈ :

ਉੱਠ ਜਾਗ ਘੁਰਾੜੇ ਮਾਰ ਨਹੀਂ।
ਇਹ ਸੌਣ ਤੇਰੇ ਦਰਕਾਰ ਨਹੀਂ।

ਇਕ ਦਿਨ ਜਹਾਂ ਥੀਂ ਜਾਣਾ ਹੈ।
ਜਾਇ ਕਬਰ ਅੰਧਿਆਰੀ ਪਾਣਾ ਹੈ।
ਤੇਰਾ ਗੋਸ਼ਤ ਕੀੜਿਆਂ ਖਾਣਾ ਹੈ।
ਕਰ ਚਿੰਤਾ ਮਗਰ ਵਿਸਾਰ ਨਹੀਂ।
ਉੱਠ ਜਾਗ ਘੁਰਾੜੇ ਮਾਰ ਨਹੀਂ।

ਜਾਗੇ ਹੋਏ ਮਨੁੱਖਾਂ ਬਾਰੇ ਸੰਗਤਾਂ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਨੇ ਸਮਝਾਇਆ ਸੀ :

ਮਨ ਜਾਗੇ ਕੀ ਇਹ ਨਿਸ਼ਾਨੀ।
ਪ੍ਰਿਅ ਲਾਗੈ ਉਰ ਸਤਿਗੁਰ ਕੀ ਬਾਣੀ। *(ਸੂਰਜ ਪ੍ਰਕਾਸ਼)*

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਸਤਿ ਸਰੂਪ ਹੈ; ਅੰਮ੍ਰਿਤ ਧਾਰਾ ਹੈ। ਜਿਸ ਪ੍ਰਾਣੀ ਨੂੰ ਮਿੱਠੀ ਲੱਗਣ ਲੱਗ ਪਏ, ਸਮਝੋ ਉਹ ਮਨੁੱਖ ਜਾਗ ਪਿਆ। ਜਾਗਿਆਂ ਹੀ ਚੋਰਾਂ ਕੋਲੋਂ ਬਚਦਾ ਹੈ ਅਤੇ ਜਾਗਿਆਂ ਹੀ ਕਾਰਜ ਸੰਵਰਦੇ ਹਨ। ਭਾਈ ਗੁਰਦਾਸ ਜੀ ਜਾਗੇ ਗੁਰਸਿੱਖਾਂ ਦੀ ਜੀਵਨ ਰਹਿਣੀ ਬਿਆਨ ਕਰਦੇ ਹਨ :

ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥
ਕੰਨੀ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁਲਾਸੀ ॥
ਖਿੰਥਾ ਖਿਮਾਂ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ ॥
ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ ॥
ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ ॥
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ ॥
ਸਾਧ ਸੰਗਤਿ ਗੁਰਮਤਿ ਸਾਬਾਸੀ ॥ *(ਵਾਰ 29, ਪਉੜੀ 15)*

ਈਰਖਾ ਦੀ ਅਗਨੀ

ਈਰਖਾ ਇਕ ਤਰ੍ਹਾਂ ਅਗਨੀ ਹੀ ਹੈ ਜੋ ਮਨੁੱਖ ਨੂੰ ਜਲਾ ਕੇ ਰਾਖ ਕਰ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਸ ਅਗਨੀ ਨੂੰ ਤਾਤ ਵੀ ਕਿਹਾ ਹੈ। ਇਹ ਵੀ ਗਿਆਨ ਬਖ਼ਸ਼ਿਆ ਹੈ ਕਿ ਜਿਸ ਮਨੁੱਖ ਅੰਦਰ ਈਰਖਾ ਹੋਵੇਗੀ, ਉਸ ਦਾ ਆਪਣਾ ਕਦੇ ਵੀ ਭਲਾ ਨਹੀਂ ਹੁੰਦਾ :

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥
(ਸਲੋਕ ਮ: 8, ਪੰਨਾ 308)

ਅਵਗੁਣਾਂ ਵਿੱਚੋਂ ਇਹ ਵੀ ਇਕ ਪ੍ਰਬਲ ਅਵਗੁਣ ਹੈ। ਕਿਸੇ ਮਨੁੱਖ ਦੀ ਤਰੱਕੀ ਵੇਖ ਕੇ ਅੰਦਰੋਂ ਦੁਖੀ ਹੋ ਜਾਣਾ—ਈਰਖਾ ਦੀ ਸ਼ੁਰੂਆਤ ਹੈ। ਈਰਖਾ, ਅੰਦਰੋਂ ਕਮਜ਼ੋਰ ਮਨੁੱਖਾਂ ਦੀ ਨਿਸ਼ਾਨੀ ਹੈ। ਇਹ ਇਕ ਅੰਦਰਲਾ ਸਾੜ ਹੈ, ਜੋ ਗਾਹੇ-ਬਗਾਹੇ ਅੰਦਰੋਂ ਹੌਲੇ ਮਨੁੱਖਾਂ ਵਿੱਚੋਂ ਨਿਕਲਦਾ ਰਹਿੰਦਾ ਹੈ। ਦੂਸਰਾ ਮਨੁੱਖ ਜਦੋਂ ਗੁਣ, ਤਰੱਕੀ, ਪਦਵੀ, ਦੌਲਤ ਕਰਕੇ ਬਰਾਬਰ ਆ ਖੜਾ ਹੋਵੇ ਜਾਂ ਅੱਗੇ ਲੰਘ ਰਿਹਾ ਹੋਵੇ ਤਾਂ ਈਰਖਾ ਪੈਦਾ ਹੁੰਦੀ ਹੈ। ਜੈਸੇ ਧਰਤੀ ਅੰਦਰੋਂ ਲਾਵਾ ਪੈਦਾ ਹੁੰਦਾ ਹੈ, ਮਨੁੱਖੀ ਹਿਰਦਿਆਂ ਵਿੱਚੋਂ ਈਰਖਾ ਦੀ ਜਵਾਲਾ ਪ੍ਰਗਟ ਹੁੰਦੀ ਹੈ। ਈਰਖਾ ਵਿਰੋਧਤਾ ਨੂੰ ਜਨਮ ਦਿੰਦੀ ਹੈ। ਭਾਈ ਗੁਰਦਾਸ ਜੀ ਨੇ ਸਮੇਂ ਦੇ ਸੱਚ ਨੂੰ ਮੂਰਤੀਮਾਨ ਕੀਤਾ ਹੈ :

ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ॥
(ਵਾਰ 1, ਪਉੜੀ 21)

ਈਰਖਾਲੂ ਮਨੁੱਖ ਹਮੇਸ਼ਾ ਮਨ ਅੰਦਰ ਵਿਰੋਧਤਾ ਨੂੰ ਪਾਲਦਾ ਹੈ, ਦੂਸਰਿਆਂ ਦਾ ਬੁਰਾ ਚਿਤਵਦਾ ਹੈ। ਇਕ ਗਾਥਾ ਇਸ ਸਬੰਧ ਵਿਚ ਹੈ। ਇਕ ਮਿਹਨਤ ਮੁਸ਼ੱਕਤ ਕਰਨ ਵਾਲਾ ਮਨੁੱਖ ਸੀ। ਉਸ ਨੇ ਇਕ ਰੇਹੜਾ ਬਣਾਇਆ ਸੀ। ਉਸ ਰੇਹੜੇ ਅੱਗੇ ਉਹ ਇਕ ਘੋੜਾ ਜੋੜ ਕੇ ਸਾਰਾ ਦਿਨ ਕਿਰਤ ਕਮਾਈ ਕਰਦਾ। ਸ਼ਾਮ ਨੂੰ ਆਪਣੇ ਪਰਿਵਾਰ ਵਿਚ ਵਾਪਸ ਆ ਜਾਂਦਾ। ਉਸ ਦੇ ਘਰ ਦੀਆਂ ਲੋੜਾਂ ਤਕਰੀਬਨ ਪੂਰੀਆਂ ਹੋ ਜਾਂਦੀਆਂ। ਇਸ ਤਰ੍ਹਾਂ ਉਸ ਦੇ ਘਰ ਦਾ ਗੁਜ਼ਾਰਾ ਚੱਲ ਰਿਹਾ ਸੀ। ਪਰ ਉਸ ਦਾ ਗੁਆਂਢੀ ਆਲਸੀ ਸੁਭਾਅ ਵਾਲਾ ਸੀ। ਵਿਹਲਾ ਰਹਿ ਕੇ ਜ਼ਿੰਦਗੀ ਦਾ ਕੀਮਤੀ ਸਮਾਂ ਅਜਾਈਂ ਰੋਜ਼ ਗੁਆ ਛੱਡਦਾ। ਉਸ ਦੇ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਹੀ ਚੱਲਦਾ। ਆਪਣੇ ਗੁਆਂਢੀ ਦੀ ਆਪਣੇ ਨਾਲੋਂ ਵੱਧ ਖ਼ੁਸ਼ਹਾਲੀ ਵੇਖ ਕੇ ਉਸ ਅੰਦਰ ਪ੍ਰਬਲ ਈਰਖਾ ਪੈਦਾ ਹੋ ਗਈ। ਹੋਰ ਤਾਂ ਉਸ ਦਾ ਕੋਈ ਚਾਰਾ ਨਾ ਚੱਲਿਆ ਤਾਂ ਰੱਬ ਅੱਗੇ ਗੁਆਂਢੀ

ਦੀ ਬਰਬਾਦੀ ਵਾਸਤੇ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ। ਰੋਜ਼ ਆਖਿਆ ਕਰੇ—ਹੇ ਰੱਬਾ ! ਮੇਰੀ ਗੁਆਂਢੀ ਨਾਲ ਸਾਂਝੀ ਕੰਧ, ਗੁਆਂਢੀ ਦੇ ਘਰ ਵੱਲ ਡਿੱਗ ਪਵੇ, ਤਾਕਿ ਕੰਧ ਨੇੜੇ ਬੱਧਾ ਗੁਆਂਢੀ ਦਾ ਘੋੜਾ ਕੰਧ ਹੇਠਾਂ ਦੱਬ ਕੇ ਮਰ ਜਾਵੇ। ਇੰਜ ਉਹ ਹਮੇਸ਼ਾ ਬੁਰਾ ਹੀ ਚਿਤਵਦਾ ਰਹਿੰਦਾ। ਇਕ ਦਿਨ ਠੀਕ ਕੰਧ ਡਿੱਗ ਪਈ, ਪਰ ਡਿੱਗੀ ਉਸ ਈਰਖਾਲੂ ਦੇ ਘਰ ਵਾਲੇ ਪਾਸੇ ਵੱਲ। ਉਹ ਆਪਣੇ ਪਾਸੇ ਕੰਧ ਨੇੜੇ ਆਪਣੀ ਗਾਂ ਨੂੰ ਬੰਨ੍ਹਿਆ ਕਰਦਾ ਸੀ। ਕੰਧ ਹੇਠ ਗਾਂ ਦੱਬ ਕੇ ਮਰ ਗਈ। ਫਿਰ ਈਰਖਾਲੂ ਪਰਮਾਤਮਾ ਨੂੰ ਮੰਦੇ ਬੋਲ ਬੋਲਣ ਲੱਗ ਪਿਆ। ਅਖੇ ਰੱਬਾ, ਤੂੰ ਸਾਡੀ ਕਿਥੇ ਸੁਣਨੀ ਸੀ। ਤੈਨੂੰ ਤਾਂ ਗਾਂ ਤੇ ਘੋੜੇ ਦੇ ਫ਼ਰਕ ਦਾ ਵੀ ਗਿਆਨ ਨਹੀਂ। ਮਾਰਨਾ ਘੋੜਾ ਸੀ ਤੇ ਮਾਰ ਮੇਰੀ ਗਾਂ ਦਿੱਤੀ।

ਜਦ ਵੀ ਕਿਸੇ ਮਨੁੱਖ ਨੇ ਦੂਸਰੇ ਦਾ ਬੁਰਾ ਕਰਨਾ ਚਾਹਿਆ ਹੈ, ਉਸ ਨੂੰ ਖ਼ੁਦ ਉਸ ਦਾ ਫਲ ਚੱਖਣਾ ਪੈਂਦਾ ਹੈ।

ਗੁਰਵਾਕ ਹੈ :

ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥

(ਬਿਲਾਵਲੁ ਮਹਲਾ ੫, ਪੰਨਾ 825)

ਇਸ ਲਈ ਐਸੀ ਸੋਚਣੀ ਅਤੇ ਕਰਨੀ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ, ਕਿਉਂਕਿ ਬੁਰਿਆਈ ਦਾ ਫਲ ਕਦੇ ਵੀ ਸੁਖਮਈ ਨਹੀਂ ਹੁੰਦਾ :

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥

(ਵਾਰ ਆਸਾ, ਪਉੜੀ, ਪੰਨਾ 474)

ਭਗਤ ਧ੍ਰੂ ਦੀ ਮਤ੍ਰੇਈ ਮਾਂ ਨੇ ਈਰਖਾ ਵੱਸ ਹੋ ਕੇ ਧ੍ਰੂ ਨੂੰ ਪਿਤਾ ਦੀ ਗੋਦੀ ਵਿੱਚੋਂ ਅਪਮਾਨਤ ਕਰ ਕੇ ਉਠਾ ਦਿੱਤਾ ਸੀ। ਆਖਿਆ ਜੇਕਰ ਇਸ ਗੋਦੀ ਅੰਦਰ ਬੈਠਣਾ ਸੀ ਤਾਂ ਮੇਰੀ ਕੁੱਖ ਤੋਂ ਜਨਮ ਲੈਂਦਾ। ਹੌਕੇ ਭਰਦਿਆਂ ਆਪਣੀ ਮਾਂ ਪਾਸ ਜਾ ਕੇ ਬਾਲ ਧ੍ਰੂ ਨੇ ਅਪਮਾਨ ਬਾਰੇ ਪੁੱਛਿਆ ਤਾਂ ਸਿਆਣੀ ਮਾਂ ਨੇ ਆਪਣੇ ਧ੍ਰੂ ਪੁੱਤਰ ਨੂੰ ਦੱਸਿਆ ਕਿ ਪਰਮਾਤਮਾ ਦੀ ਭਗਤੀ ਨਾ ਕਰਨ ਕਰਕੇ ਸਾਨੂੰ ਈਰਖਾਲੂ ਭਰਿਆ ਵਿਹਾਰ ਝੱਲਣਾ ਪੈ ਰਿਹਾ ਹੈ :

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ ॥
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ ॥
ਭੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ ॥
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ ॥
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ ॥
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ ॥
ਬਾਹਰਿ ਚਲਿਆ ਕਰਣਿ ਤਪ ਮਨ ਬੈਰਾਗੀ ਹੋਇ ਅਤੀਤਾ ॥
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨ ਅਮਿਓ ਰਸ ਪੀਤਾ ॥
ਪਿਛਹੁ ਰਾਜੇ ਸਦਿਆ ਅਬਿਚਲ ਰਾਜ ਕਰਹੁ ਨਿਤ ਨੀਤਾ ॥
ਹਾਰਿ ਚਲੇ ਗੁਰਮੁਖਿ ਜਗ ਜੀਤਾ ॥ *(ਵਾਰ 10, ਪਉੜੀ 1)*

ਦਸਰਥ ਰਾਜੇ ਦੀ ਰਾਣੀ ਕੈਕੇਈ ਨੇ ਈਰਖਾ ਕਰਕੇ ਹੀ ਸ੍ਰੀ ਰਾਮ ਚੰਦਰ ਜੀ ਨੂੰ ਚੌਦਾਂ ਸਾਲ ਲਈ ਬਨਵਾਸ ਦੇ ਰਾਹ ਤੋਰਿਆ ਸੀ।

ਜੋਗੀ ਨਾਥ ਤਾਂ ਈਰਖਾ ਦੇ ਬਲਦੇ ਭਾਂਬੜ ਹੀ ਸਨ। ਜਗਤ ਗੁਰੂ ਨਾਨਕ ਦੇਵ ਜੀ ਦੀ ਚਾਰੋਂ ਤਰਫ਼ ਹੋ ਰਹੀ ਵਡਿਆਈ ਨੇ ਉਨ੍ਹਾਂ ਨੂੰ ਬੇਚੈਨ ਕਰ ਦਿੱਤਾ। ਦੁਖਦੀਆਂ ਅੱਖਾਂ ਵਾਲੇ ਨੂੰ ਜਿਵੇਂ ਰੋਸ਼ਨੀ ਬੇਚੈਨ ਕਰ ਦਿੰਦੀ ਹੈ, ਇਸੇ ਤਰ੍ਹਾਂ ਈਰਖਾਲੂ ਦੇ ਹਿਰਦੇ ਨੂੰ ਦੂਸਰੇ ਦੀ ਸ਼ੋਭਾ ਦੁਖੀ ਕਰ ਦਿੰਦੀ ਹੈ। ਬਟਾਲੇ ਦੇ ਕੋਲ ਅੱਚਲ ਸਾਹਿਬ ਦੇ ਅਸਥਾਨ 'ਤੇ ਜੋਗੀਆਂ ਨਾਥਾਂ ਨੇ ਸ਼ਿਵਰਾਤਰੀ ਦੇ ਮੇਲੇ 'ਤੇ ਗੁਰੂ ਨਾਨਕ ਦੇਵ ਜੀ ਦੇ ਆਉਣ ਸਮੇਂ ਵਿਰੋਧਤਾਈ ਵਿਚ ਜੋ ਅੱਗ ਵਰਸਾਈ ਸੀ, ਉਹ ਉਨ੍ਹਾਂ ਦੀ ਅੰਦਰਲੀ ਅੱਗ ਦਾ ਹੀ ਸਰੂਪ ਸੀ। ਜੋਗੀ ਭੰਗਰਨਾਥ ਵਰਗੇ ਤਪਿਆਂ ਨੇ ਤਾਂ ਗੁਰੂ ਨਾਨਕ ਦੇਵ ਜੀ ਦੇ ਮਾਨਵਵਾਦੀ ਗੁਰਮਤਿ ਗਾਡੀ ਰਾਹ ਨੂੰ ਭੰਡਣ ਲਈ ਪੂਰਾ ਜ਼ੋਰ ਲਾ ਛੱਡਿਆ :

ਖਾਧੀ ਖੁਣਸਿ ਜੁਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ ॥
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ ॥
ਫਿਟਿਆ ਚਾਟਾ ਦੁਧ ਦਾ ਰਿਝਕਿਆਂ ਮਖਣੁ ਹਥਿ ਨ ਆਈ ॥
ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ ॥

(ਭਾਈ ਗੁਰਦਾਸ ਜੀ, ਵਾਰ 1, ਪਉੜੀ 40)

ਭੰਗਰਨਾਥ ਜੋਗੀ ਨੇ ਸਾੜੇ ਕਰਕੇ ਪੁੱਛਿਆ ਕਿ ਭਗਤੀ ਰੂਪੀ ਦੁੱਧ ਵਿਚ ਤੁਸੀਂ ਗ੍ਰਿਹਸਤ ਰੂਪੀ ਕਾਂਜੀ ਕਿਉਂ ਪਾ ਦਿੱਤੀ ਹੈ, ਭਾਵ ਗ੍ਰਿਹਸਤੀ ਮਨੁੱਖ ਪ੍ਰਭੂ ਨੂੰ ਨਹੀਂ ਮਿਲ ਸਕਦੇ। ਰੱਬ ਨੂੰ ਤਿਆਗੀ ਹੀ ਮਿਲਦੇ ਹਨ। ਜਿਵੇਂ ਫਿੱਟੇ ਦੁੱਧ ਵਿੱਚੋਂ ਮੱਖਣ ਨਹੀਂ ਨਿਕਲ ਸਕਦਾ, ਇਵੇਂ ਗ੍ਰਿਹਸਤੀਆਂ ਨੂੰ ਰੱਬ ਦੀ ਪ੍ਰਾਪਤੀ ਕਿਥੇ ? ਉਸ ਦੇ ਈਰਖਾ ਭਰੇ ਤਰਕ ਦੇ ਉੱਤਰ ਵਜੋਂ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ, ਭਾਈ ਗੁਰਦਾਸ ਜੀ ਅਨੁਸਾਰ :

ਨਾਨਕ ਆਖੈ ਭੰਗੁਨਾਥ ਤੇਰੀ ਮਾਉ ਕੁਚਜੀ ਆਹੀ ॥
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ ॥
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰਿ ਮੰਗਣਿ ਜਾਈ ॥
ਬਿਨ ਦਿਤੇ ਕਛੁ ਹਥਿ ਨ ਆਈ ॥ *(ਵਾਰ 1, ਪਉੜੀ 40)*

ਭਾਵ ਤੇਰੇ ਗੁਰੂ ਨੇ ਭੰਗਰਨਾਥ ! ਤੈਨੂੰ ਅਸਲ ਜੀਵਨ ਦੀ ਸੋਝੀ ਹੀ ਨਹੀਂ ਦਿੱਤੀ। ਚਾਹੀਦਾ ਤਾਂ ਇਹ ਸੀ ਕਿ ਤੇਰੇ ਮਨ ਭਾਂਡੇ ਨੂੰ ਪਹਿਲਾਂ ਗਿਆਨ ਨਾਲ ਮਾਂਜਿਆ ਜਾਂਦਾ। ਅੰਦਰੋਂ ਈਰਖਾ ਦ੍ਵੈਸ਼ ਦੀ ਮੈਲ ਲਾਹੀ ਜਾਂਦੀ। ਫਿਰ ਉਪਦੇਸ਼ ਅਤੇ ਜੋਗ ਰੂਪ ਦੁੱਧ ਪਾਇਆ ਜਾਂਦਾ, ਪਰ ਤੁਹਾਡੀ ਈਰਖਾ ਤੇ ਅਹੰਕਾਰ ਦੀ ਮੈਲ ਤਾਂ ਉਸੇ ਤਰ੍ਹਾਂ ਬਰਕਰਾਰ ਹੈ। ਜਿਨ੍ਹਾਂ ਗ੍ਰਿਹਸਤੀਆਂ ਦੀ ਤੁਸੀਂ ਨਿੰਦਿਆ ਕਰਦੇ ਹੋ, ਉਨ੍ਹਾਂ ਦੇ ਦੁਆਰਿਆਂ 'ਤੇ ਜਾ ਕੇ ਰੋਟੀ ਦੇ ਟੁੱਕਰਾਂ ਦੀ ਮੰਗ ਕਰਦੇ ਹੋ। ਤੁਹਾਡੇ ਵਿਹਲੜ ਜੀਵਨ ਨਾਲੋਂ ਕਿਰਤ ਕਮਾਈ ਵਾਲੇ ਮਿਹਨਤਕਸ਼ ਗ੍ਰਿਹਸਤੀ ਚੰਗੇ ਹਨ।

ਇੰਜ ਹੀ ਭਾਈ ਮਰਦਾਨਾ ਜੀ ਜਦੋਂ ਹਸਨ ਅਬਦਾਲ ਵਿਖੇ ਪਹਾੜੀ 'ਤੇ ਬੈਠੇ

ਵਲੀ ਕੰਧਾਰੀ ਪਾਸੋਂ ਪਾਣੀ ਮੰਗਦੇ ਹਨ ਤਾਂ ਉਸ ਨੇ ਭਾਈ ਮਰਦਾਨਾ ਜੀ ਪਾਸੋਂ ਉਨ੍ਹਾਂ ਦਾ ਥਹੁ ਟਿਕਾਣਾ ਪੁੱਛਿਆ। ਵਲੀ ਕੰਧਾਰੀ ਨੂੰ ਜਦ ਪਤਾ ਲੱਗਾ ਕਿ ਮੇਰੇ ਪਾਸੋਂ ਪਾਣੀ ਦੀ ਮੰਗ ਕਰਨ ਵਾਲਾ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਿਆਰਾ ਸੇਵਕ ਹੈ ਤਾਂ ਵਲੀ ਕੰਧਾਰੀ ਭੱਖਦਾ ਅੰਗਿਆਰ ਬਣ ਗਿਆ। ਅਨੇਕਾਂ ਸਾਲਾਂ ਦੀ ਤਪੱਸਿਆ ਨੇ ਉਸ ਅੰਦਰੋਂ ਈਰਖਾ ਦੇ ਅਵਗੁਣ ਨੂੰ ਨਹੀਂ ਸਾੜਿਆ। ਭਾਈ ਮਰਦਾਨਾ ਜੀ ਨੂੰ ਉਸ ਨੇ ਪਿਆਸਾ ਹੀ ਮੋੜਿਆ। ਫਿਰ ਕ੍ਰਿਪਾਲੂ ਸਤਿਗੁਰੂ ਜੀ ਨੇ ਉਸ ਪਹਾੜ ਦੇ ਹੇਠੋਂ ਇਕ ਪੱਥਰ ਪੁੱਟ ਕੇ ਸਭ ਜੀਵ-ਜੰਤਾਂ ਤੇ ਮਨੁੱਖਾਂ ਵਾਸਤੇ ਪਾਣੀ ਦਾ ਚਸ਼ਮਾ ਚਾਲੂ ਕਰ ਦਿੱਤਾ। ਉਸ ਸਮੇਂ ਵਲੀ ਕੰਧਾਰੀ ਦੀ ਈਰਖਾ ਵਿਸ਼ਾਲ ਅੱਗ ਦਾ ਵਿਰਾਟ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ। ਉਸ ਨੇ ਉਪਰੋਂ ਭਾਰੀ ਪਹਾੜ ਦਾ ਟੁਕੜਾ ਸਤਿਗੁਰੂ ਜੀ ਉਪਰ ਰੇਹੜ ਦਿੱਤਾ। ਤਦ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਾਵਨ ਹੱਥ ਦੇ ਪੰਜੇ ਨਾਲ ਉਸ ਪਹਾੜ ਨੂੰ ਥੰਮ੍ਹਿਆ। ਇਹ ਪਾਵਨ ਅਸਥਾਨ ਪੰਜਾ ਸਾਹਿਬ ਨਾਮ ਨਾਲ ਜਗਤ ਵਿਚ ਪ੍ਰਸਿੱਧ ਹੈ। ਫਿਰ ਅਹੰਕਾਰ ਦੇ ਪਹਾੜ ਤੋਂ ਉਤਰ ਕੇ ਵਲੀ ਕੰਧਾਰੀ ਨੇ ਮਿਹਰਵਾਨ ਸਤਿਗੁਰੂ ਜੀ ਦੇ ਮੁਕੱਦਸ ਚਰਨਾਂ ਦੀ ਛੁਹ ਮਸਤਕ 'ਤੇ ਲਾ ਕੇ ਗੁਸਤਾਖ਼ੀ ਦੀ ਮੁਆਫ਼ੀ ਮੰਗੀ। ਦਇਆਲੂ ਸਾਹਿਬ ਨੇ ਗਿਆਨ ਅਤੇ ਨਾਮ ਦੇ ਛੱਟਿਆਂ ਨਾਲ ਉਸ ਦੇ ਭਾਂਬੜਾਂ ਨੂੰ ਸ਼ਾਂਤ ਕੀਤਾ। ਪਰਉਪਕਾਰੀ ਜੀਵਨ ਦੀ ਸੂਝ ਬਖ਼ਸ਼ੀ।

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਗੁਰਮਤਿ ਦਾ ਚਾਨਣਾ ਵੰਡਣਾ ਸ਼ੁਰੂ ਕੀਤਾ। ਪੰਥ ਨੇ ਹੁਣੇ-ਹੁਣੇ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਗੁਰਪੁਰਬ ਬੜੇ ਉਮਾਹ ਨਾਲ ਮਨਾਇਆ ਹੈ। ਖਡੂਰ ਸਾਹਿਬ ਜੀ ਦੀ ਧਰਤੀ ਨੂੰ ਸਤਿਗੁਰੂ ਨੇ ਆਪਣੀ ਅਸਲੀ ਕਰਮ ਭੂਮੀ ਬਣਾ ਲਿਆ। ਭਾਈ ਗੁਰਦਾਸ ਜੀ ਅਨੁਸਾਰ :

ਦਿਤਾ ਛੋਡਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ॥ *(ਵਾਰ 1, ਪਉੜੀ 46)*

ਗੁਰਸਿੱਖ ਸੰਗਤਾਂ ਕਰਤਾਰਪੁਰ ਸਾਹਿਬ ਵਾਂਗ ਹੀ ਖਡੂਰ ਸਾਹਿਬ ਵਿਖੇ ਆ ਕਰਕੇ ਆਪਣੇ ਜਨਮ ਮਰਨ ਦੇ ਲੇਖੇ ਮੁਕਾ ਰਹੀਆਂ ਸਨ :

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ॥
(ਰਾਗ ਆਸਾ ਮਹਲਾ ੩ ਪਟੀ, ਪੰਨਾ 435)

ਗੁਰੂ ਅੰਗਦ ਦੇਵ ਜੀ ਦਾ ਵਧਦਾ ਪ੍ਰਤਾਪ ਤੇ ਗੁਰਮਤਿ ਦਾ ਪਸਾਰਾ ਵੇਖ ਕੇ ਇਕ ਭੇਖੀ ਪਾਖੰਡੀ ਤਪਾ ਸ਼ਿਵਨਾਥ ਦਵੈਸ਼ ਕਰਕੇ ਭੜਕ ਉਠਿਆ। ਦੇਵਨੇਤ ਉਸ ਸਮੇਂ ਬਾਰਸ਼ ਨਾ ਹੋਈ। ਕੁਝ ਔੜ ਲੱਗ ਗਈ। ਤਪੇ ਨੇ ਖਹਿਰੇ ਜੱਟਾਂ ਨੂੰ ਆਪਣੇ ਮਗਰ ਲਾ ਲਿਆ ਤੇ ਕਿਹਾ ਕਿ ਹੁਣ ਮੀਂਹ ਕਿਵੇਂ ਪੈਣਗੇ। ਇਕ ਗ੍ਰਿਹਸਤੀ ਗੁਰੂ ਬਣ ਕੇ ਖਡੂਰ ਵਿਖੇ ਆ ਗਿਆ ਹੈ। ਪਰਮਾਤਮਾ ਤੁਹਾਡੇ ਨਾਲ ਨਾਰਾਜ਼ ਹੋ ਗਿਆ ਹੈ। ਮੀਂਹ ਨਾ ਪੈਣ ਦਾ ਕਾਰਨ ਉਸ ਚਾਲਾਕ ਤਪੇ ਨੇ ਗੁਰੂ ਅੰਗਦ ਦੇਵ ਜੀ ਨੂੰ ਦੱਸ ਕੇ ਭੋਲੇ ਤੇ ਲਾਈਲੱਗ ਜੱਟਾਂ ਪਾਸੋਂ ਸਤਿਗੁਰੂ ਜੀ ਨੂੰ ਨਗਰ ਵਿਚੋਂ ਕਢਵਾ ਕੇ ਭਾਰੀ ਬੇਅਦਬੀ ਕਰਵਾਈ।

ਗੁਰੂ ਅੰਗਦ ਦੇਵ ਜੀ ਦੇ ਪਰਮ ਸੇਵਕ ਸਿੱਖ ਬਾਬਾ ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਤੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਸਾਰੀ ਹਕੀਕਤ ਦਾ ਪਤਾ ਲੱਗਾ। ਖਹਿਰੇ ਜੱਟਾਂ ਨੂੰ ਉਨ੍ਹਾਂ ਨੇ ਪਾਖੰਡੀ ਤਪੇ ਦੀ ਅਸਲੀਅਤ ਦੱਸੀ ਕਿ ਇਸ ਨੇ ਈਰਖਾ ਕਰਕੇ ਤੁਹਾਥੋਂ ਸੱਚੇ ਸਤਿਗੁਰੂ ਜੀ ਦੀ ਬੇਅਦਬੀ ਦਾ ਪਾਪ ਕਰਵਾਇਆ ਹੈ। ਸਤਿਗੁਰੂ ਜੀ ਤਾਂ ਸਾਰੀਆਂ ਦਾਤਾਂ ਦਾ ਦਾਤਾ ਹੈ। ਇਸ ਗੁਰੂ ਦੇ ਨਿੰਦਕ ਦੀ ਚਾਲ ਤੁਸੀਂ ਸਮਝੀ ਨਹੀਂ ਹੈ। ਹੁਣ ਜੇਕਰ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ ਇਸ ਨੂੰ ਪਿੰਡੋਂ ਬਾਹਰ ਖੇਤਾਂ ਵਿਚ ਲੈ ਜਾਵੋਗੇ ਤਾਂ ਵਰਖਾ ਜ਼ਰੂਰ ਹੋਵੇਗੀ। ਐਸਾ ਹੀ ਹੋਇਆ। ਜਿਉਂ-ਜਿਉਂ ਤਪੇ ਨੂੰ ਕੀਤੀ ਦਾ ਫਲ ਮਿਲਿਆ, ਤਿਉਂ-ਤਿਉਂ ਵਰਖਾ ਹੋਈ। ਹਰ ਦਾਤ ਗੁਰੂ ਪਰਮੇਸ਼ਰ ਦੇ ਵੱਸ ਹੈ :

ਮੀਹੁ ਪਇਆ ਪਰਮੇਸਰਿ ਪਾਇਆ॥
ਜੀਅ ਜੰਤ ਸਭਿ ਸੁਖੀ ਵਸਾਇਆ॥ *(ਮਾਝ ਮਹਲਾ ੫, ਪੰਨਾ 105)*

ਤਥਾ :

ਕਿਆ ਉਠਿ ਉਠਿ ਦੇਖਹੁ ਬਪੁੜੇ ਇਸੁ ਮੇਘੈ ਹਥਿ ਕਿਛੁ ਨਾਹਿ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ॥
(ਸਲੋਕ ਮ: ੩, ਪੰਨਾ 1280)

ਇਕ ਕਥਾ ਹੋਰ—

ਆਸਾਮ ਦੇ ਸ਼ਰਧਾਲੂ ਅਤੇ ਪ੍ਰੇਮੀ ਰਾਜਕੁਮਾਰ ਰਤਨ ਰਾਇ ਨੇ ਭਾਵਨਾ ਨਾਲ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਪ੍ਰੇਮ-ਭੇਟਾਵਾਂ ਅਰਪਤ ਕੀਤੀਆਂ। ਕਹਿਲੂਰ ਦਾ ਰਾਜਾ ਭੀਮ ਚੰਦ ਸਤਿਗੁਰੂ ਜੀ ਪਾਸ ਐਸੀਆਂ ਪ੍ਰੇਮ-ਭੇਟਾਵਾਂ ਵੇਖ ਕੇ ਈਰਖਾਲੂ ਹੋ ਗਿਆ। ਉਸ ਨੇ ਸੋਚਿਆ ਕਿ ਚਿੱਟੇ ਮੱਥੇ ਵਾਲਾ ਪ੍ਰਸ਼ਾਦੀ ਹਾਥੀ ਮੇਰੇ ਪਾਸ ਹੋਣਾ ਚਾਹੀਦਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਚਵਰ ਝੁਲਾਉਣ ਦੀ ਸੇਵਾ ਕਰਦਾ ਹੈ। ਗੁਰੂ ਜੀ ਦੇ ਚਰਨਾਂ ਨੂੰ ਜਲ ਨਾਲ ਇਸ਼ਨਾਨ ਕਰਾਉਂਦਾ ਹੈ। ਫਿਰ ਸੁੰਦਰ ਕੱਪੜੇ ਨਾਲ ਚਰਨ ਸਪਰਸ਼ ਕਰਦਾ ਹੈ। ਉਪਰੰਤ ਜੋੜਾ ਚਰਨਾਂ ਸਾਹਮਣੇ ਰੱਖਦਾ ਹੈ। ਦੂਰੋਂ-ਦੂਰੋਂ ਗੁਰੂ ਜੀ ਦੇ ਤੀਰ ਚੁਗ ਕੇ ਲਿਆਉਂਦਾ ਹੈ। ਸੁੰਦਰ ਮੋਤੀਆਂ ਜੜ੍ਹੀ ਚਾਨਣੀ ਮੇਰੇ ਪਾਸ ਹੋਣੀ ਚਾਹੀਦੀ ਹੈ। ਇਹ ਪੰਜ ਕਲਾ ਸ਼ਸਤਰ ਮੇਰੇ ਤੋਸ਼ੇਖ਼ਾਨੇ ਦੀ ਸ਼ੋਭਾ ਹੋਣੇ ਚਾਹੀਦੇ ਹਨ। ਗੁਰੂ ਜੀ ਪਾਸ ਕਿਉਂ ? ਆਖ਼ਰ ਉਸ ਨੇ ਆਪਣੇ ਪੁੱਤਰ ਅਜਮੇਰ ਚੰਦ ਦੇ ਵਿਆਹ ਦਾ ਬਹਾਨਾ ਬਣਾ ਕੇ, ਇਹ ਦੁਰਲੱਭ ਤੇ ਕੀਮਤੀ ਵਸਤਾਂ ਹਥਿਆਉਣ ਦੀ ਕੋਸ਼ਿਸ਼ ਕੀਤੀ, ਪਰ ਵਾਹਿਗੁਰੂ ਜੀ ਨੇ ਉਸ ਦੇ ਨਾਪਾਕ ਇਰਾਦੇ ਪੂਰੇ ਨਾ ਹੋਣ ਦਿੱਤੇ। ਫਿਰ ਰਾਜੇ ਵੱਲੋਂ ਲੜਾਈ ਦਾ ਮੁੱਢ ਬੰਨ੍ਹਿਆ ਗਿਆ। ਪਾਉਂਟਾ ਸਾਹਿਬ ਨਜ਼ਦੀਕ ਭੰਗਾਣੀ ਦੇ ਅਸਥਾਨ 'ਤੇ ਪਹਿਲਾ ਯੁੱਧ ਹੋਣਾ ਭੀਮ ਚੰਦ ਦੀ ਈਰਖਾ ਦਾ ਹੀ ਪ੍ਰਗਟਾਵਾ ਸੀ, ਜਿਸ ਅੰਦਰ ਉਸ ਨੂੰ ਆਪਣੀ ਸਹੇੜੀ ਅੱਗ ਕਾਰਨ ਸੜਨਾ ਪਿਆ।

ਗੁਰੂ ਸਾਹਿਬ ਜੀ ਤਾਂ ਸੱਚ ਸਰੂਪ ਅਤੇ ਸੱਚ ਦਾ ਸ਼ੀਸ਼ਾ ਹਨ। ਉਨ੍ਹਾਂ ਅੰਦਰ ਕਿਸੇ ਪ੍ਰਤੀ ਵੀ ਜ਼ਾਤੀ ਘਿਰਣਾ ਨਹੀਂ ਸੀ। ਹਾਂ, ਸ਼ੀਸ਼ੇ ਸਾਹਮਣੇ ਜਿਹੋ ਜਿਹਾ ਕੋਈ

ਮੂੰਹ ਲੈ ਕੇ ਆਉਂਦਾ ਹੈ, ਉਹੋ ਜਿਹਾ ਹੀ ਉਸ ਨੂੰ ਆਪਣਾ ਸਰੂਪ ਦਿਖਾਈ ਦਿੰਦਾ ਹੈ :

ਖ਼ਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ।
ਹੱਕ਼ ਹੱਕ਼ ਆਈਨਾ ਗੁਰੁ ਗੋਬਿੰਦ ਸਿੰਘ। *(ਰੰਜਨਾਮਾ, ਭਾਈ ਨੰਦ ਲਾਲ ਜੀ)*

ਸੰਸਾਰ ਪੱਧਰ ਤੋਂ ਲੈ ਕੇ ਪਿੰਡ ਪੱਧਰ ਤਕ ਸਾਰਾ ਸੰਸਾਰ ਈਰਖਾ ਦੀ ਭਿਆਨਕ ਅਗਨੀ ਅੰਦਰ ਜਲ ਰਿਹਾ ਹੈ। ਇਸ ਅਗਨ ਤੋਂ ਸਿਰਫ਼ ਪਰਮਾਤਮਾ ਦੀ ਮਿਹਰ ਹੀ ਬਚਾ ਸਕਦੀ ਹੈ। ਜਿਸ ਮਨੁੱਖ ਉਪਰ ਗੁਰੂ ਜੀ ਦੀ ਮਿਹਰ ਹੋ ਜਾਵੇ, ਉਸ ਨੂੰ ਗੁਰਬਾਣੀ ਦਾ ਦੈਵੀ ਗਿਆਨ ਮਿਲਦਾ ਹੈ। ਉਸ ਗਿਆਨ ਸਦਕਾ ਉਸ ਮਨੁੱਖ ਨੂੰ ਜਾਗਤ ਜੋਤ ਦਾ ਪ੍ਰਕਾਸ਼ ਹਰ ਸਰੀਰ ਅੰਦਰ ਨਜ਼ਰ ਆਉਂਦਾ ਹੈ। ਸਤਿਸੰਗਤ ਦੀ ਪ੍ਰਾਪਤੀ ਦਾ ਇਕ ਇਹ ਵੀ ਫਲ ਹੈ :

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥
(ਕਾਨੜਾ ਮਹਲਾ ੫, ਪੰਨਾ 1299)

ਅਰਦਾਸ ਹੈ ਕਿ ਹਰ ਪ੍ਰਾਣੀ ਨੂੰ ਗੁਰਮਤਿ ਪ੍ਰਕਾਸ਼ ਮਿਲੇ। ਹਰ ਪ੍ਰਾਣੀ ਦੇ ਹਿਰਦੇ 'ਚ ਗੁਰੂ ਦਾ ਪਿਆਰ ਪ੍ਰਗਟ ਹੋਵੇ, ਤਾਕਿ ਈਰਖਾ ਦੀ ਅੱਗ ਵਿਚ ਸੜਨੋਂ ਬਚਿਆ ਜਾ ਸਕੇ।

ਡੁੱਬਣਾ ਤੇ ਤਰਨਾ

ਸੰਸਾਰ ਨੂੰ ਸਤਿਪੁਰਸ਼ਾਂ ਨੇ ਸਾਗਰ ਵਾਂਗ ਜਾਣਿਆ ਹੈ। ਜਿਵੇਂ ਸਾਗਰ ਅੰਦਰ ਕਈ ਤਰ੍ਹਾਂ ਦੇ ਖ਼ਤਰੇ ਹਨ, ਇਸੇ ਤਰ੍ਹਾਂ ਸੰਸਾਰ ਵਿਚ ਵੀ ਅਨੇਕਾਂ ਖ਼ਤਰੇ ਹਨ। ਜਿਨ੍ਹਾਂ ਨੂੰ ਇਹ ਖ਼ਤਰੇ ਦਿਖਾਈ ਦਿੱਤੇ, ਉਹ ਸਾਵਧਾਨ ਹੋ ਗਏ। ਪ੍ਰਭੂ ਦਰੋਂ ਬਖ਼ਸ਼ਿਸ਼ ਦੀ ਮੰਗ ਕੀਤੀ :

ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ॥
ਤਾਰਿ ਲੈ ਬਾਪ ਬੀਠੁਲਾ॥ *(ਬਸੰਤ ਬਾਣੀ ਨਾਮਦੇਉ ਜੀ ਕੀ, ਪੰਨਾ 1196)*

ਤਥਾ :

ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ॥
(ਸਵਈਏ ਮਹਲੇ ਚਉਥੇ ਕੇ, ਪੰਨਾ 1402)

ਗੁਰੂ ਨਾਨਕ ਦੇਵ ਜੀ ਵੀ 'ਸਲੋਕ ਵਾਰਾਂ ਤੇ ਵਧੀਕ' 'ਚ ਸੁਚੇਤ ਕਰਦੇ ਹਨ :

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥
(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ 1410)

ਐ ਮਨੁੱਖ! ਦੇਖ ਸੰਸਾਰ ਸਮੁੰਦਰ ਅੰਦਰ ਮਾਰੂ ਤੂਫ਼ਾਨ ਉਠ ਰਹੇ ਹਨ। ਲੱਖਾਂ ਲਹਿਰਾਂ ਤੇਰੇ ਜੀਵਨ-ਬੇੜੇ ਨੂੰ ਗ਼ਰਕ ਕਰਨ ਵਾਸਤੇ ਉੱਛਲ-ਉੱਛਲ ਕੇ ਆ ਰਹੀਆਂ ਹਨ। ਕੁਝ ਹੋਸ਼ ਕਰ। ਜੇਕਰ ਸਤਿਗੁਰੂ ਜੀ ਨੂੰ ਯਾਦ ਕਰੇਂਗਾ ਤਾਂ ਯਕੀਨਨ ਤੇਰਾ ਜੀਵਨ-ਬੇੜਾ ਖ਼ਤਰਿਆਂ ਤੋਂ ਬਚ ਜਾਵੇਗਾ। ਸਮੁੰਦਰਾਂ ਵਿਚ ਕਦੇ-ਕਦੇ ਕੋਈ ਬੇੜਾ ਡੁੱਬਦਾ ਹੈ, ਪਰ ਸੰਸਾਰ ਅੰਦਰ ਕੋਈ-ਕੋਈ ਬੇੜਾ ਤਰਦਾ ਹੈ। ਬਾਕੀ ਤਾਂ ਤੂਫ਼ਾਨਾਂ ਅਤੇ ਲਹਿਰਾਂ ਵਿਚ ਫਸੇ ਦਿਖਾਈ ਦਿੰਦੇ ਹਨ। ਸਤਿਗੁਰੂ ਨੂੰ ਅਰਾਧਣ ਵਾਲਾ ਆਪਣੇ ਬੇੜੇ ਨੂੰ ਗੁਰੂ ਆਸਰੇ ਕਿਨਾਰੇ 'ਤੇ ਲੈ ਜਾਂਦਾ ਹੈ :

ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥
ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ॥ *(ਸਲੋਕ ਮਹਲਾ ੫, ਪੰਨਾ 1425)*

ਇਕ ਇਤਿਹਾਸਕ ਕਥਾ ਵੀ ਹੈ। ਭਾਈ ਮੱਖਣ ਸ਼ਾਹ ਲੁਬਾਣਾ ਮਾਲ ਅਸਬਾਬ ਬੇੜੇ ਉੱਤੇ ਲੱਦ ਕੇ ਵਪਾਰ ਵਾਸਤੇ ਜਾ ਰਹੇ ਸਨ। ਅਚਾਨਕ ਬੇੜਾ ਕਿਤੇ ਫਸ ਗਿਆ। ਖ਼ਤਰਿਆਂ 'ਚ ਘਿਰ ਗਿਆ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਕੀਤੀਆਂ ਅਰਦਾਸਾਂ ਪ੍ਰਵਾਨ ਹੋਈਆਂ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ

ਮੱਖਣ ਸ਼ਾਹ ਤੇ ਉਸ ਦੇ ਬੇੜੇ ਨੂੰ ਆਪ ਖ਼ਤਰਿਆਂ 'ਚੋਂ ਕੱਢਿਆ। ਜਿੰਨਾ ਹਿਰਦੇ ਅੰਦਰ ਸਤਿਗੁਰੂ ਦਾ ਪਿਆਰ ਅਤੇ ਵਿਸ਼ਵਾਸ ਹੋਵੇਗਾ, ਗੁਰੂ ਓਨਾ ਹੀ ਅੰਗ ਸੰਗ ਨਜ਼ਰ ਆਏਗਾ। ਪੂਰਨ ਸਿਦਕਵਾਨ ਸਿੱਖ ਨੂੰ ਗੁਰੂ ਡੋਲਣ ਨਹੀਂ ਦਿੰਦਾ :

ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ ॥

(ਸੋਰਠਿ ਮਹਲਾ ੫, ਪੰਨਾ 621)

ਤਥਾ :

ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥ *(ਗਉੜੀ ਸੁਖਮਨੀ ਮ: ੫, ਪੰਨਾ 285)*

ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਨੇਕਾਂ ਪ੍ਰਸ਼ਨ ਪੁੱਛੇ। ਸੰਸਾਰ ਕੀ ਹੈ ? ਨਿਰੰਕਾਰ ਕਿਥੇ ਰਹਿੰਦਾ ਹੈ ? ਜੀਵਨ ਦਾ ਰਹੱਸ ਕੀ ਹੈ, ਆਦਿ। ਉਨ੍ਹਾਂ ਦੇ ਸੁਆਲਾਂ ਦਾ ਸਮਾਧਾਨ ਪਾਤਸ਼ਾਹ ਜੀ ਨੇ ਆਪਣੀ ਅਗੰਮੀ ਬਾਣੀ 'ਸਿਧ ਗੋਸਟਿ' ਅੰਦਰ ਕੀਤਾ ਹੈ। ਇਕ ਸਫਲ ਤੇ ਸੰਪੂਰਨ ਜੀਵਨ ਦਾ ਗਿਆਨ ਵੀ ਬਖ਼ਸ਼ਿਆ ਹੈ। ਜੋਗੀ ਕਹਿੰਦੇ ਹਨ—ਮਹਾਰਾਜ ! ਇਹ ਸੰਸਾਰ ਬੜਾ ਔਖਾ ਤਰਿਆ ਜਾਣ ਵਾਲਾ ਹੈ। ਕਿਉਂਕਿ ਏਥੇ ਤਾਂ ਘੁੰਮਣ ਘੇਰੀਆਂ ਤੇ ਲਹਿਰਾਂ ਬਹੁਤ ਹੀ ਹਨ। ਕਿਤੇ ਈਰਖਾ, ਕਿਤੇ ਕ੍ਰੋਧ, ਕਿਤੇ ਵਾਸ਼ਨਾ, ਕਿਤੇ ਮੋਹ, ਕਿਤੇ ਲੋਭ, ਕਿਤੇ ਸੁਆਰਥ, ਬਹੁਤ ਛੱਲਾਂ ਹਨ :

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 938)

ਚਰਪਟ ਨਾਥ ਦੇ ਐਸੇ ਸੁਆਲ ਨੂੰ ਸੁਣ ਕੇ ਸਤਿਗੁਰੂ ਜੀ ਨੇ ਜੋ ਉੱਤਰ ਦਿੱਤਾ, ਉਹ ਇਹ ਹੈ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 938)

ਐ ਚਰਪਟ ! ਸਾਡਾ ਮਾਰਗ ਬੜਾ ਸੌਖਾ ਹੈ। ਜਿਵੇਂ ਪਾਣੀ ਅੰਦਰ ਕਮਲ ਦਾ ਫੁੱਲ ਰਹਿੰਦਾ ਹੈ ਪਰ ਡੁੱਬਦਾ ਨਹੀਂ, ਆਪਣਾ ਮੁਖ ਸੂਰਜ ਵੱਲ ਰੱਖਦਾ ਹੈ। ਜਿਤਨਾ ਪਾਣੀ ਵਧੇ, ਉਤਨਾ ਉਪਰ ਹੋ ਜਾਂਦਾ ਹੈ। ਫਿਰ ਜਿਵੇਂ ਮੁਰਗਾਬੀ ਪਾਣੀ ਵਿਚ ਰਹਿੰਦੀ ਹੈ, ਪਰ ਉਸ ਦੇ ਪੰਖ ਪਾਣੀ ਦੇ ਪ੍ਰਭਾਵ ਨੂੰ ਕਬੂਲ ਨਹੀਂ ਕਰਦੇ। ਇਸੇ ਤਰ੍ਹਾਂ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਇਸ ਭਵਜਲ ਨੂੰ ਸਹਿਜੇ ਹੀ ਤਰਿਆ ਜਾ ਸਕੇਗਾ।

ਇਸ ਪਾਵਨ ਉੱਤਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਸਾਹਮਣੇ ਆਪਣੇ ਨਿਰਮਲ ਅਤੇ ਨਿਆਰੇ ਗੁਰਮਤਿ ਮਾਰਗ ਨੂੰ ਦਰਸਾ ਦਿੱਤਾ। ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ :

ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥

(ਵਾਰ 1, ਪਉੜੀ 45)

ਘਰ ਵਿਚ ਰਹਿੰਦਿਆਂ, ਮਾਂ-ਬਾਪ ਦੀ ਸੇਵਾ ਕਰਦਿਆਂ, ਪਰਿਵਾਰਕ, ਸੰਸਾਰਕ, ਭਾਈਚਾਰਕ ਫ਼ਰਜ਼ਾਂ ਨੂੰ ਨਿਭਾਉਂਦਿਆਂ ਹੋਇਆਂ; ਨਾਮ ਜਪਦਿਆਂ, ਕਿਰਤ ਕਰਦਿਆਂ, ਵੰਡ ਛਕਦਿਆਂ ਸੰਸਾਰ ਸਾਗਰ ਨੂੰ ਤਰਨਾ ਗੁਰਮਤਿ ਦੀ ਨਿਆਰੀ ਉੱਤਮ ਜੀਵਨ-ਜਾਚ ਹੈ। ਸ਼ਾਇਦ ਜੋਗੀ ਇਕ ਭਰਮ ਪਾਲ ਕੇ ਬੈਠੇ ਸਨ ਕਿ ਅਸੀਂ ਘਰ ਬਾਹਰ, ਪਰਿਵਾਰ, ਸੰਸਾਰ ਨੂੰ ਤਿਆਗਿਆ ਹੈ; ਸਾਡੇ ਵਰਗਾ ਹੋਰ ਕੌਣ ਹੋਵੇਗਾ। ਅਸੀਂ ਤਾਂ ਸੰਸਾਰ ਨੂੰ ਤਰ ਹੀ ਲਿਆ ਹੈ।

ਬੇਸ਼ੱਕ ਕੋਈ ਮਨੁੱਖ ਘਰ ਬਾਰ ਦਾ ਵੀ ਤਿਆਗੀ ਹੋ ਜਾਵੇ ਤਾਂ ਵੀ ਉਹ ਸੰਸਾਰ ਦੀਆਂ ਘੁੰਮਣ-ਘੇਰੀਆਂ ਤੋਂ ਬਚ ਨਹੀਂ ਸਕੇਗਾ, ਐਸੇ ਲੋਕਾਂ ਦੇ ਤਿਆਗ ਵੇਖ ਕੇ ਗੁਰੂ ਜੀ ਨੇ ਫ਼ੁਰਮਾਇਆ ਹੈ :

ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ *(ਪ੍ਰਭਾਤੀ ਮਹਲਾ ੫, ਪੰਨਾ 1348)*

ਵਿਖਾਵੇ ਦਾ ਤਿਆਗ ਮਨੁੱਖ ਨੂੰ ਬੰਧਨਾਂ 'ਚੋਂ ਮੁਕਤ ਨਹੀਂ ਕਰਦਾ। ਇਕ ਸ਼ਾਇਰ ਦੇ ਬੋਲ ਹਨ :

ਤਿਆਗੀ ਕਾ ਮਤਲਬ ਯਿਹ ਨਹੀਂ ਘਰ ਕੋ ਤਿਆਗੇ ਮੀਤ।
ਤਿਆਗੀ ਵੋਹ ਜੋ ਤਿਆਗ ਦੇ ਮਨ ਸੇ ਮੰਦੀ ਨੀਤ।
ਤਿਆਗੀ ਕਾ ਮਤਲਬ ਯਿਹ ਨਹੀਂ ਕਰੇ ਨਾ ਕੋਈ ਕਾਮ।
ਤਿਆਗੀ ਵੋਹ ਜੋ ਕਰਮ ਕਰ ਹੋਇ ਨਿਹਕਾਮ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਾਝੇ ਦੇ ਧੁਰ ਵਿਚਕਾਰ ਇਕ ਐਸਾ ਅਸਥਾਨ ਬਖ਼ਸ਼ਿਆ, ਜਿਸ ਦਾ ਨਾਮ ਆਪ ਜੀ ਨੇ ਤਰਨ ਤਾਰਨ ਸਾਹਿਬ ਰੱਖਿਆ। ਭਾਵ ਗੁਰੂ ਗਿਆਨ ਪ੍ਰਾਪਤ ਕਰ ਕੇ ਜਗਤ ਦੀ ਅਸਲੀਅਤ ਨੂੰ ਸਮਝ ਕੇ ਆਪ ਤਰਨਾ ਅਤੇ ਹੋਰ ਪ੍ਰਾਣੀਆਂ ਨੂੰ ਤਰਨ ਲਈ ਮਦਦਗਾਰ ਬਣਨਾ। ਸਿੱਖ ਆਪ ਗੁਰੂ ਬਾਣੀ ਪੜ੍ਹ ਸੁਣ ਕਮਾ ਕੇ ਤਰੇ, ਹੋਰਨਾਂ ਨੂੰ ਤਰਨ ਲਈ ਸਹਿਯੋਗ ਦੇਵੇ। ਐਸੇ ਗੁਰਸਿੱਖਾਂ ਤੋਂ ਭਾਈ ਗੁਰਦਾਸ ਜੀ ਜੈਸੀ ਸ਼ਖ਼ਸੀਅਤ ਬਲਿਹਾਰ ਹੋ ਰਹੀ ਹੈ :

ਬਲਿਹਾਰੀ ਤਿਨਾਂ ਗੁਰ ਸਿੱਖਾਂ ਆਪਿ ਤਰੇ ਤਾਰੇਨਿ ਸਰਿਠਾ ॥

(ਵਾਰ 12, ਪਉੜੀ 1)

ਬੜੀ ਸੁੰਦਰ ਇਕ ਕਥਾ ਹੈ :

ਭਾਈ ਬਿਧੀ ਚੰਦ ਗੁਰੂ ਕਾ ਸਿੱਖ ਬਣਨ ਤੋਂ ਪਹਿਲਾਂ ਕੁਸੰਗਤ ਦੇ ਅਸਰ ਹੇਠ ਚੋਰੀ ਕਰਨ ਦੇ ਚਸਕੇ ਵਿਚ ਪੈ ਗਿਆ। ਨਿੱਤ-ਨਿੱਤ ਦੀਆਂ ਚੋਰੀਆਂ ਤੋਂ ਲੋਕ ਤੰਗ ਆ ਚੁੱਕੇ ਸਨ। ਸੁਭਾਅ ਮੁਤਾਬਿਕ ਇਕ ਸਮੇਂ ਭਾਈ ਬਿਧੀ ਚੰਦ ਇਕ ਪਿੰਡੋਂ ਮੱਝਾਂ ਖੋਲ੍ਹ ਕੇ ਲਿਜਾ ਰਿਹਾ ਸੀ, ਤਾਂ ਪਿੰਡ ਵਾਸੀਆਂ ਨੇ ਪਿੱਛੇ-ਪਿੱਛੇ ਖੋਜ ਕੱਢਦਿਆਂ ਚੋਰ ਨੂੰ ਘੇਰ ਲਿਆ। ਭਾਈ ਬਿਧੀ ਚੰਦ ਮੱਝਾਂ ਛੱਪੜ ਵਿਚ ਵਾੜ ਕੇ ਆਪ ਬਾਬਾ ਅਦਲੀ ਜੀ ਪਾਸ ਬੈਠੀ ਸੰਗਤ ਵਿਚ ਬੈਠ ਗਿਆ। ਬਾਬਾ ਅਦਲੀ ਜੀ ਗੁਰੂ ਅਰਜਨ ਦੇਵ

ਜੀ ਦੇ ਦਰੋਂ ਨਿਵਾਜੇ ਕਰਨੀ ਪ੍ਰਧਾਨ ਗੁਰਸਿੱਖ ਸਨ। ਗੁਰ ਸੰਗਤ ਅੰਦਰ ਗੁਰੂ ਦਾ ਪ੍ਰਤਾਪ ਹੁੰਦਾ ਹੈ। ਰੱਬੀ ਭੱਟਾਂ ਨੇ ਗੁਰ ਸੰਗਤ ਨੂੰ ਉੱਤਮ ਮਾਰਗ ਦਾ ਨਾਮ ਦਿੱਤਾ ਹੈ :

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥

(ਸਵਈਏ ਮਹਲੇ ਚਉਥੇ ਕੇ, ਪੰਨਾ 1406)

ਗੁਰ ਸੰਗਤ ਕਰਦਿਆਂ ਤਾਂ ਜਮਾਂ ਦਾ ਤ੍ਰਾਸ (ਡਰ) ਵੀ ਮੁੱਕ ਜਾਂਦਾ ਹੈ। ਭਾਈ ਬਿਧੀ ਚੰਦ ਨੇ ਹੱਥ ਜੋੜ ਬਾਬਾ ਅਦਲੀ ਜੀ ਨੂੰ ਜੋਦੜੀ ਕੀਤੀ—ਬਾਬਾ ਜੀ! ਅੱਜ ਵਾਹਰ ਕੋਲੋਂ ਬਚਾਅ ਲਵੋ। ਫਿਰ ਮਾੜਾ ਕਰਮ ਨਹੀਂ ਕਰਦਾ। ਤਾਂ ਬਾਬਾ ਅਦਲੀ ਜੀ ਨੇ ਪੁੱਛਿਆ ਕਿ ਬਿਧੀ ਚੰਦਾ! ਕਿਉਂ ਘਬਰਾਇਆ ਏਂ? ਕੀ ਕੀਤਾ ਈ? ਆਖਣ ਲੱਗਾ—ਬਾਬਾ ਜੀ! ਇਕ ਪਿੰਡ ਵਿੱਚੋਂ ਮੱਝਾਂ ਚੁਰਾ ਕੇ ਲੈ ਆਇਆ ਹਾਂ। ਲੋਕ ਮੈਨੂੰ ਮਾਰਨ ਵਾਸਤੇ ਨੇੜੇ ਆ ਪਹੁੰਚੇ ਹਨ। ਕ੍ਰਿਪਾ ਕਰ ਕੇ ਬਚਾਅ ਲਵੋ। ਬਾਬਾ ਜੀ ਨੇ ਕਿਹਾ ਕਿ ਅੱਗੇ ਤੋਂ ਲੋਕਾਂ ਨੂੰ ਤੰਗ ਤੇ ਨਹੀਂ ਕਰੇਂਗਾ, ਤੇਰੀ ਰੱਖਿਆ ਤਾਂ ਹੋਵੇਗੀ। ਤੂੰ ਸੱਚ ਵੀ ਬੋਲਿਆ ਏ। ਹੁਣ ਤੇਰਾ ਕੋਈ ਕੁਝ ਨਹੀਂ ਵਿਗਾੜ ਸਕੇਗਾ।

ਇੰਨੇ ਚਿਰ ਨੂੰ ਉਹ ਲੋਕ ਵੀ ਆ ਪਹੁੰਚੇ ਜਿਨ੍ਹਾਂ ਦੀਆਂ ਮੱਝਾਂ ਚੋਰੀ ਹੋਈਆਂ ਸਨ। ਆ ਕੇ ਕਹਿਣ ਲੱਗੇ—ਬਾਬਾ ਜੀ! ਤੁਹਾਡੇ ਪਾਸ ਇਕ ਚੋਰ ਆਇਆ ਹੈ। ਸਾਡੇ ਹਵਾਲੇ ਕਰੋ। ਬਾਬਾ ਅਦਲੀ ਜੀ ਨੇ ਕਿਹਾ ਕਿ ਤੁਹਾਡਾ ਕੀ ਚੋਰੀ ਹੋਇਆ ਹੈ। ਲੋਕ ਕਹਿਣ ਲੱਗੇ—ਬਾਬਾ ਜੀ! ਸਾਡੀਆਂ ਮੱਝਾਂ ਚੋਰੀ ਹੋਈਆਂ ਹਨ। ਫਿਰ ਬਾਬਾ ਜੀ ਨੇ ਕਿਹਾ—ਮੱਝਾਂ ਕਿਥੇ ਹਨ? ਕਹਿੰਦੇ—ਸਾਡੇ ਦੂਰੋਂ ਵੇਖਦਿਆਂ ਚੋਰ ਨੇ ਛੱਪੜ ਵੱਲ ਕਰ ਦਿੱਤੀਆਂ ਹਨ। ਇਹ ਸੁਣ ਕੇ ਬਾਬਾ ਜੀ ਨੇ ਕਿਹਾ—ਪਿਆਰਿਓ! ਜਾਉ ਜਾ ਕੇ ਛੱਪੜ ਵਿਚ ਵੇਖੋ। ਤੁਹਾਡੀਆਂ ਹੀ ਮੱਝਾਂ ਹਨ। ਪਿੰਡ ਵਾਲੇ ਵੇਖ ਕੇ ਵਾਪਸ ਆ ਗਏ ਤੇ ਹੈਰਾਨ ਹੋ ਗਏ ਕਿ ਸਾਡੀਆਂ ਮੱਝਾਂ ਤਾਂ ਕਾਲੇ ਰੰਗ ਦੀਆਂ ਸਨ, ਇਹ ਬੂਰੀਆਂ ਕਿਵੇਂ ਹੋ ਗਈਆਂ? ਵਾਪਸ ਆ ਕੇ ਕਹਿਣ ਲੱਗੇ ਕਿ ਬਾਬਾ ਜੀ, ਸਾਡੀਆਂ ਮੱਝਾਂ ਤਾਂ ਕਾਲੇ ਰੰਗ ਦੀਆਂ ਸਨ, ਇਹ ਤਾਂ ਬੂਰੀਆਂ ਹਨ। ਬਾਬਾ ਅਦਲੀ ਜੀ ਨੇ ਆਖਿਆ—ਭਲੇ ਪੁਰਸ਼ੋ! ਜੇਕਰ ਤੁਹਾਡੀਆਂ ਛੱਪੜ ਵਿਚ ਮੱਝਾਂ ਨਹੀਂ ਹਨ ਤਾਂ ਤੁਹਾਡਾ ਚੋਰ ਵੀ ਇਥੇ ਕੋਈ ਨਹੀਂ।

ਲੋਕ ਤਾਂ ਚਲੇ ਗਏ, ਪਰ ਭਾਈ ਬਿਧੀ ਚੰਦ ਨੇ ਬਾਬਾ ਅਦਲੀ ਜੀ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ ਬਾਬਾ ਜੀ! ਅੱਜ ਤੁਹਾਡੀ ਦਇਆ ਨਾਲ ਮੇਰੀ ਜ਼ਿੰਦਗੀ ਬਚ ਗਈ ਹੈ। ਹੁਣ ਬਾਕੀ ਜੀਵਨ ਤੁਹਾਡੇ ਚਰਨਾਂ ਵਿਚ ਗੁਜ਼ਾਰਾਂਗਾ। ਤਾਂ ਬਾਬਾ ਅਦਲੀ ਜੀ ਨੇ ਕਿਹਾ—ਪਿਆਰਿਆ! ਮੇਰੇ ਚਰਨਾਂ 'ਚ ਰਹਿ ਕੇ ਕੀ ਕਰੇਂਗਾ। ਚੱਲ ਉਸ ਦੇ ਚਰਨਾਂ ਤਕ ਛੱਡ ਆਵਾਂ, ਜਿਸ ਸੱਚੇ ਸਾਹਿਬ ਜੀ ਦੇ ਚਰਨਾਂ ਨੂੰ ਮੈਂ ਫੜਿਆ ਹੈ।

ਭਾਈ ਬਿਧੀ ਚੰਦ ਜੀ ਨੂੰ ਬਾਬਾ ਅਦਲੀ ਜੀ ਆਪ ਸ੍ਰੀ ਅੰਮ੍ਰਿਤਸਰ ਵਿਖੇ ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨਾਂ ਵਿਚ ਲੈ ਕੇ ਆਏ। ਆਪ ਗੁਰ-ਸ਼ਬਦ ਕਮਾ ਕੇ ਭਵਜਲ ਨੂੰ ਤਰੇ ਅਤੇ ਅਨੇਕਾਂ ਡੁੱਬਦਿਆਂ ਨੂੰ ਤਰਨ ਤੇ ਤਾਰਨ ਦੇ

ਸਮਰੱਥ ਬਣਾਇਆ। ਵਾਰ ਆਸਾ ਅੰਦਰ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ ਕਿ ਵਿਰਲੇ ਮਨੁੱਖ ਹਨ ਜਿਨ੍ਹਾਂ ਨੂੰ ਗਿਆਨ ਹੈ ਕਿ ਗੁਰੂ ਹੀ ਤਾਰਨ ਦੇ ਸਮਰੱਥ ਹੈ :

ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥
ਕਰਿ ਕਿਰਪਾ ਪਾਰਿ ਉਤਾਰਿਆ॥ *(ਵਾਰ ਆਸਾ, ਪਉੜੀ, ਪੰਨਾ 470)*

ਗੁਰੂ ਚਰਨਾਂ 'ਚੋਂ ਨਿਵਾਜੇ ਭੱਟਾਂ ਨੇ ਸਤਿਗੁਰੂ ਜੀ ਦੀਆਂ ਵਡਿਆਈਆਂ ਨੂੰ ਗਾਉਂਦਿਆਂ ਦੱਸਿਆ ਹੈ ਕਿ ਗੁਰੂ ਹੀ ਜਹਾਜ਼ ਹੈ ਤੇ ਗੁਰੂ ਹੀ ਮਲਾਹ ਹੈ :

ਗੁਰੁ ਜਹਾਜੁ ਖੇਵਟੁ ਗੁਰੁ ਗੁਰ ਬਿਨੁ ਤਰਿਆ ਨ ਕੋਇ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥

(ਸਵਈਏ ਮਹਲੇ ਚਉਥੇ ਕੇ, ਪੰਨਾ 1401)

ਇਕ ਰਮਜ਼ ਭਰਪੂਰ ਕਥਾ ਹੈ। ਦਰਿਆ ਅੰਦਰ ਪਾਣੀ ਦੇ ਵਹਿਣ ਨਾਲ ਇਕ ਲੱਕੜ ਰੁੜ੍ਹਦੀ ਆ ਰਹੀ ਸੀ। ਰੁੜ੍ਹਦੀ-ਰੁੜ੍ਹਦੀ ਇਕ ਬੇੜੀ ਦੇ ਨਜ਼ਦੀਕ ਆ ਪਹੁੰਚੀ। ਰੁੜ੍ਹਦੀ ਤੇ ਗੋਤੇ ਖਾਂਦੀ ਲੱਕੜ ਨੇ ਜਦ ਬੇੜੀ ਨੂੰ ਵੇਖਿਆ ਤਾਂ ਹੈਰਾਨ ਹੋ ਗਈ। ਸੋਚਣ ਲੱਗੀ, ਮੈਂ ਵੀ ਲੱਕੜ ਹਾਂ, ਇਹ ਵੀ ਲੱਕੜ ਦੀ ਬਣੀ ਹੈ। ਮੈਂ ਰੁੜ੍ਹਦੀ ਕਿਉਂ ਹਾਂ? ਇਹ ਤਰਦੀ ਕਿਵੇਂ ਹੈ? ਆਖ਼ਰ ਲੱਕੜ ਨੇ ਬੇੜੀ ਨੂੰ ਪੁੱਛ ਹੀ ਲਿਆ। ਕਿਹਾ—ਭੈਣੇ! ਤੂੰ ਵੀ ਲੱਕੜ ਤੋਂ ਬਣੀ ਏਂ, ਮੈਂ ਵੀ ਲੱਕੜ ਹਾਂ। ਤੇਰੀ ਤੇ ਮੇਰੀ ਜਾਤ (ਕਿਸਮ) ਵੀ ਇਕੋ ਹੈ। ਪਰ ਮੇਰੀ ਸ਼ਕਲ ਹੋਰ ਹੈ, ਤੇਰੀ ਹੋਰ ਹੈ। ਮੇਰੀ ਕਿਸਮਤ ਰੁੜ੍ਹਨ ਵਾਲਿਆਂ ਦੀ ਤੇ ਤੇਰੀ ਤਰਨ ਤੇ ਤਾਰਨ ਵਾਲਿਆਂ ਦੀ ਹੈ। ਇਹ ਐਸਾ ਕਿਉਂ?

ਬੇੜੀ ਬੋਲੀ—ਐ ਭੈਣੇਂ! ਠੀਕ ਤੂੰ ਕਿਹਾ, ਸਾਡੀ ਜਾਤ ਇਕ ਹੀ ਹੈ। ਅਸੀਂ ਇਕ ਹੀ ਦਰਿਆ ਵਿਚ ਰਹਿਣ ਵਾਲੀਆਂ ਹਾਂ, ਪਰ ਸਾਡੀਆਂ ਕਿਸਮਤਾਂ ਅੰਦਰ ਅੰਤਰ ਹੈ। ਗੱਲ ਇਹ ਹੈ ਕਿ ਮੈਂ ਵੀ ਤੇਰੇ ਵਾਂਗ ਇਕ ਗੋਤੇ ਖਾਣ ਵਾਲੀ ਅਤੇ ਲਹਿਰਾਂ ਨਾਲ ਰੁੜ੍ਹਨ ਵਾਲੀ ਹੀ ਲੱਕੜ ਸਾਂ। ਇਕ ਦਿਨ ਕਿਸੇ ਪਰਉਪਕਾਰੀ ਨੂੰ ਮੇਰੇ ਉੱਤੇ ਤਰਸ ਆ ਗਿਆ। ਉਸ ਨੇ ਮੈਨੂੰ ਰੁੜ੍ਹਦੀ ਨੂੰ ਗਲੇ ਵਿਚ ਰੱਸਾ ਪਾ ਕੇ ਦਰਿਆ ਵਿੱਚੋਂ ਬਾਹਰ ਕੱਢ ਲਿਆ। ਫਿਰ ਆਰੇ ਸਾਹਮਣੇ ਲਿਆ ਧਰਿਆ। ਮੇਰੇ ਸਰੀਰ ਵਿਚ ਚੀਰ ਪਾ ਕੇ ਫੱਟੇ ਬਣਾਏ। ਕੁਝ ਛੋਟੇ ਕੁਝ ਵੱਡੇ ਫੱਟੇ ਬਣਾਏ। ਫਿਰ ਰੰਦਾ ਫੇਰਿਆ ਗਿਆ। ਫਿਰ ਮੇਰੇ ਸਰੀਰ ਵਿਚ ਕਿੱਲ ਠੋਕ ਕੇ ਫੱਟਿਆਂ ਨੂੰ ਜੋੜਿਆ। ਇਹ-ਵੇਖ, ਸੁੰਦਰ ਸ਼ਕਲ ਉਸੇ ਪਰਉਪਕਾਰੀ ਨੇ ਮੈਨੂੰ ਦਿੱਤੀ ਹੈ। ਫਿਰ ਇਸੇ ਦਰਿਆ ਅੰਦਰ ਟਿਕਾਅ ਦਿੱਤਾ। ਮੈਨੂੰ ਐਸੀ ਸਮਰੱਥਾ ਮਿਲ ਗਈ ਹੈ ਕਿ ਮੈਂ ਹੁਣ ਉਨ੍ਹਾਂ ਲਹਿਰਾਂ ਨੂੰ ਤਰਦੀ ਹਾਂ ਜੋ ਕਦੇ ਡੋਬਦੀਆਂ ਸਨ। ਮੇਰੇ ਪਾਸ ਕੋਈ ਆ ਜਾਵੇ, ਉਸ ਨੂੰ ਡੁੱਬਣ ਤੋਂ ਬਚਾਅ ਕੇ ਕਿਨਾਰੇ ਪਹੁੰਚਾਉਂਦੀ ਹਾਂ। ਹੋ ਸਕਦੈ ਤੈਨੂੰ ਵੀ ਕੋਈ ਐਸਾ ਪਰਉਪਕਾਰੀ ਮਿਲ ਜਾਵੇ। ਗੁਰੂ ਜੀ ਦਾ ਬਚਨ ਹੈ :

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥

(ਸਲੋਕ ਸਹਸਕ੍ਰਿਤੀ ਮਹਲਾ ੧, ਪੰਨਾ 1353)

ਮਨੁੱਖ ਨੂੰ ਨਿਰਾਸ ਹੋਣ ਦੀ ਲੋੜ ਨਹੀਂ। ਜੀਵਨ ਦੁਰਲੱਭ ਅਤੇ ਵਡਮੁੱਲਾ ਹੈ। ਗੁਰੂ ਜੀ ਪਾਸ ਉਹ ਮਨੁੱਖ ਵੀ ਆਏ, ਜਿਨ੍ਹਾਂ ਦੇ ਸੁਭਾਅ ਪੱਥਰਾਂ ਵਰਗੇ ਕਠੋਰ ਸਨ। ਪ੍ਰੇਤਾਂ ਵਾਂਗ ਦੂਜਿਆਂ ਨੂੰ ਦੁੱਖ ਦੇਣ ਵਾਲੇ ਸਨ। ਪਸ਼ੂਆਂ ਵਰਗੇ ਸੁਆਰਥੀ ਤੇ ਹੰਕਾਰੀ ਸਨ। ਸਤਿਗੁਰੂ ਜੀ ਨੇ ਕ੍ਰਿਪਾ ਕਰ ਕੇ ਗੁਰਮਤਿ ਗਾਡੀ ਰਾਹ ਦੇ ਉਨ੍ਹਾਂ ਨੂੰ ਪਾਂਧੀ ਬਣਾ ਕੇ ਡੁੱਬਣੋਂ ਬਚਾਅ ਲਿਆ। ਗੁਰੂ ਜੀ ਦਾ ਮੁਖਵਾਕ ਹੈ :

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥

(ਬਿਲਾਵਲੁ ਮਹਲਾ ੫, ਪੰਨਾ 802)

ਤਥਾ :

ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥੧॥ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥
ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥
ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥
ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥੪॥

(ਰਾਗ ਆਸਾ ਮਹਲਾ ੫, ਪੰਨਾ 406)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੋ ਪਤਿਤਾਂ ਦਾ ਜ਼ਿਕਰ ਸੰਸਾਰ ਸਾਹਮਣੇ ਉਦਾਹਰਣ ਵਜੋਂ ਰੱਖਦੇ ਹਨ, ਜਿਹੜੇ ਪਹਿਲਾਂ ਅਵਗੁਣਾਂ ਵਿਚ ਡੁੱਬ ਹੀ ਰਹੇ ਸਨ ਪਰ ਜੀਵਨ ਅੰਦਰ ਕੁਝ ਪਲ ਭਗਤੀ ਦੇ ਪ੍ਰਾਪਤ ਹੋਏ ਜਿਸ ਕਰਕੇ ਗ਼ਰਕ ਹੋਣੋਂ ਬਚ ਗਏ। ਇਕ ਹੈ ਅਜਾਮਲ :

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥

(ਸੋਰਠਿ ਮਹਲਾ ੯, ਪੰਨਾ 632)

ਦੂਜੀ ਹੈ ਗਨਿਕਾ :

ਗਨਿਕਾ ਉਧਰੀ ਹਰਿ ਕਹੈ ਭੋਤ ॥ *(ਬਸੰਤੁ ਮਹਲਾ ੫, ਪੰਨਾ 1192)*

ਤਥਾ :

ਗਨਕਾ ਪਾਪਨ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ ॥ *(ਵਾਰ 10, ਪਉੜੀ 21)*

ਚਾਹੇ ਕੋਈ ਮਰਦ ਹੈ ਜਾਂ ਇਸਤਰੀ। ਅਜਾਮਲ ਅਤੇ ਗਨਿਕਾ ਦੇ ਤਰਨ-ਪ੍ਰਸੰਗ ਨੂੰ ਵਿਚਾਰ ਸਾਹਮਣੇ ਰੱਖ ਕੇ ਪ੍ਰੇਰਨਾ ਲੈਣੀ ਹੈ। ਇਸੇ ਲਈ ਇਨ੍ਹਾਂ ਦੇ ਕਥਾ ਪ੍ਰਸੰਗ ਉਦਾਹਰਣ ਮਾਤਰ ਗੁਰੂ ਸਾਹਿਬ ਜੀ ਨੇ ਬਿਆਨ ਕੀਤੇ ਹਨ। ਕੋਈ ਭਵਜਲ ਅੰਦਰ ਡੁੱਬਦਾ ਗ਼ੋਤੇ ਖਾਂਦਾ ਮਨੁੱਖ ਜ਼ਿੰਦਗੀ ਤੋਂ ਨਿਰਾਸ ਹੋ ਕੇ ਆਤਮਘਾਤੀ ਨਾ ਬਣੇ; ਸਗੋਂ ਗੁਰੂ ਪਰਮਾਤਮਾ ਦੀ ਸ਼ਰਨ ਵਿਚ ਮਨ ਨੂੰ ਟਿਕਾ ਕੇ ਸੰਸਾਰ ਸਾਗਰ ਨੂੰ ਤਰ ਲਵੇ। ਗੁਰੂ ਜੀ ਦਾ ਬਚਨ ਹੈ :

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥

(ਸੋਰਠਿ ਮਹਲਾ ੯, ਪੰਨਾ 632)

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਆਪਣੇ ਕਰਮਾਂ ਕਰਕੇ ਤਾਂ ਮਨੁੱਖ ਨੂੰ ਨਰਕਾਂ 'ਚ ਵੀ ਥਾਂ ਨਹੀਂ ਨਸੀਬ ਹੋ ਸਕਦੀ, ਪਰ ਗੁਰੂ ਜੀ ਦੀ ਸ਼ਰਨ ਆਉਣ ਨਾਲ ਸੱਚਖੰਡ ਦੇ ਦਰਵਾਜ਼ੇ ਵੀ ਖੁੱਲ੍ਹ ਜਾਂਦੇ ਹਨ :

ਭਗਤ ਵਛਲ ਸੁਨਿ ਹੋਤ ਹੌ ਨਿਰਾਸ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ ॥
ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ,
ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰਿ ਹੌਂ ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੂਮ,
ਚੰਦਨ ਸੁਗੰਧ ਸਨਬੰਧ ਮਲਗਾਰ ਹੌਂ ॥
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ,
ਤੁਮਰੇ ਬਿਰਦੁ ਕਰਿ ਆਸਰੋ ਸਮ੍ਹਾਰ ਹੌਂ ॥੫੦੩॥ *(ਕਬਿੱਤ ਸਵੱਯੇ)*

ਗੁਰੂ ਕਰੁਣਾ ਨਿਧਾਨ ਹੈ। ਦਇਆ ਦੀ ਮੂਰਤ ਹੈ। ਸ਼ਰਨ ਆਏ ਮਨੁੱਖ ਨੂੰ ਗੁਰੂ ਪਾਰ ਕਰਾਉਣ ਦੀ ਕ੍ਰਿਪਾਲੂ ਦ੍ਰਿਸ਼ਟੀ ਕਰਦੇ ਹਨ :

ਜਿਉ ਪਾਖਾਣੁ ਨਾਵ ਚੜਿ ਤਰੈ ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ *(ਗਉੜੀ ਸੁਖਮਨੀ ਮ: ੫, ਪੰਨਾ 282)*

ਲਹਿਰਾਂ ਤੇ ਤੂਫ਼ਾਨ ਹਮੇਸ਼ਾ ਸਮੁੰਦਰ ਅੰਦਰ ਰਹਿਣਗੇ। ਸਤਿਗੁਰੂ ਜੀ ਦੇ ਲੜ ਲੱਗਿਆਂ ਇਹ ਲਹਿਰਾਂ ਤੇ ਤੂਫ਼ਾਨ ਗੁਰਮੁਖ ਦਾ ਕੁਝ ਨਹੀਂ ਵਿਗਾੜ ਸਕਦੇ। ਨਾਮ ਜਪਦਿਆਂ ਜੀਵਨ ਬੇੜਾ ਪਾਰ ਹੋ ਜਾਂਦਾ ਹੈ। ਪੁਰਾਤਨ ਸਿੱਖ ਇਕ ਦੋਹਰਾ ਬੜੀ ਸ਼ਰਧਾ ਅਤੇ ਸਿਦਕ ਨਾਲ ਅਰਦਾਸ ਉਪਰੰਤ ਪੜ੍ਹਿਆ ਕਰਦੇ ਸਨ :

ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰ।
ਜੋ ਸਰਧਾ ਕਰ ਸੇਂਵਦੇ ਗੁਰੂ ਪਾਰ ਉਤਾਰਨ ਹਾਰ।

ਜੋਤ ਤੇ ਜਾਤ

ਸੰਸਾਰ ਅੰਦਰ ਇੱਕੀਵੀਂ ਸਦੀ ਦੀ ਸ਼ੁਰੂਆਤ ਹੋ ਗਈ ਹੈ, ਪਰ ਅਗਿਆਨਤਾ ਦਾ ਹਨੇਰਾ ਅੱਜ ਤਕ ਵੀ ਆਪਣਾ ਪੂਰਾ ਦਬਦਬਾ ਬਣਾ ਕੇ ਬੈਠਾ ਹੈ। ਸਮਾਜ ਅੰਦਰ ਮਨੁੱਖ ਦੇ ਉੱਚ ਨੀਚ ਦਰਜੇ ਅਜੇ ਤਕ ਵੀ ਕਾਇਮ ਹਨ। ਪੰਦਰ੍ਹਵੀਂ ਸਦੀ ਅੰਦਰ ਗੁਰੂ ਨਾਨਕ ਦੇਵ ਜੀ ਨੇ ਬੁਲੰਦ ਆਵਾਜ਼ ਪ੍ਰਗਟ ਕੀਤੀ ਸੀ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥

(ਆਸਾ ਮਹਲਾ ੧, ਪੰਨਾ 349)

ਜਾਤੀ ਵਿਧਾਨ ਨੇ ਭਾਰਤੀ ਸਮਾਜ ਦੇ ਟੁਕੜੇ-ਟੁਕੜੇ ਕਰ ਕੇ ਮਨੁੱਖ ਨੂੰ ਮਨੁੱਖ ਤੋਂ ਦੂਰ ਕੀਤਾ। ਅਖੌਤੀ ਉੱਚ ਜਾਤੀਆਂ ਦੇ ਮਨਾਂ ਅੰਦਰ ਘਿਰਣਾ ਨੇ ਜਨਮ ਲਿਆ। ਸ਼ੂਦਰ ਕਹੇ ਗਏ ਮਨੁੱਖਾਂ ਨੂੰ ਹੀਣ-ਭਾਵ ਨੇ ਦਬਾ ਲਿਆ :

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1364)

ਕਦੇ-ਕਦੇ ਭਗਤ ਕਬੀਰ ਸਾਹਿਬ ਜੈਸੇ ਸੂਰਮੇ ਭਗਤਾਂ ਨੇ ਸਮਾਜ ਦੀ ਗਲੀ ਸੜੀ ਸੋਚ ਨੂੰ ਵੰਗਾਰਿਆ ਕਿ ਵਿਤਕਰੇ ਬਣਾਉਣ ਵਾਲਿਓ, ਇਕ ਸੁਆਲ ਦਾ ਜੁਆਬ ਤਾਂ ਦਿਓ :

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥ *(ਗਉੜੀ ਕਬੀਰ ਜੀ, ਪੰਨਾ 324)*

ਕਿੱਤਾ-ਵੰਡ ਕਰ ਕੇ ਕਿਰਤੀਆਂ ਨੂੰ ਪੈਰਾਂ ਥੱਲੇ ਮਧੋਲਿਆ ਗਿਆ। ਉਨ੍ਹਾਂ ਦੇ ਸੈਮਾਨ ਨੂੰ ਮਿੱਟੀ ਵਿਚ ਰੋਲਿਆ ਗਿਆ। ਹਜ਼ਾਰਾਂ ਸਾਲ ਬੇਇਤਫ਼ਾਕੀ ਕਰ ਕੇ ਹਿੰਦੋਸਤਾਨ ਨੇ ਗ਼ੁਲਾਮੀ ਦਾ ਨਰਕ ਵੇਖਿਆ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਗ਼ੁਲਾਮੀ ਦਾ ਜੂਲਾ ਉਤਾਰਨ ਵਾਸਤੇ ਗ਼ੈਰਤ ਦਾ ਜੀਵਨ ਮਨੁੱਖ ਦੀ ਝੋਲੀ ਪਾਉਣ ਲਈ ਦਸ ਸਰੂਪ ਪ੍ਰਗਟ ਕੀਤੇ। ਰੱਬੀ ਗਿਆਨ ਅਤੇ ਅਮਲੀ ਕਰਤੱਵ ਰਾਹੀਂ ਗੁਰੂ ਸਾਹਿਬ ਜੀ ਨੇ ਨਵੇਂ ਨਰੋਏ ਸਮਾਜ ਨੂੰ ਸਿਰਜਿਆ, ਜਿਸ ਅੰਦਰ ਜਾਤ ਨਹੀਂ, ਜੋਤ ਨੂੰ ਪ੍ਰਧਾਨਤਾ ਦਿੱਤੀ। ਐਸਾ ਸੁੰਦਰ ਸਮਾਜ, ਜਿਸ ਅੰਦਰ ਰਹਿਣ ਵਾਲਾ ਮਨੁੱਖ ਪੂਰਨ ਬਰਾਬਰਤਾ ਦਾ ਅਹਿਸਾਸ ਮਾਣ ਸਕੇ। ਜਾਤ ਦਾ ਛੋਟਾ ਵੱਡਾ ਹੋਣਾ ਵਿਅਰਥ ਦੀ ਸੋਚਣੀ ਹੈ :

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥ *(ਸਲੋਕ ਮਹਲਾ ੧, ਪੰਨਾ 83)*

ਜਨਮ ਤੋਂ ਜਾਤ ਮੰਨਣ ਵਾਲਿਆਂ ਨੂੰ ਸਤਿਗੁਰੂ ਜੀ ਨੇ ਵੰਗਾਰਿਆ। ਜਾਤ ਜਨਮ ਕਰਕੇ ਨਹੀਂ ਬਲਕਿ ਕਰਮ ਕਰਕੇ ਬਣਦੀ ਹੈ :

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ *(ਪ੍ਰਭਾਤੀ ਮਹਲਾ ੧, ਪੰਨਾ 1330)*

ਗੁਰੂ-ਘਰ ਵੱਲੋਂ ਸੰਗਤ ਪੰਗਤ ਦੀ ਸੰਸਥਾ ਬਰਾਬਰਤਾ ਦਾ ਹੀ ਅਮਲੀ ਪ੍ਰਗਟਾਵਾ ਹੈ। ਹਰਿਮੰਦਰ ਸਾਹਿਬ ਜੀ ਦੇ ਚਾਰੇ ਦਰਵਾਜ਼ੇ ਗੁਰੂ ਜੋਤ ਵੱਲੋਂ ਸਮਾਨਤਾ ਅਤੇ ਬਰਾਬਰਤਾ ਦੀ ਗਵਾਹੀ ਵਜੋਂ ਹਨ। ਕੋਈ ਮਨੁੱਖ ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਆਵੇ, ਹਰਿਮੰਦਰ ਸਾਹਿਬ ਅੰਦਰੋਂ ਪ੍ਰਗਟ ਹੋ ਰਹੀ ਬਖ਼ਸ਼ਿਸ਼ ਹਰ ਪ੍ਰਾਣੀ-ਮਾਤਰ ਵਾਸਤੇ ਸਾਂਝੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਵੰਡਣ ਸਮੇਂ ਹਰ ਵਰਗ ਦੇ ਮਨੁੱਖ ਨੂੰ ਆਵਾਜ਼ਾ ਦਿੱਤਾ। ਖੱਤਰੀਆਂ ਵਿੱਚੋਂ ਭਾਈ ਦਇਆ ਰਾਮ ਆਏ। ਜੱਟਾਂ ਵਿੱਚੋਂ ਭਾਈ ਧਰਮ ਚੰਦ ਉਠੇ। ਛੀਂਬਿਆਂ ਵਿੱਚੋਂ ਭਾਈ ਮੁਹਕਮ ਚੰਦ ਪੇਸ਼ ਹੋਏ। ਝੀਵਰਾਂ ਵਿੱਚੋਂ ਭਾਈ ਹਿੰਮਤ ਰਾਏ ਸਨਮੁਖ ਖਲੋਤੇ ਅਤੇ ਨਾਈਆਂ ਵਿੱਚੋਂ ਭਾਈ ਸਾਹਿਬ ਚੰਦ ਸਤਿਗੁਰੂ ਜੀ ਪਾਸ ਪਹੁੰਚੇ। ਸਤਿਗੁਰੂ ਜੀ ਨੇ ਅੰਮ੍ਰਿਤ ਦਾਤ ਬਖ਼ਸ਼ਿਸ਼ ਕਰ ਕੇ ਖ਼ਾਲਸਾਈ ਪਦਵੀ ਬਖ਼ਸ਼ੀ। ਸਿੱਖ ਵਿਸ਼ੇਸ਼ਣ ਨਾਲ ਨਿਵਾਜਿਆ। ਫਿਰ ਬਰਾਬਰਤਾ ਦਾ ਇਕ ਹੋਰ ਇਨਕਲਾਬੀ ਕਰਮ ਪ੍ਰਗਟ ਕੀਤਾ। ਇਹਨਾਂ ਪੰਜਾਂ ਪਿਆਰਿਆਂ ਪਾਸੋਂ ਆਪ ਵੀ ਅੰਮ੍ਰਿਤ ਪ੍ਰਾਪਤ ਕਰ ਕੇ ਗੁਰੂ ਚੇਲੇ ਦੀ ਅਭੇਦਤਾ ਪ੍ਰਤੱਖ ਜ਼ਾਹਰੀ ਕਲਾ ਰਾਹੀਂ ਦਰਸਾਈ। ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਅਖਵਾਏ।

ਅਗਰ ਹਰੇਕ ਮਨੁੱਖ ਇਸ ਸੱਚਾਈ ਨੂੰ ਜਾਣ ਸਕੇ ਕਿ ਇਕ ਰੱਬੀ ਨੂਰ ਦਾ ਹੀ ਹਰ ਪ੍ਰਾਣੀ ਅੰਦਰ ਜਲਵਾ ਹੈ ਤਾਂ ਸੰਸਾਰ ਹੀ ਬਹਿਸ਼ਤ, ਸਵਰਗ ਨਜ਼ਰ ਆਉਣ ਲੱਗੇਗਾ। ਫਿਰ ਮਨਾਂ ਅੰਦਰ ਨਫ਼ਰਤ ਨਹੀਂ, ਪ੍ਰੇਮ ਦੀ ਵਰਖਾ ਹੋਵੇਗੀ। ਸੁਆਰਥ ਨਹੀਂ, ਸੇਵਾ ਭਾਵ ਜਨਮ ਲਵੇਗਾ। ਸਾਰੀਆਂ ਦਵੈਤ ਦੀਆਂ ਦੀਵਾਰਾਂ ਢਹਿ-ਢੇਰੀ ਹੋ ਜਾਣਗੀਆਂ। ਹਰ ਜਾਤ ਅੰਦਰ ਜੋਤ ਪ੍ਰਭੂ ਦੀ ਵੱਸ ਰਹੀ ਹੈ :

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥

(ਸਲੋਕ ਮਹਲਾ ੧, ਪੰਨਾ 469)

ਪ੍ਰਭੂ ਦੀ ਦਰਗਾਹ ਅੰਦਰ ਜਾਤ, ਨਸਲ, ਗੋਤ, ਧਰਮ ਨਹੀਂ ਵੀਚਾਰੇ ਜਾਂਦੇ। ਉਥੇ ਤਾਂ ਮਨੁੱਖ ਦੇ ਕਰਮਾਂ (ਕਰਨੀ) ਨੂੰ ਵਾਚਿਆ ਜਾਂਦਾ ਹੈ :

ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥ *(ਜਪੁਜੀ)*

ਤਥਾ :

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ *(ਮ: ੨, ਪੰਨਾ 146)*

ਭਗਤੀ ਦੀਆਂ ਸਿਖਰਾਂ ਨੂੰ ਛੂਹਣ ਵਾਲੇ ਭਗਤ ਸ਼ੋਮਣੀ ਕਬੀਰ ਜੀ ਨੇ ਦੁਆਪਰ ਯੁਗ ਦੀ ਇਕ ਗਾਥਾ ਦਾ ਵਰਣਨ ਕੀਤਾ ਹੈ। ਰਾਜੇ ਦੁਰਜੋਧਨ ਦੇ ਮਹਿਲਾਂ ਅਤੇ ਵਿਖਾਵਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਨਜ਼ਰ-ਅੰਦਾਜ਼ ਕਰ ਦਿੱਤਾ। ਰਸਦਾਇਕ ਪਕਵਾਨਾਂ

ਦੀ ਚਾਹਤ ਨਾ ਪ੍ਰਗਟਾਈ, ਕਿਉਂਕਿ ਦੁਰਜੋਧਨ ਦੇ ਮਨ ਅੰਦਰ ਵਡੱਤਣ ਦਾ ਮਾਣ ਸੀ। ਜਿਥੇ ਹਉਮੈ, ਵਿਖਾਵਾ ਤੇ ਫ਼ਰੇਬ ਹੋਵੇ, ਉਥੇ ਪਰਮਾਤਮਾ ਅਤੇ ਪਰਮਾਤਮਾ ਦੇ ਪਿਆਰੇ ਆਪਣੀ ਪ੍ਰਸੰਨਤਾ ਪ੍ਰਗਟ ਨਹੀਂ ਕਰਦੇ। ਨਿਮਰਤਾ ਤੇ ਪਿਆਰ ਦੀ ਮਿਠਾਸ ਨਾਲ ਭਰੇ ਹਿਰਦਿਆਂ ਅੰਦਰ ਪ੍ਰਭੂ ਦੀ ਮਿਹਰ ਟਿਕਦੀ ਹੈ।

ਪਾਣੀ ਹਮੇਸ਼ਾ ਨੀਵੇਂ ਟੋਏ ਵਿਚ ਇਕੱਠਾ ਹੁੰਦਾ ਹੈ। ਉੱਚੇ ਟਿੱਬੇ ਖ਼ਾਲੀ ਤੇ ਸੁੱਕੇ ਰਹਿ ਜਾਂਦੇ ਹਨ। ਬੱਦਲਾਂ ਦਾ ਪਾਣੀ ਉੱਚੇ ਥਾਵਾਂ 'ਤੇ ਨਹੀਂ ਰੁਕਦਾ। ਬਿਦਰ, ਜਿਸ ਨੂੰ ਉੱਚ ਜਾਤੀ ਦੇ ਲੋਕਾਂ ਪਰੇ ਕਰ ਛੱਡਿਆ ਸੀ, ਸ੍ਰੀ ਕ੍ਰਿਸ਼ਨ ਜੀ ਉਸ ਪਾਸ ਰਾਤ ਭਰ ਬੈਠੇ ਰਹੇ। ਉਸ ਦੇ ਪਿਆਰ ਨੂੰ ਪ੍ਰਵਾਨ ਚੜ੍ਹਾਇਆ। ਦੁਰਜੋਧਨ ਨੂੰ ਸਾਫ਼ ਜੁਆਬ ਦੇ ਛੱਡਿਆ :

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥

(ਰਾਗ ਮਾਰੂ, ਬਾਣੀ ਕਬੀਰ ਜੀ, ਪੰਨਾ 1105)

ਉਪਰੋਕਤ ਸ਼ਬਦ ਰਾਹੀਂ ਭਗਤ ਕਬੀਰ ਜੀ ਨੇ ਪ੍ਰਭੂ ਪਰਮਾਤਮਾ ਦਾ ਸੁਭਾਅ ਦਰਸਾਇਆ ਹੈ। ਪਰਮਾਤਮਾ ਦੀ ਦਰਗਾਹ ਅੰਦਰ ਜਾਤ ਨੂੰ ਕਦਾਚਿਤ ਨਹੀਂ ਮੰਨਿਆ ਜਾਂਦਾ :

ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥

(ਰਾਗ ਮਾਰੂ, ਬਾਣੀ ਕਬੀਰ ਜੀ, ਪੰਨਾ 1105)

ਦਰਦੇ-ਦਿਲ ਗੁਰੂ ਨਾਨਕ ਦੇਵ ਜੀ ਨੇ ਤਾਂ ਐਲਾਨੀਆ ਕਹਿ ਦਿੱਤਾ ਕਿ ਸਾਡੀ ਸਾਂਝ ਉਨ੍ਹਾਂ ਪ੍ਰਾਣੀਆਂ ਨਾਲ ਹੈ, ਜਿਨ੍ਹਾਂ ਨੂੰ ਸੁਆਰਥੀ ਅਤੇ ਹੰਕਾਰੀਆਂ ਨੇ ਦੁਰਕਾਰਿਆ ਅਤੇ ਲਤਾੜਿਆ ਹੈ। ਪ੍ਰਭੂ ਦੀ ਨਦਰ ਉਥੇ ਹੁੰਦੀ ਹੈ ਜਿਥੇ ਮਜ਼ਲੂਮਾਂ ਨੂੰ ਸੰਭਾਲਿਆ ਜਾਂਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀਰਾਗੁ ਮਹਲਾ ੧, ਪੰਨਾ 15)

ਭਾਈ ਲਾਲੋ ਜੀ ਕਿਰਤੀ ਪੁਰਸ਼ ਸਨ। ਉਚ ਜਾਤੀ ਲੋਕਾਂ ਨੇ ਉਨ੍ਹਾਂ ਨੂੰ ਦਰਜਾਬੰਦੀ ਕਰ ਕੇ ਸਮਾਜ ਦੇ ਹੇਠਲੇ ਵਰਗ ਵਿਚ ਬਿਠਾਇਆ ਹੈ। ਸਤਿਗੁਰੂ ਜੀ ਆਪ ਚੱਲ ਕੇ ਉਸ ਦੇ ਘਰ ਕਈ ਵਾਰ ਭਾਗ ਲਾਉਣ ਗਏ। ਜ਼ਾਤੀ ਅਭਿਮਾਨ ਵਿਚ ਜਲੇ ਮਲਕ ਭਾਗੋ ਤੇ ਉਸ ਦੇ ਸਾਥੀ ਉਦੋਂ ਪਾਣੀ ਪਾਣੀ ਹੋ ਗਏ, ਜਦ ਭਾਈ ਲਾਲੋ ਦੀ ਸੁੱਚੀ ਕਿਰਤ ਦੇ ਕਦਰਦਾਨ ਗੁਰੂ ਨਾਨਕ ਦੇਵ ਜੀ ਨੇ ਸੁੱਚੀ ਕਿਰਤ ਨੂੰ ਦੁੱਧ

ਵਾਂਗ ਪਵਿੱਤਰ ਤੇ ਸਵੱਛ ਦਰਸਾਇਆ, ਪਰ ਜ਼ੋਰੋ-ਜਬਰ ਦੂਜਿਆਂ ਦਾ ਹੱਕ ਖੋਹ ਕੇ, ਵੱਢੀਖ਼ੋਰੀ ਰਾਹੀਂ ਇਕੱਠੇ ਕੀਤੇ ਧਨ ਦੇ ਰਾਹੀਂ ਬਣਾਏ ਪਕਵਾਨ ਡੁੱਲ੍ਹੇ ਖ਼ੂਨ ਵਾਂਗ ਘਿਰਣਤ ਸਿੱਧ ਕੀਤੇ। ਗੁਰੂ ਜੀ ਨੇ ਫ਼ੁਰਮਾਨ ਕੀਤਾ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

(ਸਲੋਕ ਮਹਲਾ ੧, ਪੰਨਾ 140)

ਸੁੱਚੀ ਕਿਰਤ ਨੂੰ ਹੜੱਪਣ ਵਾਲੇ ਮਨੁੱਖਾ-ਖ਼ੂਨ ਪੀਣ ਵਾਲੇ ਦਰਿੰਦੇ ਸਾਬਤ ਹੁੰਦੇ ਹਨ।

ਲਤਾੜੇ ਤੇ ਪਛਾੜੇ ਪ੍ਰਾਣੀਆਂ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਬੇਅੰਤ ਨਿਵਾਜ਼ਸ਼ਾਂ ਕਰ ਦਿੱਤੀਆਂ। ਉਨ੍ਹਾਂ ਨੂੰ ਧਰਤੀ ਤੋਂ ਚੁੱਕ ਕੇ ਅਰਸ਼ ਤਕ ਪਹੁੰਚਾਇਆ। ਸਮਾਜਕ ਨਾ-ਬਰਾਬਰੀ ਅਤੇ ਰਾਜਨੀਤਕ ਗ਼ੁਲਾਮੀ ਨੂੰ ਗਲੋਂ ਉਤਾਰਨ ਲਈ ਪਿੜ ਤਿਆਰ ਕਰ ਦਿੱਤਾ। ਸਰਦਾਰੀਆਂ ਦਾ ਮਰਤਬਾ ਬਖ਼ਸ਼ਿਆ। ਇਕ ਪੰਜਾਬੀ ਦਾ ਕਵੀ ਲਿਖਦਾ ਹੈ :

ਨੀਚ ਨੀਚ ਆਖ ਕੇ ਅਛੂਤ ਦੁਰਕਾਰਿਆਂ ਨੂੰ,
ਕੌਣ ਚੁੱਕ ਪੁੱਤਾਂ ਵਾਂਗ ਛਾਤੀ ਨਾਲ ਲਾਉਂਦਾ।
ਇਕ ਘਰ ਹੋਣ ਜਿਥੇ ਬਾਰਾਂ ਚੁੱਲ੍ਹੇ ਵੱਖ-ਵੱਖ,
ਕੌਣ ਉਨ੍ਹਾਂ ਇਕ ਭਾਂਡੇ ਅੰਮ੍ਰਿਤ ਪਿਆਉਂਦਾ।
ਬਿਨਾਂ ਘਰ ਧਰ ਜਿਹੜੇ ਫਿਰਨ 'ਵ੍ਰਿਜੇਸ਼ ਹਰਿ',
ਕੌਣ ਤਿਨ੍ਹਾਂ ਰਾਜ ਦੇ ਸਿੰਘਾਸਨ ਬਹਾਉਂਦਾ।
ਹੁੰਦੇ ਕਿਵੇਂ ਚਿੜੇ ਬਾਜ਼, ਗਿੱਦੜੋਂ ਬੱਬਰ ਸ਼ੇਰ,
ਚਿੱਟੇ ਬਾਜ਼ਾਂ ਵਾਲਾ ਜੇ ਨਾ ਜੱਗ ਵਿਚ ਆਉਂਦਾ।

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਉਨ੍ਹਾਂ ਦੀ ਅਦੁੱਤੀ ਗੁਰ-ਸੇਵਾ ਵਜੋਂ 'ਰੰਘਰੇਟਾ ਗੁਰੂ ਕਾ ਬੇਟਾ' ਦਾ ਮਾਣ ਬਖ਼ਸ਼ਿਆ। ਚਾਲਾਕ ਅਤੇ ਸੁਆਰਥੀ ਲੋਕਾਂ ਨੇ ਸ਼ਸਤਰ ਅਤੇ ਸ਼ਾਸਤਰ 'ਤੇ ਆਪਣਾ ਕਬਜ਼ਾ ਬਣਾ ਕੇ ਰੱਖਿਆ ਸੀ। ਬਈ ਸ਼ੂਦਰ ਨਾ ਧਾਰਮਿਕ ਸਥਾਨ ਉੱਤੇ ਆ ਸਕਦਾ ਹੈ ਅਤੇ ਨਾ ਹੀ ਧਰਮ ਗ੍ਰੰਥ ਪੜ੍ਹ ਸਕਦਾ ਹੈ, ਨਾ ਹੀ ਸ਼ਸਤਰ ਫੜਨ ਦਾ ਅਧਿਕਾਰੀ ਹੈ।

ਸ੍ਰੀ ਗੁਰੂ ਨਾਨਕ ਜੋਤ ਨੇ ਵਰਨ ਵੰਡ ਵਾਲਿਆਂ ਦੀ ਅਜ਼ਾਰੇਦਾਰੀ ਤੋੜ ਕੇ ਰੱਖ ਦਿੱਤੀ। ਧਰਮ ਮੰਦਰ ਹਰ ਪ੍ਰਾਣੀ ਲਈ ਉਸਾਰ ਦਿੱਤੇ। ਧਰਮ-ਗ੍ਰੰਥਾਂ ਦਾ ਉਪਦੇਸ਼ ਹਰ ਮਨੁੱਖ ਦੇ ਕਲਿਆਣ ਵਾਸਤੇ ਪ੍ਰਗਟ ਕਰ ਦਿੱਤਾ। ਗੁਰੂ ਬਚਨ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥

(ਸੂਹੀ ਮਹਲਾ ੫, ਪੰਨਾ 747)

ਸ਼ਸਤਰਾਂ ਨਾਲ ਸੈ-ਰੱਖਿਆ ਦਾ ਅਧਿਕਾਰ ਹਰ ਪ੍ਰਾਣੀ ਨੂੰ ਬਖ਼ਸ਼ਿਆ। ਸਾਂਝੀਵਾਲਤਾ ਤੇ ਭਰਾਤਰੀ-ਭਾਵ ਵਾਲੇ ਨਿਰੋਏ ਸਮਾਜ ਨੂੰ ਤਿਆਰ ਕੀਤਾ ਗਿਆ। ਕਿਸੇ ਖ਼ਾਸ ਵਰਗ ਅੰਦਰ ਜਨਮ ਲੈ ਕੇ ਕੋਈ ਭਗਤ ਬਣਨ ਦਾ ਅਧਿਕਾਰ ਨਹੀਂ

ਪ੍ਰਾਪਤ ਹੋ ਜਾਂਦਾ। ਜਿਹੜਾ ਮਨੁੱਖ ਵੀ ਪਰਮਾਤਮਾ ਅਤੇ ਉਸ ਦੀ ਖ਼ਲਕਤ ਨਾਲ ਪਿਆਰ ਦੀ ਸਾਂਝ ਪਾਉਂਦਾ ਹੈ, ਉਹੋ ਪਰਮਾਤਮਾ ਨੂੰ ਪਿਆਰਾ ਲੱਗਦਾ ਹੈ। ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥

(ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 1293)

ਕਬੀਰ ਸਾਹਿਬ ਜੀ ਆਪਣੇ ਬਾਰੇ ਸਪੱਸ਼ਟ ਆਖਦੇ ਹਨ :

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1368)

ਵਾਹਿਗੁਰੂ ਜੀ ਨੂੰ ਮਿਲਣ ਵਿਚ ਜਾਤ ਰੁਕਾਵਟ ਨਹੀਂ ਹੈ, ਸਗੋਂ ਜਾਤ ਦਾ ਅਹੰਕਾਰ ਰੁਕਾਵਟ ਹੈ। ਇਸ ਲਈ ਸਤਿਪੁਰਸ਼ਾਂ ਨੇ ਜੋਤ ਦੀ ਮਹਾਨਤਾ ਪ੍ਰਗਟਾਈ ਹੈ। ਜਾਤੀ ਵਿਧਾਨ ਦੀ ਨਿਖੇਧੀ ਕੀਤੀ ਹੈ। ਅਗਰ ਮਨੁੱਖ ਇਕ ਜੋਤ ਨੂੰ ਹਰ ਪ੍ਰਾਣੀ ਅੰਦਰ ਵੇਖਣ ਦੀ ਸੋਚ ਬਣਾ ਲਏ ਤਾਂ ਅਨੇਕਾਂ ਝਗੜਿਆਂ ਦਾ ਆਪਣੇ ਆਪ ਅੰਤ ਹੋ ਜਾਵੇਗਾ।

ਗੁਰਮਤਿ ਦੇ ਇਸ ਸਰਬ ਸਾਂਝੇ ਪੈਗਾਮ ਨੂੰ ਵਿਚਾਰਨ ਤੇ ਪ੍ਰਚਾਰਨ ਦੀ ਅਤਿਅੰਤ ਲੋੜ ਹੈ। ਅੱਜ ਦੀਆਂ ਪੰਜਾਬੀ ਅੰਗਰੇਜ਼ੀ ਅਖ਼ਬਾਰਾਂ ਅੰਦਰ ਵਿਆਹਾਂ ਦੇ ਇਸ਼ਤਿਹਾਰਾਂ ਨੂੰ ਵੇਖ ਕੇ ਪਤਾ ਚੱਲਦਾ ਹੈ ਕਿ ਸਿੱਖੀ ਸਿੱਧਾਂਤ ਨੂੰ ਕਿਵੇਂ ਅਰਥਹੀਣ ਕੀਤਾ ਗਿਆ ਹੈ। ਜਿਵੇਂ ਨਾਈ ਸਿੱਖ, ਜੱਟ ਸਿੱਖ, ਝਿਊਰ ਸਿੱਖ, ਮਜ਼੍ਹਬੀ ਸਿੱਖ ਆਦਿ। ਇਸੇ ਤਰ੍ਹਾਂ ਸਰਕਾਰੀ ਕੰਮ ਕਾਜ ਅੰਦਰ ਜਾਤ ਗੋਤ ਨੂੰ ਲਿਖਿਆ ਗਿਆ, ਜੋ ਕਿ ਇਕ ਦੁਖਦਾਇਕ ਪਹਿਲੂ ਹੈ।

ਗੁਰੂ ਨਾਨਕ ਦੇਵ ਜੀ ਵੱਲੋਂ ਸਿਰਜੇ ਸਮਾਜ ਨੂੰ ਉਜਾਗਰ ਕਰਨ ਲਈ ਫਿਰ ਇਕ ਵੱਡੇ ਉੱਦਮ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ, ਜਿਥੇ ਸਿਰਫ਼ ਤੇ ਸਿਰਫ਼ ਜੋਤ ਦਾ ਹੀ ਝਲਕਾਰਾ ਨਜ਼ਰ ਆਵੇ :

ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥ *(ਪਾਤਿਸ਼ਾਹੀ ੧੦)*

ਭਗਤੀ ਦਾ ਪ੍ਰਤਾਪ

ਸ਼੍ਰੋਮਣੀ ਭਗਤ ਕਬੀਰ ਜੀ ਨੇ ਭਗਤੀ ਦਾ ਰਸ ਮਾਨਣ ਵਾਲਿਆਂ ਦੇ ਮੂੰਹ ਨੂੰ ਧੰਨਤਾ ਯੋਗ ਆਖਿਆ ਹੈ, ਜਿਸ ਰਾਹੀਂ ਸਰਬ ਸੁਖ ਦੇਣ ਵਾਲੇ ਪਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ, ਜਿਸ ਦੇ ਸਹਾਰੇ ਵੱਡੇ ਪ੍ਰਭੂ ਦੀਆਂ ਵੱਡੀਆਂ ਵਡਿਆਈਆਂ ਨੂੰ ਗਾਇਆ ਜਾਂਦਾ ਹੈ। ਫਿਰ ਆਪ ਜੀ ਕਹਿੰਦੇ ਹਨ ਕਿ ਮੁੱਖ ਨਾਲ ਨਾਮ ਜਪਣ ਵਾਲਿਆਂ ਦਾ ਆਪਣਾ ਤਾਂ ਕਲਿਆਣ ਹੁੰਦਾ ਹੀ ਹੈ, ਉਨ੍ਹਾਂ ਦੀ ਕਮਾਈ ਕਰਕੇ ਹੋਰ ਅਨੇਕਾਂ ਪ੍ਰਾਣੀਆਂ ਦਾ ਵੀ ਉੱਧਾਰ ਹੁੰਦਾ ਹੈ। ਨਗਰਾਂ ਦੇ ਨਗਰ ਪਵਿੱਤਰ ਹੋ ਜਾਂਦੇ ਹਨ। ਆਪ ਜੀ ਦਾ ਸਲੋਕ ਹੈ :

ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥
ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1370)

ਇਕ ਮੰਨੀ ਪ੍ਰਮੰਨੀ ਸੱਚਾਈ ਹੈ ਕਿ ਇਕ ਦੀ ਕਮਾਈ ਕਰਕੇ ਅਨੇਕਾਂ ਨੂੰ ਲਾਭ ਪ੍ਰਾਪਤ ਹੁੰਦਾ ਹੈ। ਜੈਸੇ ਇਕ ਬੇੜੀ 'ਤੇ ਸਵਾਰ ਹੋ ਕੇ ਅਨੇਕਾਂ ਪ੍ਰਾਣੀ ਪਾਰ ਹੋ ਸਕਦੇ ਹਨ ਅਤੇ ਹੋ ਜਾਂਦੇ ਹਨ। ਇਕ ਕਿਰਸਾਣ ਫ਼ਸਲ ਬੀਜਦਾ ਹੈ, ਅਨੇਕਾਂ ਦਾ ਪੇਟ ਭਰ ਜਾਂਦਾ ਹੈ। ਪਿੰਡ ਵਿਚ ਇਕ ਦੁਕਾਨ ਤੋਂ ਅਨੇਕਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਕ ਖੂਹ ਅਨੇਕਾਂ ਜੀਵਾਂ ਜੰਤਾਂ ਦੀ ਪਿਆਸ ਬੁਝਾ ਦਿੰਦਾ ਹੈ। ਇਕ ਸੂਰਜ ਪਾਸੋਂ ਸਾਰੇ ਸੰਸਾਰ ਨੂੰ ਪ੍ਰਕਾਸ਼ ਤੇ ਨਿੱਘ ਮਿਲਦਾ ਪਿਆ ਹੈ। ਇਸ ਲਈ ਭਗਤ ਜੀ ਨਾਮ ਜਪਣ ਦੀ ਪ੍ਰੇਰਨਾ ਦਿੰਦੇ ਹੋਏ ਜਗਤ ਨੂੰ ਨਾਮ ਅਤੇ ਨਾਮ ਜਪਣ ਵਾਲੇ ਦੀ ਮਹਾਨਤਾ ਅਤੇ ਵਡੱਤਣ ਦੱਸਦੇ ਹਨ। ਨਾਮ-ਰਸੀਆਂ ਨੇ ਆਪਣੇ ਮੁੱਖ ਨੂੰ ਸਿਰਫ਼ ਪਦਾਰਥ ਖਾਣ ਲਈ ਹੀ ਨਹੀਂ ਵਰਤਿਆ, ਇਸ ਦਾ ਸਗੋਂ ਬੰਦਗੀ ਲਈ ਸਦ-ਉਪਯੋਗ ਕੀਤਾ ਹੁੰਦਾ ਹੈ। ਕਈ ਮਨੁੱਖ ਸਿਰਫ਼ ਪਦਾਰਥਾਂ ਨੂੰ ਖਾਣ ਲਈ ਹੀ ਮੂੰਹ ਦੀ ਵਰਤੋਂ ਕਰਦੇ ਹਨ। ਤਾਂ ਮਹਾਰਾਜ ਫ਼ੁਰਮਾਉਂਦੇ ਹਨ, ਐਸੇ ਪ੍ਰਾਣੀਆਂ ਦਾ ਜੀਵਨ ਤੇ ਜਿਊਣਾ ਧ੍ਰਿਗ ਹੀ ਹੈ :

ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥

(ਸਲੋਕ ਮ: ੫, ਪੰਨਾ 523)

ਜਿਸ ਪਰਮਾਤਮਾ ਦਾ ਬਖ਼ਸ਼ਿਆ ਭੋਜਨ ਪਦਾਰਥ ਛਕੀਦਾ ਹੈ, ਉਸ ਤੋਂ ਤਾਂ ਸਦਾ ਬਲਿਹਾਰ ਜਾਣਾ ਚਾਹੀਦਾ ਹੈ :

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥

(ਵਾਰ ਆਸਾ, ਪਉੜੀ, ਪੰਨਾ 474)

ਤਥਾ :

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥

(ਰਾਗ ਸੋਰਠਿ ਵਾਰ ਮਹਲੇ ੪ ਕੀ ਪਉੜੀ, ਪੰਨਾ 652)

ਸੋ ਭਗਤ ਕਬੀਰ ਜੀ ਨਾਮ ਰਸੀਏ ਦੇ ਮੁੱਖ ਨੂੰ ਮਾਣ ਅਤੇ ਸਤਿਕਾਰ ਦਿੰਦੇ ਹਨ। ਕਿਉਂਕਿ ਰੱਬੀ ਨਾਮ ਦਾ ਰੂਹਾਨੀ ਅਨੰਦ ਸਿਰਫ਼ ਜਪਣ ਵਾਲੇ ਨੂੰ ਹੀ ਨਹੀਂ ਮਿਲਦਾ; ਸਗੋਂ ਉਸ ਦੀ ਸੰਗਤ ਕਰ ਕੇ ਅਨੰਤ ਪ੍ਰਾਣੀਆਂ ਦੇ ਹਿਰਦੇ ਵੀ ਨਿਰਮਲ ਤਰੰਗਾਂ ਨਾਲ ਨਿਰਮਲ ਹੋ ਜਾਂਦੇ ਹਨ। ਰਾਗ ਆਸਾ ਅੰਦਰ ਗੁਰੂ ਅਰਜਨ ਦੇਵ ਜੀ ਆਪਣੇ ਪਾਵਨ ਮੁਖਾਰਬਿੰਦ ਤੋਂ ਭਗਤ ਜੀ ਦੇ ਵਿਚਾਰ ਦੀ ਪ੍ਰੌੜ੍ਹਤਾ ਕਰਦੇ ਹਨ :

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਂਈ ॥ *(ਆਸਾ ਮਹਲਾ ੫, ਪੰਨਾ 394)*

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਮ੍ਰਿਤ ਬੋਲ ਜਪੁਜੀ ਸਾਹਿਬ ਅੰਦਰ ਭਾਗਾਂ ਵਾਲੇ ਗੁਰਸਿੱਖ ਰੋਜ਼ਾਨਾ ਪੜ੍ਹਦੇ ਹਨ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ *(ਜਪੁਜੀ)*

ਭਾਈ ਗੁਰਦਾਸ ਜੀ ਨੇ ਰਾਜੇ ਜਨਕ ਦੀ ਗਾਥਾ ਨੂੰ ਏਸੇ ਰੂਪ ਅੰਦਰ ਰੱਖਿਆ ਹੈ। ਰਾਜੇ ਜਨਕ ਦੀ ਪ੍ਰਭੂ-ਭਗਤੀ ਦੇ ਪ੍ਰਤਾਪ ਨਾਲ ਅਨੇਕਾਂ ਨਰਕ ਭੋਗ ਰਹੇ ਜੀਵਾਂ ਦਾ ਉੱਧਾਰ ਹੋਇਆ। ਰਾਜਾ ਜਨਕ ਏਨਾ ਦਇਆਲੂ ਹੋ ਗਿਆ ਕਿ ਉਸ ਨੇ ਧਰਮਰਾਜ ਦੇ ਸਾਹਮਣੇ ਆਪਣੇ ਨਾਮ ਦਾ ਮਹਾਤਮ ਦਰਸਾ ਕੇ ਦੁਖਤ ਰੂਹਾਂ ਦਾ ਉੱਧਾਰ ਕਰਵਾਇਆ :

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ ॥
ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ ॥
ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ ॥
ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ ॥
ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ ॥
ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੇ ਨਿਰਜਾਸੀ ॥
ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ ॥
ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ ॥
ਮੁਕਤਿ ਜੁਗਤਿ ਨਾਵੇ ਦੀ ਦਾਸੀ ॥੫॥੧੦॥ *(ਵਾਰਾਂ, ਭਾਈ ਗੁਰਦਾਸ ਜੀ)*

ਇਕ ਗੁਰਮੁਖ ਦੀ ਘਾਲਣਾ ਕਰਕੇ ਬਹੁਤ ਸਾਰਿਆਂ ਦਾ ਉੱਧਾਰ ਸੰਭਵ ਹੈ। ਕਿਸੇ ਸਾਧੇ ਗੁਰਮੁਖ ਦੀ ਸੰਗਤ ਕਰ ਕੇ ਬਹੁਤਿਆਂ ਦੀ ਜੀਵਨ ਧਾਰਾ ਬਦਲ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤਮਈ ਦ੍ਰਿਸ਼ਟੀ ਅਤੇ ਸੰਗਤ ਰਾਹੀਂ ਜਿਨ੍ਹਾਂ ਜੀਵਾਂ ਦਾ ਆਤਮਿਕ ਜੀਵਨ ਸੰਵਰਿਆ ਅਤੇ ਸਫਲ ਹੋਇਆ, ਉਨ੍ਹਾਂ ਬਾਰੇ ਤਾਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਤਾਰੇ ਗਿਨੇ ਜਾਤ ਹੈਂ ਨਾ ਤਾਰੇ ਗਿਨੇ ਜਾਤ ਹੈਂ।

ਕੌਣ ਗਿਣਤੀ ਕਰੇ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਰਿਆ। ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਸੋਢੀ ਸੁਲਤਾਨ ਨੇ ਗੁਰੂ ਕੇ ਸਿੱਖਾਂ ਦੀ ਵਡਿਆਈ ਦੁਨੀਆ ਸਾਹਮਣੇ ਰੱਖੀ ਹੈ। ਜਿਹੜੇ ਗੁਰਸਿੱਖਾਂ ਨੇ ਗੁਰੂ ਜੀ ਦੇ ਸ਼ਬਦ ਦੀ ਕਮਾਈ ਕਰ ਕੇ ਸਦਾ ਵਿਗਾਸ ਮਾਣਿਆ, ਫਿਰ ਉਨ੍ਹਾਂ ਦੀ ਕਮਾਈ ਤੋਂ ਅਨੇਕਾਂ ਹੋਰ ਪ੍ਰਾਣੀ ਤ੍ਰਿਪਤ ਹੋਏ! ਗੁਰੂ ਬਚਨ ਹੈ :

ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥

(ਆਸਾ ਮਹਲਾ ੪, ਪੰਨਾ 451)

ਨਾਮ ਦੀ ਕਮਾਈ ਨੂੰ ਅਸੰਖ ਕਰੋੜ ਮਨੁੱਖ ਵਰਤਦੇ ਹਨ, ਮੁੱਕਦੀ ਹੀ ਨਹੀਂ। ਗੁਰਵਾਕ ਹੈ :

ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥

(ਗਉੜੀ ਕੀ ਵਾਰ ਮਹਲਾ ੪, ਪੰਨਾ 306)

ਇਕ ਇਤਿਹਾਸਕ ਕਥਾ ਹੈ। ਗੁਆਲੀਅਰ ਦੇ ਕਿਲ੍ਹੇ ਅੰਦਰ ਬਾਦਸ਼ਾਹ ਜਹਾਂਗੀਰ ਵੱਲੋਂ ਬੰਦੀਖ਼ਾਨੇ ਅੰਦਰ ਬੰਦ ਉਮਰ ਕੈਦੀ, ਜੋ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ, ਉਹ ਬਵੰਜਾ ਰਾਜੇ ਮੁਕਤ ਹੋਏ ਤਾਂ ਇਕ ਮਹਾਂਬਲੀ ਮੀਰੀ ਪੀਰੀ ਦੇ ਮਾਲਕ, ਵਡਜੋਧੇ, ਪਰਉਪਕਾਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਤਾਪ ਅਤੇ ਪਰਉਪਕਾਰ ਸਦਕਾ।

ਬਾਦਸ਼ਾਹ ਜਹਾਂਗੀਰ ਨੇ ਜਿਸ ਦਿਨ ਗੁਆਲੀਅਰ ਦੇ ਕਿਲ੍ਹੇ ਵਿਚ ਗੁਰੂ-ਘਰ ਦੇ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਰੂਹਾਨੀ ਅਨੰਦ ਦੇ ਸੋਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭੇਜ ਦਿੱਤਾ, ਤਾਂ ਉਸ ਦਿਨ ਤੋਂ ਹੀ ਕਾਲ ਕੋਠੜੀਆਂ ਅੰਦਰ ਬੰਦ ਉਮਰ ਕੈਦੀਆਂ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਕੋਈ ਈਸ਼ਵਰੀ ਕ੍ਰਿਸ਼ਮਾ ਪ੍ਰਗਟ ਹੋ ਗਿਆ ਹੋਵੇ। ਕੋਈ ਅਰਜ਼ੋਈ ਦਰਗਾਹ ਵਿਚ ਸੁਣੀ ਗਈ ਹੋਵੇ ਤੇ ਭਗਵਾਨ ਆਪ ਉਨ੍ਹਾਂ ਦੀਆਂ ਬੇੜੀਆਂ ਅਤੇ ਹੱਥਕੜੀਆਂ ਖੁਲ੍ਹਵਾਉਣ ਆ ਗਿਆ ਹੋਵੇ। ਸਤਿਗੁਰੂ ਜੀ ਦੇ ਨੂਰਾਨੀ ਅਤੇ ਤੇਜਸਵੀ ਸਰੂਪ ਦੇ ਦਰਸ਼ਨ ਕਰ ਕੇ ਬਵੰਜਾ ਰਾਜਿਆਂ ਦੇ ਮਨ ਤੇ ਤਨ ਸੀਤਲ ਹੋ ਗਏ। ਜਿਵੇਂ ਮੀਂਹ ਪੈਣ ਨਾਲ ਤਪਦੀ ਹੋਈ ਧਰਤੀ ਦੀ ਸਾਰੀ ਤਪਸ਼ ਦੂਰ ਹੋ ਜਾਂਦੀ ਹੈ, ਉਹਨੂੰ ਸੀਤਲਤਾ ਅਤੇ ਤ੍ਰਿਪਤੀ ਵੀ ਮਿਲਦੀ ਹੈ। ਬੰਦੀਖ਼ਾਨਿਆਂ ਅੰਦਰ ਬੰਦ ਉਮਰ ਕੈਦੀਆਂ ਨੂੰ ਕਾਲ ਕੋਠੜੀਆਂ ਦੇ ਕਸ਼ਟ ਵਿਸਰ ਗਏ।

ਗੁਰੂ ਪਿਆਰ ਦਾ ਐਸਾ ਮਹਾਨ ਰੰਗ ਚੜ੍ਹਿਆ ਕਿ ਸਹਿਜੇ-ਸਹਿਜੇ ਮਨ ਦਾ ਸ਼ੀਸ਼ਾ ਵੀ ਸਾਫ਼ ਹੋ ਗਿਆ। ਹਿਰਦੇ ਉੱਤੋਂ ਅਵਗੁਣਾਂ ਦੀ ਮੈਲ ਵੀ ਉਤਰ ਗਈ। ਜਿਵੇਂ ਸੋਨਾ, ਚਾਂਦੀ, ਪਿੱਤਲ, ਲੋਹਾ ਆਦਿ ਅਗਨੀ ਦੇ ਤਾਉ ਨਾਲ ਸਾਫ਼ ਹੋ ਜਾਂਦੇ ਹਨ। ਸਾਰੀ ਮੈਲ ਸੜ ਜਾਂਦੀ ਹੈ। ਗੁਰਵਾਕ ਹੈ :

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

(ਮਃ ੩, ਪੰਨਾ 1380)

ਗੁਰੂ ਕ੍ਰਿਪਾ ਨਾਲ ਜੀਵਨ ਮੁਕਤ ਹੋ ਗਏ ਰਾਜੇ, ਗੁਰੂ ਚਰਨਾਂ ਦੀ ਛੁਹ ਪ੍ਰਾਪਤ ਕਰ ਕੇ। ਸਾਰੇ ਤਾਪ ਸੰਤਾਪ ਦੂਰ ਹੋ ਗਏ :

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਓ ॥
ਹਰਿ ਕੇ ਤਾਪ ਤਨਕ ਮੋ ਹਰਿਓ ॥ *(ਬੇਨਤੀ ਚੌਪਈ, ਪਾ: ੧੦)*

ਫਿਰ ਉਹ ਸੁਭਾਗਾ ਵਕਤ ਵੀ ਆਇਆ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੱਲਾ ਫੜ ਕੇ ਬਵੰਜਾ ਦੇ ਬਵੰਜਾ ਹੀ ਬੰਦੀਖ਼ਾਨੇ ਵਿੱਚੋਂ ਬਾਹਰ ਆ ਗਏ। ਬਵੰਜਾ ਦੀ ਜਗ੍ਹਾ ਸੱਕਰ ਬਵੰਜਾ ਕਰੋੜ ਵੀ ਹੁੰਦੇ ਤਾਂ ਵੀ ਸਤਿਗੁਰੂ ਜੀ ਨੇ ਬੰਦੀਖ਼ਾਨੇ ਅੰਦਰੋਂ ਆਜ਼ਾਦ ਕਰਵਾ ਲੈਣੇ ਸਨ। 'ਬੰਦੀ ਛੋੜ' ਵਿਸ਼ੇਸ਼ਣ ਇਸੇ ਗੌਰਵਮਈ ਪਰਉਪਕਾਰ ਕਰਕੇ ਸਤਿਗੁਰੂ ਜੀ ਦੇ ਪਾਵਨ ਨਾਮ ਨਾਲ ਜੁੜਿਆ ਹੈ। ਇਨ੍ਹਾਂ ਰਾਜਿਆਂ ਦਾ ਉੱਧਾਰ ਇਕ ਸੱਚੇ ਪਾਤਿਸ਼ਾਹ ਸਤਿਗੁਰੂ ਜੀ ਦੀ ਕ੍ਰਿਪਾ ਕਰਕੇ ਹੋਇਆ।

ਹੁਣ ਇਸਵੀਰ ਦਾ ਜੇਕਰ ਦੂਸਰਾ ਪਾਸਾ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਕ ਮਨੁੱਖ ਦੀ ਗ਼ਲਤੀ ਕਰਕੇ ਉਸ ਦੇ ਅਨੇਕਾਂ ਸੰਗੀ ਸਾਥੀ ਦੁਖ ਵੀ ਪਾਉਂਦੇ ਰਹੇ। ਇਕ ਦੁਰਜੋਧਨ ਦੀ ਮੂੜ੍ਹਤਾ ਕਰਕੇ ਸਾਰੇ ਕੌਰਵ ਤਬਾਹ ਹੋ ਗਏ। ਇਕ ਰਾਵਣ ਦੇ ਹਠ ਅਹੰਕਾਰ ਕਰਕੇ ਸਾਰੇ ਲੰਕਾ ਨਿਵਾਸੀਆਂ ਨੂੰ ਦੁਖ ਕਸ਼ਟ ਭੋਗਣ ਲਈ ਮਜਬੂਰ ਹੋਣਾ ਪਿਆ।

ਇਕ ਹੋਰ ਦਿਲ ਕੰਬਾਊ ਗਾਥਾ—ਜਿਸ ਨੂੰ ਹਿੰਦੋਸਤਾਨ ਦਾ ਮਨੁੱਖ ਭੁੱਲ ਚੁੱਕਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਮਾਸਪੁਰੀ ਦੇ ਨਕਸ਼ੇ ਨੂੰ ਅਜੇ ਵੀ ਆਪਣੇ ਪਾਸ ਸੰਭਾਲ ਕੇ ਰੱਖਿਆ ਹੈ ਕਿ ਕਿਵੇਂ ਇਕ ਐਸ਼ੋ-ਇਸ਼ਰਤ ਅਤੇ ਦੁਰਾਚਾਰ ਅੰਦਰ ਮਸਤ ਹਾਕਮ ਦੀ ਕੁਮਤ ਕਰਕੇ ਸੈਦਪੁਰ (ਏਮਨਾਬਾਦ) ਦੇ ਨਿਵਾਸੀਆਂ ਤੇ ਹੋਰ ਅਨੇਕਾਂ ਮਨੁੱਖਾਂ ਨੇ ਖ਼ੂਨ ਦੀਆਂ ਨਦੀਆਂ ਵਗਦੀਆਂ ਵੇਖੀਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਸਾਰੇ ਸਾਕੇ ਨੂੰ ਅੱਖੀਂ ਵੇਖਿਆ, ਪਿੰਡੇ ਹੰਢਾਇਆ ਅਤੇ ਖ਼ੂਨ ਦੇ ਸੋਹਲਿਆਂ ਦੀ ਦਰਦੀਲੀ ਗਾਥਾ ਲਿਖੀ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
(ਤਿਲੰਗ ਮਹਲਾ ੧, ਪੰਨਾ 722)

ਗੁਰੂ ਜੀ ਨੇ ਇਸ ਗਾਥਾ ਰਾਹੀਂ ਰੱਬੀ ਕਾਨੂੰਨ ਦੀ ਵਿਚਾਰ ਦੱਸ ਕੇ ਵਕਤ ਦੇ ਲੋਧੀ ਹਾਕਮ ਦੀ ਮੂੜ੍ਹਤਾ ਤੇ ਮੂਰਖਤਾ ਦਾ ਜ਼ਿਕਰ ਕਲਾਤਮਿਕ ਰੂਪ ਨਾਲ ਕੀਤਾ ਹੈ। ਹਾਕਮਾਂ ਅਤੇ ਖ਼ਲਕਤ ਵੱਲੋਂ ਯਾਦਿ-ਖ਼ੁਦਾ ਵੱਲੋਂ ਗ਼ਾਫ਼ਲ ਹੋਣ ਦੀ ਕਹਾਣੀ ਵਰਣਨ ਕੀਤੀ ਹੈ। ਸੱਤਾ ਦੇ ਨਸ਼ੇ ਅੰਦਰ ਹਾਕਮ ਕਿਵੇਂ ਮਨਮਾਨੀਆਂ ਕਰਦੇ ਹਨ, ਬਿਪਤਾਵਾਂ ਲੋਕਾਂ ਲਈ ਸਹੇੜਦੇ ਹਨ। ਹੈਂਕੜਬਾਜ਼ ਹਾਕਮਾਂ ਦੀਆਂ ਨਾਦਾਨੀਆਂ, ਮਨਮਾਨੀਆਂ ਅਤੇ ਖ਼ੁਮਾਰੀਆਂ ਦਾ ਸ਼ਾਬਦਿਕ ਚਿੱਤਰ ਚਿੱਤਰਿਆ ਹੈ।

ਸਤਿਗੁਰੂ ਜੀ ਨੇ ਇਸ ਜ਼ੁਲਮੋ-ਸਿਤਮ ਨੂੰ ਪਾਪ ਦੀ ਜੰਞ ਦਾ ਨਾਂ ਦਿੱਤਾ ਹੈ। ਇਸ ਖ਼ੂਨੀ ਸਾਕੇ ਦਾ ਵਰਣਨ ਸਤਿਗੁਰੂ ਜੀ ਨੇ ਚਾਰ ਸ਼ਬਦਾਂ ਅੰਦਰ ਕੀਤਾ ਹੈ। ਸੰਸਾਰੀ

ਹਾਕਮਾਂ ਅਤੇ ਲੋਕਾਈ ਨੂੰ ਗ਼ਾਫ਼ਲਤ ਦੀ ਨੀਂਦ ਵਿੱਚੋਂ ਝੰਜੋੜ ਕੇ ਜਗਾਉਣ ਦੀ ਕ੍ਰਿਪਾਲਤਾ ਕੀਤੀ ਹੈ, ਤਾਕਿ ਅਗਾਂਹ ਤੋਂ ਕੋਈ ਹਾਕਮ ਕੂੜੀ ਸੱਤਾ ਦੇ ਨਸ਼ੇ ਅੰਦਰ ਗ਼ਲਤਾਨ ਨਾ ਹੋਇਆ ਰਹੇ। ਤਰਸ ਕੀਤਾ ਹੈ ਗੁਰੂ ਜੀ ਨੇ ਸੱਤਾਧਾਰੀਆਂ ਉੱਤੇ ਕਿ ਜਦੋਂ ਸਿੰਘਾਸਣ 'ਤੇ ਬੈਠੋ ਤੇ ਸੱਤਾ ਪ੍ਰਾਪਤ ਕਰੋ ਤਾਂ ਰੰਗ-ਤਮਾਸ਼ਿਆਂ ਅਤੇ ਐਸ਼ੋ-ਇਸ਼ਰਤ ਦੇ ਸਮੁੰਦਰਾਂ ਵਿਚ ਡੁੱਬ ਨਾ ਜਾਇਓ; ਸਗੋਂ ਤਾਕਤ ਦੇਣ ਵਾਲੇ ਪ੍ਰਭੂ ਦੇ ਨਿਰਮਲ ਭਉ ਨਾਲ ਹਿਰਦੇ ਨੂੰ ਧੋ ਕੇ ਸਵੱਛ ਕਰ ਲੈਣਾ। ਫਿਰ ਖ਼ਾਲਕ ਦੀ ਖ਼ਲਕਤ ਲਈ ਪਰਉਪਕਾਰੀ ਬਿਰਤੀਆਂ ਬਣਾ ਲੈਣੀਆਂ। ਖ਼ਲਕਤ ਦੀ ਸੇਵਾ ਕਰਕੇ ਬਖ਼ਸ਼ਿੰਦ ਵਾਹਿਗੁਰੂ ਦੀ ਦਰਗਾਹ ਅੰਦਰ ਮੁੱਖ ਉਜਲਾ ਲੈ ਕੇ ਸੁਰਖ਼ਰੂ ਹੋ ਜਾਣਾ। ਰੰਗ-ਤਮਾਸ਼ਿਆਂ ਅੰਦਰ ਫਸੇ ਹਾਕਮ ਐਸ਼ੋ-ਇਸ਼ਰਤ ਦਾ ਜ਼ਹਿਰ ਚੱਖ ਕੇ ਸਦਾ ਖ਼ਾਕ ਹੀ ਹੁੰਦੇ ਰਹੇ ਹਨ :

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
(ਆਸਾ ਮਹਲਾ ੧, ਪੰਨਾ 417)

ਜਦ ਜ਼ਿੰਮੇਵਾਰ ਵਿਅਕਤੀ ਜ਼ਿੰਮੇਵਾਰੀਆਂ ਤੋਂ ਅਵੇਸਲਾ ਹੁੰਦਾ ਹੈ ਤਾਂ ਦੁੱਖਾਂ ਦਾ ਅਲਾਰਮ ਵੱਜਣ ਲੱਗ ਪੈਂਦਾ ਹੈ। ਮਹਾਰਾਜ ਫ਼ੁਰਮਾਉਂਦੇ ਹਨ ਕਿ ਹਾਕਮ ਰੰਗ-ਤਮਾਸ਼ਿਆਂ ਤੇ ਪਿਆਲਿਆਂ ਦੀ ਮਸਤੀ ਅੰਦਰ ਚਿੱਤ ਲਗਾ ਬੈਠੇ ਸਨ। ਤਦ ਬਾਬਰ ਜਮਦੂਤ ਬਣ ਕੇ ਆ ਧਮਕਿਆ :

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
(ਆਸਾ ਮਹਲਾ ੧, ਪੰਨਾ 360)

ਧੰਨ ਗੁਰੂ ਨਾਨਕ ਦੇਵ ਜੀ ਦਰਦੇ-ਦਿਲ ਇਸ ਸਮੇਂ ਸੈਦਪੁਰ ਵਿਖੇ ਹੀ ਸਨ ਅਤੇ ਵਿਲਕਦੇ ਰੋਂਦੇ ਕੁਰਲਾਉਂਦੇ ਲੋਕਾਂ ਨੂੰ ਧੀਰਜ ਦੀਆਂ ਪੱਟੀਆਂ ਬੰਨ੍ਹ ਰਹੇ ਸਨ। ਸੈਦਪੁਰ ਤਾਂ ਮਾਸਪੁਰੀ ਬਣ ਚੁੱਕਾ ਸੀ। ਹਰ ਪਾਸੇ ਕੱਟੇ ਵੱਢੇ ਲੋਕਾਂ ਦਾ ਅਤੇ ਸਿਪਾਹੀਆਂ ਦਾ ਮਾਸ ਬਿਖਰਿਆ ਪਿਆ ਸੀ। ਭਾਈ ਲਾਲੋ ਜੀ ਜੈਸੇ ਨੇਕ ਪਾਕ ਇਨਸਾਨ ਇਸ ਸਾਕੇ ਦਾ ਸੇਕ ਹੰਢਾ ਰਹੇ ਸਨ। ਹਜ਼ਾਰਾਂ ਕੈਦੀ ਬਾਬਰ ਦੀ ਕੈਦ ਅੰਦਰੋਂ ਗੁਰੂ ਨਾਨਕ ਦੇਵ ਜੀ ਨੇ ਛੁਡਾਏ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਇਸ ਕਰੁਣਾਮਈ ਸਾਕੇ ਦੇ ਸਬੰਧ ਵਿਚ 'ਪੁਰਾਤਨ ਜਨਮ ਸਾਖੀ' ਦੇ ਬੋਲ ਲਿਖੇ ਹਨ :

ਜਦ ਭਾਈ ਮਰਦਾਨਾ ਜੀ ਨੇ ਏਮਨਾਬਾਦ (ਸੈਦਪੁਰ) ਦਾ ਕਤਲੇਆਮ ਹੁੰਦਾ ਡਿੱਠਾ ਤਾਂ ਉਨ੍ਹਾਂ ਨੂੰ ਸ਼ੰਕਾ ਉਪਜਿਆ ਕਿ ਇਤਨੇ ਬੇਦੋਸ਼ੇ ਕਿਉਂ ਮਾਰੇ ਗਏ ? ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੇ ਸ਼ੰਕੇ ਦਾ ਉੱਤਰ ਦੇਣ ਦੀ ਬਜਾਏ ਭਾਈ ਮਰਦਾਨੇ ਨੂੰ ਕਿਹਾ ਕਿ ਸਾਹਮਣੇ ਵਾਲੇ ਰੁੱਖ ਦੇ ਹੇਠਾਂ ਬੈਠ ਜਾਏ। ਭਾਈ ਮਰਦਾਨਾ

ਜੀ ਬਚਨ ਮੰਨ ਕੇ ਅਜੇ ਬੈਠੇ ਹੀ ਸਨ ਕਿ ਅੱਖ ਲੱਗ ਗਈ (ਕੁਝ ਥਕੇਵੇਂ ਕਰਕੇ)। ਕੀੜਿਆਂ ਦੇ ਭੌਣ ਵਿੱਚੋਂ ਇਕ ਨੇ ਸੁੱਤੇ ਪਏ ਭਾਈ ਮਰਦਾਨੇ ਨੂੰ ਡੰਗ ਮਾਰਿਆ। ਭਾਈ ਮਰਦਾਨੇ ਨੇ ਇਕ ਝਟਕੇ ਨਾਲ ਸਾਰੀਆਂ ਕੀੜੀਆਂ ਨੂੰ ਮਸਲ ਦਿੱਤਾ। ਤਾਂ ਬਾਬੇ ਕਿਹਾ—ਮਰਦਾਨਿਆ! ਇਹ ਕੀ?

ਮਹਾਰਾਜ! ਇਕ ਨੇ ਮੈਨੂੰ ਡੰਗ ਮਾਰਿਆ ਸੀ—ਮਰਦਾਨੇ ਦਾ ਉੱਤਰ ਸੀ। ਫਿਰ ਉਸ ਇਕ ਨੂੰ ਮਾਰਨਾ ਸੀ, ਜਿਸ ਨੇ ਤੈਨੂੰ ਕੱਟਿਆ ਸੀ। ਬੇਦੋਸ਼ੀਆਂ ਨੂੰ ਕਿਉਂ ਮਾਰਿਆ? ਮਹਾਰਾਜ ਨੇ ਤਰਕ ਕੀਤਾ। ਤਾਂ ਮਰਦਾਨੇ ਨੇ ਹੱਥ ਜੋੜ ਕੇ ਕਿਹਾ—ਪਿੱਛੇ ਜੋ ਮਾੜੇ ਦੇ ਲੱਗੀਆਂ ਸਨ, ਮਰਨਾ ਹੀ ਸੀ।

ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ—ਇਵੇਂ ਹੀ ਮਰਦੀ ਆਈ ਲੋਕਾਈ ਮਰਦਾਨਿਆ! ਇਕਸ ਸਦਕਾ।

ਮਹਾਰਾਜ ਨੇ ਮਹਾਨ ਸੱਚਾਈ ਸਮਝਾ ਦਿੱਤੀ ਕਿ ਦੁਰਾਚਾਰੀ ਮਨੁੱਖਾਂ ਦੀਆਂ ਕਰਨੀਆਂ ਦਾ ਫਲ ਅਵੇਸਲੇ ਲੋਕਾਂ ਨੂੰ ਵੀ ਚੱਖਣਾ ਪੈਂਦਾ ਹੈ।

ਇਸ ਤਰ੍ਹਾਂ ਸੰਸਾਰੀ ਮਨੁੱਖਾਂ ਦੀ ਤਸਵੀਰ ਦਾ ਇਹ ਦੂਸਰਾ ਪਾਸਾ ਹੈ। ਬੁਰਿਆਂ ਦੇ ਪਿੱਛੇ ਲੱਗਣ ਕਰਕੇ ਲੋਕਾਂ ਨੇ ਸਦਾ ਕਸ਼ਟ ਭੋਗਿਆ। ਇਨਸਾਨੀਅਤ ਦਾ ਮਿਆਰ ਵੀ ਨੀਵਾਂ ਹੋਇਆ।

ਕਿਸੇ ਪਰਉਪਕਾਰੀ ਨੇ ਰੱਬੀ ਰੰਗਾਂ ਅੰਦਰ ਮਸਤ ਹੋ ਕੇ ਜਿਥੇ ਬੈਠ ਕੇ ਪਰਮਾਤਮਾ ਦੇ ਮਿੱਠੇ ਗੀਤ ਗਾਏ ਅਤੇ ਭੁੱਲੇ ਭਟਕੇ ਲੋਕਾਂ ਨੂੰ ਰੱਬੀ ਗਿਆਨ ਦਾ ਚਾਨਣਾ ਵੰਡ ਕੇ ਆਤਮਿਕ ਮੰਡਲਾਂ ਦੀਆਂ ਉਡਾਰੀਆਂ ਲਵਾਈਆਂ ਤਾਂ ਉਨ੍ਹਾਂ ਦੇ ਬੈਠਣ ਵਾਲਾ ਥਾਂ ਵੀ ਸੁਹਾਵਣਾ ਹੋ ਗਿਆ:

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥

(ਗਉੜੀ ਕੀ ਵਾਰ ਮਹਲਾ ੫, ਪੰਨਾ 319)

ਉਥੋਂ ਦੀ ਮਿੱਟੀ ਤੇ ਪੌਣ ਪਾਣੀ ਅਕਸਰ ਪਾਵਨ ਹੋ ਜਾਂਦੇ ਹਨ। ਉਥੋਂ ਅਨੇਕਾਂ ਪ੍ਰਾਣੀ ਭਗਤੀ ਦੀਆਂ ਕਿਰਨਾਂ ਦਾ ਨਿੱਘ ਮਾਣ ਕੇ ਆਪਣਾ ਧੰਨ ਭਾਗ ਸਮਝਦੇ ਹਨ। ਧੰਨ ਹਨ ਐਸੇ ਪੁਰਸ਼ ਜਿਨ੍ਹਾਂ ਦੇ ਮੁਖਾਰਬਿੰਦ ਤੋਂ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਆਵਾਜ਼ ਗੂੰਜਦੀ ਹੈ। ਉਨ੍ਹਾਂ ਦੀ ਸੰਗਤ ਕਰਕੇ ਅਤੇ ਪ੍ਰੇਰਨਾ ਲੈ ਕੇ ਨਗਰਾਂ ਦੇ ਨਗਰ ਪਵਿੱਤਰਤਾ ਪ੍ਰਾਪਤ ਕਰਦੇ ਹਨ। ਸੰਸਾਰ ਅੰਦਰ ਸ਼ਾਂਤੀ ਅਤੇ ਖੇੜਾ ਅਜਿਹੇ ਸਤਿਪੁਰਸ਼ਾਂ ਕਰਕੇ ਹੀ ਹੈ, ਪਰ ਅਜਿਹੇ ਸਚਿਆਰੇ ਪੁਰਸ਼ ਹੈਨ ਵਿਰਲੇ-ਵਿਰਲੇ।

ਗੁਰਵਾਕ ਹੈ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰੁ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ 1411)

ਤਥਾ:

ਗਿਰਿ ਗਿਰਿ ਮੈ ਨਾਨਕ ਨਹੀ ਗਜ ਗਜ ਮੋਤੀ ਨਾਹਿ।
ਚੰਦਨਿ ਤਰ ਬਨ ਬਨ ਨਹੀ ਸੰਤ ਨ ਪੁਰਿ ਪੁਰਿ ਮਾਹਿ। *(ਸਾਰੁਕਤਾਵਲੀ)*

ਗੁਣ ਤੇ ਅਵਗੁਣ

ਗੁਣ ਪਰਮਾਤਮਾ ਦੀ ਦਾਤ ਹਨ, ਅਵਗੁਣ ਮਨੁੱਖੀ ਮਨ ਦੀਆਂ ਕਮਜ਼ੋਰੀਆਂ ਹਨ। ਅਵਗੁਣ ਬੰਧਨ ਬਣ ਜਾਂਦੇ ਹਨ, ਜਦ ਕਿ ਗੁਣ ਮਾਣ, ਸਤਿਕਾਰ ਝੋਲੀ ਪਵਾਉਂਦੇ ਹਨ। ਗੁਣਾਂ ਦੀ ਵਰਖਾ ਪਰਮਾਤਮਾ ਵੱਲੋਂ ਹੁੰਦੀ ਹੈ। ਗੁਰਵਾਕ ਹੈ:

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ *(ਜਪੁਜੀ)*

ਗੁਣਾਂ ਦੀ ਮੰਗ ਸਦਾ ਪਰਮਾਤਮਾ ਕੋਲੋਂ ਕਰਨੀ ਪੈਂਦੀ ਹੈ। ਇਹ ਸਦਾ ਫੁੱਲਾਂ ਦੀ ਭਿੰਨੀ ਖ਼ੁਸ਼ਬੋ ਵਾਂਗ ਹੁੰਦੇ ਹਨ। ਹਰ ਵੇਲੇ ਤਰੋ-ਤਾਜ਼ਗੀ ਅਤੇ ਪ੍ਰਸੰਨਤਾ ਮਨੁੱਖ ਨੂੰ ਦਿੰਦੇ ਹਨ। ਅਵਗੁਣ ਤਾਂ ਨਿਰੀ ਦੁਰਗੰਧ ਹਨ। *ਸਾਰੁਕਤਾਵਲੀ* ਦੇ ਲੇਖਕ ਨੇ ਲਿਖਿਆ ਹੈ ਕਿ ਗੁਣਾਂ ਕਰਕੇ ਹੀ ਮਨੁੱਖ ਨੂੰ ਮਾਣ-ਸਨਮਾਨ ਮਿਲਦਾ ਹੈ। ਮਨੁੱਖ ਉਚਾਈਆਂ ਵੀ ਗੁਣਾਂ ਕਰਕੇ ਪ੍ਰਾਪਤ ਕਰਦਾ ਹੈ:

ਊਚੇ ਥਿਤ ਊਚੋ ਨਹੀ ਊਚੇ ਗੁਣ ਕਰ ਹੋਇ।
ਕਾਕ ਅਟਾਰੀ ਪਰ ਬਹੇ ਪਰ ਕਿਆ ਪਰਾਪਤਿ ਹੋਇ। *(ਸਾਰੁਕਤਾਵਲੀ)*

ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖ਼ਸ਼ਿਸ਼ ਹੋਈ ਤਾਂ ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਬਾਬਾ ਦਾਤੂ ਨੇ ਬਹੁਤ ਬੁਰਾ ਮਨਾਇਆ। ਕ੍ਰੋਧ ਦੀ ਅਗਨੀ ਨੇ ਉਸ ਦੇ ਅੰਦਰਲੇ ਸਾਰੇ ਗੁਣ ਜਲਾ ਕੇ ਰੱਖ ਦਿੱਤੇ। ਕ੍ਰੋਧ ਧੀਰਜਵਾਨਾਂ ਦਾ ਧੀਰਜ ਨਾਸ਼ ਕਰ ਦਿੰਦਾ ਹੈ। ਅੱਖਾਂ ਵਾਲਿਆਂ ਨੂੰ ਅੰਨ੍ਹਾ ਬਣਾ ਦਿੰਦਾ ਹੈ। ਸੁਣਨ ਵਾਲਿਆਂ ਨੂੰ ਬੋਲ਼ਾ ਕਰ ਛੱਡਦਾ ਹੈ ਅਤੇ ਪੜ੍ਹਿਆਂ ਲਿਖਿਆਂ ਨੂੰ ਮੂਰਖ ਸਿੱਧ ਕਰਦਾ ਹੈ। *ਪ੍ਰਬੋਧ ਚੰਦਰ ਨਾਟਕ* ਵਿਚ ਲਿਖਿਆ ਹੈ:

ਅੰਧ ਕਰੋਂ ਦ੍ਰਿਗਵੰਤਨ ਕੌ ਸਰੁੱਤਵੰਤਨ ਕੌ ਬਧਰੋ ਕਰ ਡਾਰੋਂ।
ਧ੍ਰਿਤਵੰਤਨ ਕੌ ਸੋ ਅਧੀਰ ਕਰੋਂ ਅਰ ਚਾਤਰ ਕੀ ਮਤਿ ਦੂਰ ਨਿਵਾਰੋਂ।
ਹਿੱਤ ਕਾਰਜ ਨਾਹਿ ਪਿਖੇ ਕਬ ਹੀ ਜਿਨ ਕੇ ਉਰ ਭੀਤਰ ਮੈ ਪਗ ਧਾਰੋਂ।
ਹਿੱਤ ਆਤਮ ਕੌ ਨਾ ਸੁਨੇ ਕਬਹੂੰ, ਪੜਿਓ ਜਿਤਨੋ ਖਿਨ ਮਾਹਿ ਬਿਸਾਰੋਂ।
(ਪ੍ਰਬੋਧ ਚੰਦਰ ਨਾਟਕ)

ਕ੍ਰੋਧ ਅੰਦਰ ਤਪਦੇ ਬਾਬੇ ਦਾਤੂ ਨੇ ਸਿੰਘਾਸਨ ਉੱਤੇ ਬੈਠੇ ਗੁਰੂ ਅਮਰਦਾਸ ਜੀ ਨੂੰ ਠੁੱਡ ਮਾਰ ਕੇ ਭਾਰੀ ਬੇਅਦਬੀ ਦਾ ਪਾਪ ਕੀਤਾ। ਇਸ ਪਾਪ ਕਰਕੇ ਬਾਬਾ ਦਾਤੂ ਭਿਆਨਕ ਪੀੜਾ ਨਾਲ ਲੰਬਾ ਸਮਾਂ ਤੜਫਦਾ ਰਿਹਾ। ਅੰਤ ਗੁਰੂ ਅਮਰਦਾਸ ਜੀ ਦੇ

ਦਰਬਾਰ 'ਚ ਹਾਜ਼ਰ ਹੋ ਕੇ ਘੋਰ ਬੇਅਦਬੀ ਦਾ ਪਛਤਾਵਾ ਕਰਦਿਆਂ ਮੁਆਫ਼ੀਆਂ ਮੰਗੀਆਂ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :

ਗੁਣ ਬਿਹੀਨ ਪੂਜਾ ਕਹਾਂ, ਬਿਦਿਆ ਬਿਨ ਮਾਨਾ।
ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਧਿਆਨਾ।
ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾ ਨਾ ਰਾਜੂ।
ਗਯਾਨ ਕਹਾਂ ਬਿਨ ਸਤਿਗੁਰੂ, ਸੋਭਾ ਬਿਨ ਲਾਜੂ।
ਬਿਨ ਜਹਾਜ ਤਰਿਬੋ ਕਹਾਂ, ਸਾਗਰ ਅਸਗਾਹੂ।
ਭਗਤਿ ਕਹਾਂ ਬਿਨ ਪ੍ਰੇਮ ਕੇ, ਪਗ ਪੰਕਜ ਮਾਹੂ।
ਕਵਿਤਾ ਬਿਨ ਕੀਰਤ ਕਹਾਂ, ਜਸ ਬਿਨਾ ਨਾ ਦਾਨਾ।
ਮੁਕਤ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨਾ ਗਾਨਾ।
ਦਯੋਸ ਕਹਾਂ ਸੂਰਜ ਬਿਨਾ, ਮੈਂ ਏਵ ਬਿਚਾਰਾ।
ਬਿਨ ਸਿੱਖੀ ਤਰਬੋ ਕਹਾਂ, ਜਗ ਸਾਗਰ ਭਾਰਾ।
ਕਰਨ ਅਵੱਗਯਾ ਬਛਨ ਕੀ, ਕੈਸੇ ਸੁਖ ਪਾਵੈ।
ਕਟਹਿ ਤਰੋਵਰ ਕੋ ਜਬੈ, ਪੁਨਿ ਕਿਮ ਫਲ ਖਾਵੈ।
ਤੋਰਹਿ ਤਰੀ ਜੁ ਤੋਇ ਮਹਿ, ਕਿਮ ਤਰੈ ਸੁਖਾਰੋ।
ਸਢਨ ਢਾਹਿ ਬਨ ਬਸਨ ਚਹਿ, ਮਤਿ ਮੰਦ ਗਵਾਰੋ। *(ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਅਮਰਦਾਸ ਜੀ ਨੇ ਬਾਬਾ ਦਾਤੂ ਦੇ ਬੇਅਦਬੀ ਕਰਮ ਨੂੰ ਦਇਆਲੂ ਸੁਭਾਅ ਤੇ ਸ਼ਰਨ ਆਏ ਨੂੰ ਮੁਆਫ਼ ਕਰ ਦੇਣ ਵਜੋਂ ਬਖ਼ਸ਼ ਲਿਆ।

ਹਲੀਮੀ, ਨਿਮਰਤਾ, ਪਿਆਰ, ਦਇਆ, ਸੰਜਮ, ਸੰਤੋਖ, ਨੇਕੀ, ਉਪਕਾਰ ਦੈਵੀ ਗੁਣ ਹਨ ਜਿਨ੍ਹਾਂ ਨੂੰ ਅਪਨਾਇਆਂ ਹੀ ਧਰਮੀ ਬਣੀਦਾ ਹੈ। ਘਿਰਣਾ, ਕਠੋਰਤਾ, ਨਿਰਦੈਤਾ, ਈਰਖਾ, ਅਹੰਕਾਰ, ਲੋਭ, ਕਰੋਧ ਅਵਗੁਣ ਮਨੁੱਖ ਨੂੰ ਹੈਵਾਨ ਬਣਾ ਕੇ ਪਰਮਾਤਮਾ ਤੋਂ ਦੂਰ ਕਰ ਦਿੰਦੇ ਹਨ। ਜਿਥੇ ਚਾਨਣ ਨਹੀਂ ਉਥੇ ਹਨੇਰਾ ਅਵੱਸ਼ ਹੋਵੇਗਾ।

ਇਕ ਕਥਾ ਹੈ—ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸੇਵਕਾਂ ਸਮੇਤ ਨਾਮ ਤੇ ਗਿਆਨ ਦੀ ਦਾਤ ਵੰਡਦੇ ਸ਼ਾਮ ਦੇ ਵਕਤ ਇਕ ਪਿੰਡ ਨੇੜੇ ਪਹੁੰਚੇ। ਉਸ ਪਿੰਡ ਦੇ ਲੋਕ ਅਸ਼ਰਧਕ ਸਨ। ਉਨ੍ਹਾਂ ਦੇ ਹਿਰਦਿਆਂ ਅੰਦਰ ਸਚਿਆਰੇ ਸਤਿਪੁਰਸ਼ਾਂ ਲਈ ਕੋਈ ਥਾਂ ਨਹੀਂ ਸੀ। ਪਿੰਡ ਵਾਲਿਆਂ ਗੁਰੂ ਮਹਾਰਾਜ ਜੀ ਨੂੰ ਕਹਿ ਦਿੱਤਾ ਕਿ ਕਿਸੇ ਹੋਰ ਪਿੰਡ ਵੱਲ ਚਲੇ ਜਾਉ। ਪਿੰਡ ਵਿਚ ਤੁਹਾਡੇ ਰਹਿਣ ਲਈ ਕੋਈ ਥਾਂ ਨਹੀਂ ਹੈ। ਇਥੇ ਤੁਸੀਂ ਨਹੀਂ ਰਹਿ ਸਕਦੇ। ਸਤਿਗੁਰੂ ਜੀ ਨੇ ਸਤਿਬਚਨ ਆਖ ਕੇ ਫ਼ੁਰਮਾਇਆ—ਵੱਸਦੇ ਰਹੋ। ਇਸ ਤੋਂ ਅੱਗੇ ਇਕ ਹੋਰ ਪਿੰਡ ਆਇਆ। ਇਸ ਪਿੰਡ ਵਾਲੇ ਲੋਕ ਨੇਕ ਸੁਭਾਅ ਤੇ ਪ੍ਰੇਮੀ ਪੁਰਸ਼ ਸਨ। ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਪਣੇ ਧੰਨ ਭਾਗ ਸਮਝੇ। ਪਿੰਡ ਦੇ ਮੁਖੀ ਇਕੱਠੇ ਹੋ ਕੇ ਆਏ। ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਅੱਜ ਦੀ ਰਾਤ ਸਾਡੇ ਪਾਸ ਠਹਿਰੋ। ਹੋ ਸਕੇ ਤਾਂ ਕੁਝ ਦਿਨਾਂ ਦਾ ਸਮਾਂ ਹੋਰ ਬਖ਼ਸ਼ ਦੇਣਾ। ਆਪ ਜੈਸੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀਆਂ ਅਸੀਂ ਸਦਾ ਭਗਵਾਨ

ਅੱਗੇ ਅਰਜ਼ੋਈਆਂ ਕਰਦੇ ਹਾਂ। ਤੁਹਾਡੀ ਨੇਕ ਸੁਹਬਤ ਦਾ ਅਸੀਂ ਸਾਰੇ ਆਨੰਦ ਮਾਣਾਂਗੇ। ਤੁਸੀਂ ਆਪਣੇ ਮੁਬਾਰਕ ਚਰਨਾਂ ਦੀ ਛੁਹ ਬਖ਼ਸ਼ ਕੇ ਨਗਰ ਨੂੰ ਪਵਿੱਤਰਤਾ ਬਖ਼ਸ਼ੀ ਹੈ।

ਇਸ ਤਰ੍ਹਾਂ ਅਦਬ ਸਤਿਕਾਰ ਦੇ ਪਿਆਰ ਭਿੱਜੇ ਬੋਲਾਂ ਨਾਲ ਉਨ੍ਹਾਂ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ। ਜਲ ਪ੍ਰਸ਼ਾਦਾ ਛਕਾਉਣ ਉਪਰੰਤ ਪਿੰਡ ਵਾਲਿਆਂ ਰਾਤ ਧੰਨ ਗੁਰੂ ਨਾਨਕ ਦੇਵ ਜੀ ਦੇ ਪਾਵਨ ਮੁਖਾਰਬਿੰਦ ਤੋਂ ਰਾਹ ਰੁਸ਼ਨਾਊ ਬਚਨ ਸ੍ਰਵਣ ਕਰ ਕੇ ਉੱਤਮ ਗਿਆਨ ਪ੍ਰਾਪਤ ਕੀਤਾ। ਕੀਰਤਨ ਨਾਲ ਮਨਾਂ ਨੂੰ ਸੀਤਲਤਾ ਪ੍ਰਾਪਤ ਹੋਈ। ਸਵੇਰੇ ਉਨ੍ਹਾਂ ਪਾਸੋਂ ਵਿਦਾ ਹੋਣ ਵਕਤ ਸਤਿਗੁਰੂ ਜੀ ਨੇ ਕਿਹਾ—ਪਿਆਰਿਓ, ਉੱਜੜ ਜਾਉ। ਤਦ ਭਾਈ ਮਰਦਾਨਾ ਜੀ ਨੇ ਇਨ੍ਹਾਂ ਰਹੱਸਪੂਰਨ ਬਚਨਾਂ ਨੂੰ ਜਾਨਣ ਅਤੇ ਜਣਾਉਣ ਵਾਸਤੇ ਸਤਿਗੁਰੂ ਜੀ ਨੂੰ ਬਿਨੈ-ਭਾਵ 'ਚ ਪੁੱਛਿਆ—ਜੀ ਮਹਾਰਾਜ! ਸ਼ਰਧਾਹੀਣ ਮਨੁੱਖਾਂ ਨੂੰ 'ਵੱਸਦੇ ਰਹੋ' ਤੇ ਸ਼ਰਧਾ ਨਾਲ ਲਬਰੇਜ਼ ਮਨੁੱਖਾਂ ਨੂੰ 'ਉੱਜੜ ਜਾਓ' ਬਚਨ ਹੋਏ। ਕ੍ਰਿਪਾ ਕਰਕੇ ਇਨ੍ਹਾਂ ਬਚਨਾਂ ਵਿਚਲੀ ਰਮਜ਼ ਵੀ ਸਮਝਾ ਦਿਉ। ਤਾਂ ਸਤਿਗੁਰੂ ਜੀ ਨੇ ਆਖਿਆ—ਭਾਈ ਮਰਦਾਨਿਆ! ਦੇਖ ਜਿਨ੍ਹਾਂ ਅਭਾਗੇ ਮਨੁੱਖਾਂ ਦੇ ਬੰਜਰ ਹਿਰਦਿਆਂ ਵਿਚ ਸੇਵਾ, ਸ਼ਰਧਾ ਤੇ ਨੇਕੀ ਦੇ ਗੁਣ ਨਹੀਂ ਵੱਸਦੇ, ਉਨ੍ਹਾਂ ਦਾ ਇਕ ਜਗ੍ਹਾ ਵੱਸਣਾ ਹੀ ਠੀਕ ਹੈ। ਉਨ੍ਹਾਂ ਦੀ ਸੰਗਤ ਤੋਂ ਮਨੁੱਖਾਂ ਨੂੰ ਕੋਈ ਉੱਤਮ ਪ੍ਰੇਰਨਾ ਨਹੀਂ ਮਿਲਣੀ। ਦੁਰਗੰਧੀ ਫੈਲਣੀ ਨਹੀਂ ਚਾਹੀਦੀ। ਮੁਰਦੇ ਪਾਸੋਂ ਦੁਰਗੰਧ ਹੀ ਆਵੇਗੀ। ਗੁਰਵਾਕ ਹੈ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥
(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 253)

ਪਰ ਜਿਨ੍ਹਾਂ ਵਡਭਾਗੇ ਪ੍ਰਾਣੀਆਂ ਦੇ ਮਨ-ਮਸਤਕ ਵਿਚ ਪ੍ਰਭੂ ਵਿਸ਼ਵਾਸ ਤੇ ਹਿਰਦਿਆਂ ਅੰਦਰ ਪ੍ਰੇਮ-ਭਗਤੀ ਹੈ, ਉਹ ਇਕ ਟਿਕਾਣਾ ਛੱਡ ਕੇ ਜਿਥੇ ਵੀ ਜਾਣਗੇ, ਸ਼ੁਭ ਗੁਣਾਂ ਦੀ ਮਹਿਕ ਥਾਂ-ਪੁਰ-ਥਾਂ ਬਿਖੇਰਨਗੇ। ਗੁਣਾਂ ਦਾ ਫੈਲਾਓ ਹੋਵੇਗਾ। ਦੁਰਗੰਧੀ, ਅਸ਼ਰਧਾ, ਬਿਮਾਰੀ, ਬੁਰਿਆਈ ਤੇ ਲੜਾਈ ਜਿਤਨੀ ਜ਼ਿਆਦਾ ਵਧੇਗੀ, ਸੰਸਾਰ ਓਨਾ ਹੀ ਜ਼ਿਆਦਾ ਨਰਕ ਦਾ ਰੂਪ ਧਾਰਨ ਕਰੇਗਾ। ਹਰ ਤਰ੍ਹਾਂ ਦੇ ਦੁੱਖਾਂ ਵਿਚ ਵਾਧਾ ਹੋਵੇਗਾ। ਇਸ ਲਈ ਧਰਮ ਸਦਗੁਣਾਂ ਉੱਤੇ ਜ਼ੋਰ ਦਿੰਦਾ ਹੈ। ਅਵਗੁਣ ਪ੍ਰਾਣੀਆਂ ਲਈ ਫੰਧੇ ਬਣਦੇ ਹਨ ਅਤੇ ਗੁਣ ਹਮਦਰਦ ਭਰਾਵਾਂ ਵਰਗੇ ਹੁੰਦੇ ਹਨ :

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
(ਸੋਰਠਿ ਮਹਲਾ ੧ ਘਰੁ ੧ ਚਉਪਦੇ, ਪੰਨਾ 595)

ਬੇੜੇ ਅੰਦਰ ਜਦ ਇਕ ਛੇਕ ਪੈ ਜਾਵੇ ਤਾਂ ਉਸ ਦੇ ਡੁੱਬਣ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ, ਪਰ ਜਿਸ ਬੇੜੇ ਅੰਦਰ ਛੇਕ ਹੀ ਛੇਕ ਹੋਣ, ਉਸ ਦੇ ਤਰਨ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ।

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1366)

ਸਿਆਣੇ ਮਨੁੱਖ ਅਵਗੁਣ ਤਿਆਗ ਗੁਣ-ਗਾਹਕ ਬਣ ਜਾਂਦੇ ਹਨ। ਜੀਵਨ ਧਾਰਾ ਬਦਲ ਜਾਂਦੀ ਹੈ। ਗੁਣਾਂ ਦੀ ਲਹਿਰ ਡੁੱਬਣ ਤੋਂ ਬਚਾਅ ਲੈਂਦੀ ਹੈ :

ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥
ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1367)

ਸੰਸਾਰੀਆਂ ਦੀ ਇਕ ਨਿਵੇਕਲੀ ਸੋਚਣੀ ਹੈ। ਹਰ ਮਨੁੱਖ ਆਪਣੇ ਆਪ ਨੂੰ ਦੁੱਧ ਧੋਤਾ ਦੱਸਦਾ ਹੈ ਅਤੇ ਦੂਸਰੇ 'ਤੇ ਉਂਗਲ ਉਠਾਂਦਾ ਹੈ, ਪਰ ਪੰਜਾਬੀ ਦੀ ਕਹਾਵਤ ਹੈ—ਛੱਜ ਤਾਂ ਬੋਲੇ ਪਰ ਛਾਨਣੀ ਕਿਉਂ ਬੋਲੇ ? ਦੇਖਣ ਵਿਚ ਆਇਆ ਹੈ ਕਿ ਛਾਨਣੀਆਂ, ਜੋ ਛੇਕਾਂ ਨਾਲ ਭਰੀਆਂ ਹੁੰਦੀਆਂ ਹਨ, ਬਹੁਤ ਉੱਚੀ ਬੋਲਦੀਆਂ ਹਨ। ਇਕ ਗਾਥਾ ਹੈ :

ਇਕ ਔਰਤ ਇਕ ਮਹਾਤਮਾ ਪਾਸ ਵਾਹੋ-ਦਾਹੀ ਦੌੜਦੀ ਹੋਈ ਆਈ। ਉਸ ਦੇ ਪਿੱਛੇ ਇਕ ਭੀੜ ਸੈਲਾਬ ਵਾਂਗ ਆ ਰਹੀ ਸੀ। ਉਨ੍ਹਾਂ ਸਾਰਿਆਂ ਦੇ ਹੱਥਾਂ ਵਿਚ ਪੱਥਰ ਦੇ ਨੁਕੀਲੇ ਟੁਕੜੇ ਸਨ। ਉਹ ਔਰਤ ਜੀਅ ਭਿਆਣੀ ਹੱਥ ਜੋੜ ਕੇ ਮਹਾਤਮਾ ਦੇ ਚਰਨਾਂ 'ਚੋਂ ਭੀੜ ਤੋਂ ਜਾਨ ਬਚਾਉਣ ਲਈ ਤਰਲੇ ਲੈਣ ਲੱਗੀ। ਲੋਕਾਂ ਉਪਰ ਮਹਾਤਮਾ ਦਾ ਜਾਦੂਈ ਅਸਰ ਸੀ। ਇੰਨੇ ਚਿਰ ਨੂੰ ਭੀੜ 'ਮਾਰ ਦਿਉ, ਮਾਰ ਦਿਉ' ਕਰਦੀ ਆ ਪਹੁੰਚੀ। ਮਹਾਤਮਾ ਨੇ ਭੁਤਰੇ ਹੋਏ ਲੋਕਾਂ ਨੂੰ ਚੁੱਪ-ਚਾਪ ਖੜੇ ਹੋਣ ਦਾ ਇਸ਼ਾਰਾ ਕੀਤਾ। ਫਿਰ ਲੋਕਾਂ ਪਾਸੋਂ ਪੁੱਛਿਆ ਕਿ ਇਸ ਅਬਲਾ ਨੂੰ ਤੁਸੀਂ ਕਿਉਂ ਮਾਰਨਾ ਚਾਹੁੰਦੇ ਹੋ ? ਭੀੜ ਵਿੱਚੋਂ ਅਵਾਜ਼ਾਂ ਆਈਆਂ—ਮਹਾਤਮਾ ਜੀ ! ਤੁਸੀਂ ਇਕ ਪਾਸੇ ਹੋ ਜਾਵੋ। ਇਹ ਗੁਨਾਹਗਾਰ ਔਰਤ ਹੈ। ਇਸ ਨੂੰ ਅਸੀਂ ਪੱਥਰ ਮਾਰ-ਮਾਰ ਕੇ ਮਾਰ ਦੇਣਾ ਹੈ। ਮਹਾਤਮਾ ਨੇ ਕਿਹਾ—ਠੀਕ ਹੈ, ਤੁਹਾਡਾ ਸਮਾਜ ਤੇ ਕਾਨੂੰਨ ਇਸ ਔਰਤ ਨੂੰ ਸਮਾਜ ਦੀ ਮਰਯਾਦਾ ਭੰਗ ਕਰਨ ਦਾ ਫ਼ਤਵਾ ਦੇ ਕੇ ਦੋਸ਼ੀ ਠਹਿਰਾਉਂਦਾ ਹੈ। ਇਸ ਔਰਤ ਨੂੰ ਮਾਰਨਾ ਤੁਹਾਡਾ ਹੱਕ ਹੈ, ਪਰ ਮੈਂ ਤੁਹਾਨੂੰ ਇਕ ਸੁਆਲ ਪੁੱਛਦਾ ਹਾਂ ਕਿ ਆਪਣੇ ਮਨ ਹੀ ਮਨ ਵਿਚ ਆਪਣੇ ਰੱਬ ਨੂੰ ਯਾਦ ਕਰ ਕੇ ਉਹ ਮਨੁੱਖ ਹੀ ਇਸ ਨੂੰ ਪੱਥਰ ਮਾਰੇ ਜਿਸ ਮਨੁੱਖ ਨੇ ਆਪ ਆਪਣੇ ਜੀਵਨ ਵਿਚ ਕੋਈ ਗੁਨਾਹ, ਪਾਪ ਨਾ ਕੀਤਾ ਹੋਵੇ। ਖ਼ੁਦ ਐਬ ਕਰਨ ਵਾਲੇ ਮਨੁੱਖ ਨੂੰ ਪੱਥਰ ਮਾਰਨ ਦਾ ਅਧਿਕਾਰ ਨਹੀਂ ਹੈ। ਇਹ ਸੁਣ ਕੇ ਸਾਰੀ ਭੀੜ ਦੇ ਦੰਦਾਂ ਨਾਲ ਦੰਦ ਜੁੜ ਗਏ। ਹੱਥਾਂ ਵਿੱਚੋਂ ਪੱਥਰ ਢਿੱਲੇ ਹੋ ਕੇ ਡਿੱਗ ਪਏ। ਸ਼ਰਮ ਨਾਲ ਅੱਖਾਂ ਧਰਤੀ ਵੱਲ ਝੁਕ ਗਈਆਂ, ਕਿਉਂਕਿ ਹਰ ਮਨੁੱਖ ਪਾਸੋਂ ਕੋਈ ਨਾ ਕੋਈ ਖ਼ਤਾ ਹੋਈ ਹੁੰਦੀ ਹੈ।

ਗੁਰਵਾਕ ਹੈ :

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥

(ਸਲੋਕ ਮਹਲਾ ੩, ਪੰਨਾ 1416)

ਗੁਰੂ ਗ੍ਰੰਥ ਸਾਹਿਬ ਜੀ ਧਰਵਾਸ ਦਿੰਦੇ ਹਨ ਕਿ ਪਰਮਾਤਮਾ ਦੇ ਬੇਅੰਤ ਪਾਵਨ ਨਾਵਾਂ ਵਿੱਚੋਂ ਇਕ ਸਿਫ਼ਾਤੀ ਨਾਮ ਪਤਿਤ ਪਾਵਨ ਵੀ ਹੈ, ਭਾਵ, ਡਿੱਗਿਆਂ ਨੂੰ ਉੱਚਿਆਂ ਕਰਨਾ। ਭਗਤ ਰਵਿਦਾਸ ਜੀ ਦਾ ਇਕ ਸ਼ਬਦ ਹੈ :

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥

(ਸ੍ਰੀਰਾਗ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 93)

ਗ਼ਲੀਜ਼ਤਾ ਨਾਲ ਭਰਿਆ ਬੱਚਾ ਜਦ ਮਾਸੂਮ ਰੂਪ ਵਿਚ ਹਸਰਤ ਭਰੀਆਂ ਨਜ਼ਰਾਂ ਨਾਲ ਆਪਣੀ ਮਾਂ ਵੱਲ ਵੇਖਦਾ ਹੈ ਤਾਂ ਮਾਂ ਉਸ ਨੂੰ ਆਪ ਹੀ ਮਲ-ਮਲ ਕੇ ਸਾਰੀ ਮਲੀਨਤਾ ਧੋ ਦਿੰਦੀ ਹੈ। ਫਿਰ ਗਲੇ ਨਾਲ ਘੁੱਟ-ਘੁੱਟ ਕੇ ਲਗਾਉਂਦੀ ਹੈ। ਪੁੱਤਰ ਦੇ ਗੁਨਾਹਾਂ ਨੂੰ ਦੇਖ ਕੇ ਪਿਤਾ ਝਿੜਕਾਂ ਵੀ ਦਿੰਦਾ ਹੈ, ਲੋੜ ਮਹਿਸੂਸ ਹੋਵੇ ਤਾਂ ਇਕ ਦੋ ਥੱਪੜ ਵੀ ਮਾਰ ਦਿੰਦਾ ਹੈ, ਪਰ ਬੱਚੇ ਨੂੰ ਸੁਧਾਰਨ ਦੀ ਭਾਵਨਾ ਨਾਲ। ਫਿਰ ਛਾਤੀ ਨਾਲ ਵੀ ਲਾ ਲੈਂਦਾ ਹੈ। ਐਸਾ ਬਿਰਦ ਗੁਰੂ ਪਰਮਾਤਮਾ ਦਾ ਵੀ ਹੈ :

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੈ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

(ਸੋਰਠਿ ਮਹੱਲਾ ੫, ਪੰਨਾ 624)

ਤਥਾ :

ਸੁਤੁ ਅਪਰਾਧ ਕਰਤ ਹੈ ਜੇਤੇ ॥
ਜਨਨੀ ਚੀਤਿ ਨ ਰਾਖਸਿ ਤੇਤੇ ॥
ਰਾਮਈਆ ਹਉ ਬਾਰਿਕੁ ਤੇਰਾ ॥
ਕਾਹੇ ਨ ਖੰਡਸਿ ਅਵਗਨੁ ਮੇਰਾ ॥ *(ਆਸਾ ਸ੍ਰੀ ਕਬੀਰ ਜੀਉ, ਪੰਨਾ 478)*

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀਹ ਕੁ ਅਵਗੁਣਾਂ ਦੀ ਗਿਣਤੀ ਕੀਤੀ ਹੈ। ਬਈ ਐਸੇ ਅਵਗੁਣਾਂ ਨਾਲ ਭਰਿਆ ਬੰਦਾ, ਜਿਸ ਨੂੰ ਕੋਈ ਵੀ ਢੋਈ ਨਾ ਦੇਵੇ ਤਾਂ ਜੇਕਰ ਉਹ ਸਤਿਗੁਰੂ ਜੀ ਦੀ ਸ਼ਰਨ ਆ ਜਾਵੇ ਤਾਂ ਉਸ ਮਨੁੱਖ ਨੂੰ ਸਤਿਗੁਰੂ ਜੀ ਅਵੱਸ਼ ਬਖ਼ਸ਼ ਲੈਂਦੇ ਹਨ। ਸਤਿਗੁਰੂ ਜੀ ਦਾ ਸੁਭਾਅ, ਬਿਰਦ, ਬਖ਼ਸ਼ਿੰਦ ਅਤੇ ਕ੍ਰਿਪਾਲੂ ਹੈ :

ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ ॥
ਚੋਰੁ ਜਾਰੁ ਜੂਆਰਿ ਹਉ ਪਰ ਘਰਿ ਜੋਹੰਦਾ ॥
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ ॥
ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ ॥
ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ ॥
ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥ *(ਵਾਰ 36, ਪਉੜੀ 21)*

ਸੱਜਣ ਨੂੰ ਗੁਰੂ ਨਾਨਕ ਦੇਵ ਜੀ ਨੇ ਉਦੋਂ ਹੀ ਗਲ ਨਾਲ ਲਗਾ ਕੇ ਧੀਰਜ ਦਿੱਤੀ, ਜਦ ਉਸ ਦਾ ਪਾਪਾਂ ਨਾਲ ਕਾਲਾ ਹੋਇਆ ਪਾਪੀ ਮਨ ਕੀੜੇ ਕਰਮਾਂ ਨੂੰ ਦੇਖ

ਕੇ ਜ਼ਾਰੋ-ਜ਼ਾਰ ਰੋਇਆ। ਸਤਿਗੁਰੂ ਜੀ ਦੇ ਲੜ ਲੱਗਣ ਵਾਲੇ ਪਾਪੀ ਪੁਰਸ਼ ਵੀ ਤਰ ਗਏ, ਪਰ ਸਤਿਗੁਰੂ ਜੀ ਦੀ ਪਰਵਾਹ ਨਾ ਕਰਨ ਵਾਲੇ ਅਵਗੁਣਾਂ ਅੰਦਰ ਗੋਤੇ ਖਾਂਦੇ ਹਨ ਅਤੇ ਡੁੱਬਦੇ ਹਨ। ਸਾਹਿਬ ਜੀ ਦਾ ਬਚਨ ਹੈ :

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥ *(ਗਉੜੀ ਸੁਖਮਨੀ ਮ: ੫, ਪੰਨਾ 288)*

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਿਆ ਦੇਣ ਹਿੱਤ ਇਕ ਕੌਤਕ ਰਚਾਇਆ। ਹਜ਼ੂਰ ਸਾਹਿਬ ਵਿਖੇ ਸਤਿਗੁਰੂ ਜੀ ਗੁਦਾਵਰੀ ਨਦੀ ਕਿਨਾਰੇ ਬੈਠੇ ਸਨ। ਇਕ ਪੱਥਰ ਦਾ ਟੁੱਕੜਾ ਉਨ੍ਹਾਂ ਦੇ ਪਾਵਨ ਕਰ-ਕਮਲਾਂ ਅੰਦਰ ਮੌਜਾਂ ਮਾਣ ਰਿਹਾ ਸੀ। ਅਚਾਨਕ ਉਹ ਪੱਥਰ ਦਾ ਟੁਕੜਾ ਸਤਿਗੁਰੂ ਜੀ ਦੇ ਪਵਿੱਤਰ ਹੱਥਾਂ ਤੋਂ ਉਛਲ ਕੇ ਬਾਹਰ ਹੋ ਗਿਆ ਅਤੇ ਗੁਦਾਵਰੀ ਨਦੀ ਦੇ ਡੂੰਘੇ ਪਾਣੀ ਅੰਦਰ ਡੁੱਬ ਗਿਆ। ਸਾਹਿਬੇ-ਕਮਾਲ ਸਤਿਗੁਰੂ ਜੀ ਨੇ ਕੋਲ ਬੈਠੇ ਹਜ਼ੂਰੀ ਸੇਵਕਾਂ ਵਿੱਚੋਂ ਭਾਈ ਮਾਨ ਸਿੰਘ ਜੀ ਨੂੰ ਪੁੱਛਿਆ ਕਿ ਭਾਈ ਸਾਹਿਬ, ਇਹ ਪੱਥਰ ਦਾ ਟੁਕੜਾ ਪਾਣੀ ਵਿਚ ਡੁੱਬ ਕਿਉਂ ਗਿਆ ? ਭਾਈ ਮਾਨ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ—ਸੱਚੇ ਪਾਤਸ਼ਾਹ ਜੀ ! ਇਸ ਦਾ ਸੁਭਾਅ ਡੁੱਬ ਜਾਣ ਵਾਲਾ ਹੈ। ਭਾਰੀ ਜੂ ਸੀ। ਡੁੱਬ ਗਿਆ। ਫਿਰ ਭਾਈ ਦਇਆ ਸਿੰਘ ਪਾਸੋਂ ਸਤਿਗੁਰੂ ਜੀ ਨੇ ਇਹੋ ਸੁਆਲ ਪੁੱਛਿਆ ਤਾਂ ਹੱਥ ਜੋੜ ਕੇ ਭਾਈ ਦਇਆ ਸਿੰਘ ਜੀ ਨੇ ਆਖਿਆ—ਮਹਾਰਾਜ ਜੀ ! ਠੀਕ ਹੈ, ਇਸ ਦਾ ਭਾਰ ਇਹਨੂੰ ਡੋਬ ਦਿੰਦਾ ਹੈ ਪਰ ਮੈਨੂੰ ਤਾਂ ਇੰਜ ਜਾਪਦਾ ਹੈ ਕਿ ਆਪ ਜੀ ਦੇ ਮੁਕੱਦਸ ਕਰ-ਕਮਲਾਂ ਤੋਂ ਦੂਰ ਹੋਇਆ ਤਾਂ ਡੁੱਬਿਆ। ਪਹਿਲਾਂ ਤਾਂ ਤੁਹਾਡੇ ਪਾਵਨ ਹੱਥਾਂ ਦੀ ਛੁਹ ਮਾਣ ਕੇ ਮੌਜਾਂ ਹੀ ਕਰ ਰਿਹਾ ਸੀ।

ਮਨੁੱਖ ਵੀ ਠੀਕ ਡੁੱਬਦਾ ਉਦੋਂ ਹੀ ਹੈ ਜਦੋਂ ਮਨੋਂ ਗੁਣਾਂ ਦੇ ਖ਼ਜ਼ਾਨੇ ਸਤਿਗੁਰੂ ਨੂੰ ਵਿਸਾਰ ਦਿੰਦਾ ਹੈ। ਸਤਿਗੁਰੂ ਤਾਂ ਸਾਰੇ ਗੁਣਾਂ ਦਾ ਖ਼ਜ਼ਾਨਾ ਹਨ। ਭਾਈ ਗੁਰਦਾਸ ਜੀ ਲਿਖਦੇ ਹਨ :

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ ॥
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥ *(ਵਾਰ 26, ਪਉੜੀ 19)*

ਸੰਸਾਰ ਅੰਦਰ ਮਨੁੱਖ ਨੂੰ ਇਕ ਦੂਸਰੇ ਤੋਂ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ। ਸਾਂਝ ਗੁਣ-ਆਸ਼ਰਿਤ ਹੋਵੇ ਤਾਂ ਮਿਲਾਪ ਦਾ ਰਸ ਵੀ ਅਨੋਖਾ ਹੁੰਦਾ ਹੈ। ਜਿਵੇਂ ਸੁਗੰਧੀ ਭਰਪੂਰ ਪਦਾਰਥ ਰੱਖਣ ਵਾਲੇ ਡੱਬੇ ਅੰਦਰੋਂ ਹਮੇਸ਼ਾ ਮਹਿਕਾਂ ਆਉਂਦੀਆਂ ਹਨ, ਇਸੇ ਤਰ੍ਹਾਂ ਗੁਣ ਭਰਪੂਰ ਸ਼ਖ਼ਸੀਅਤਾਂ ਪਾਸੋਂ ਸਦਾ ਗੁਣਾਂ ਦੀ ਖ਼ੁਸ਼ਬੋ ਪ੍ਰਾਪਤ ਹੁੰਦੀ ਹੈ। ਮਨੁੱਖ ਜਿਥੇ ਵੀ ਜਾਵੇ, ਗੁਣਾਂ ਦੀ ਸੁਗੰਧੀ ਵੰਡੇ ਅਤੇ ਗੁਣਾਂ ਦੀ ਸਾਂਝ ਬਣਾਵੇ :

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥
(ਰਾਗ ਸੂਹੀ ਛੰਤ ਮਹਲਾ ੧, ਪੰਨਾ 765)

ਚੰਦਨ ਦਾ ਬੂਟਾ ਭਾਵੇਂ ਆਕਾਰ ਕਰਕੇ ਛੋਟਾ ਹੈ ਪਰ ਗੁਣਾਂ ਕਰਕੇ ਮਹਾਨ

ਹੈ। ਹੀਰਾ ਆਕਾਰ ਕਰਕੇ ਨਿੱਕਾ ਹੈ ਪਰ ਸੁੰਦਰਤਾ ਤੇ ਚਮਕ ਕਰਕੇ ਪੱਥਰਾਂ ਤੋਂ ਵੱਡਾ ਹੁੰਦਾ ਹੈ। ਕੋਇਲ ਆਪਣੀ ਮਿੱਠੀ ਆਵਾਜ਼ ਕਰਕੇ ਪੰਛੀਆਂ ਅੰਦਰ ਵਿਲੱਖਣ ਜਗ੍ਹਾ ਰੱਖਦੀ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਮਿਹਰ ਦੁਆਰਾ ਹਰ ਸ਼ਰਨ ਆਏ ਮਨੁੱਖ ਦੀ ਝੋਲੀ ਰੱਬੀ ਗੁਣਾਂ ਨਾਲ ਭਰਪੂਰ ਕਰਨ, ਤਾਕਿ ਕਿਸੇ ਦਾ ਵੀ ਕੀਮਤੀ ਜੀਵਨ ਅਵਗੁਣਾਂ ਦੇ ਭੰਵਰ ਅੰਦਰ ਖੋਹ ਨਾ ਜਾਵੇ।

ਦ੍ਰਿਸ਼ਟੀ ਭੇਦ

ਹਰ ਮਨੁੱਖ ਦੀ ਹਰ ਵਸਤੂ ਬਾਰੇ ਵੱਖਰੀ-ਵੱਖਰੀ ਸੋਚਣੀ ਹੈ, ਅਲੱਗ-ਅਲੱਗ ਰਾਇ ਹੈ। ਜੈਸੇ ਚੰਦ ਨੂੰ ਇਕ ਬਾਲਕ 'ਚੰਦ ਮਾਮਾ' ਕਹਿ ਕੇ ਖ਼ੁਸ਼ ਹੋ ਜਾਂਦਾ ਹੈ। ਬੱਚੇ ਦੀ ਸੋਚਣੀ ਬੜੀ ਸੀਮਤ ਜਿਹੀ ਹੈ। ਵਿਗਿਆਨੀ ਵਾਸਤੇ ਚੰਦ ਇਕ ਮਿੱਟੀ ਦੀ ਧਰਤੀ ਹੈ, ਗ੍ਰਹਿ ਹੈ, ਪਰ ਚਕੋਰ ਪੰਛੀ ਦੇ ਛੋਟੇ ਜਿਹੇ ਦਿਲ ਅੰਦਰ ਝਾਕ ਕੇ ਵੇਖੋ। ਇਹ ਚੰਦ ਉਸ ਲਈ ਨਾ ਤਾਂ ਬੱਚੇ ਵਾਂਗ ਇਕ ਮਾਮੇ ਦੇ ਅਰਥ ਰੱਖਦਾ ਹੈ, ਨਾ ਕਿਸੇ ਵਿਗਿਆਨੀ ਵਾਂਗ ਮਿੱਟੀ ਦਾ ਗ੍ਰਹਿ ਹੈ। ਚੰਦ ਤਾਂ ਉਸ ਦੀ ਜ਼ਿੰਦਗੀ ਦੇ ਸਭ ਤੋਂ ਸ੍ਰੇਸ਼ਟ ਅਨੰਦ ਦਾ ਰਾਜ਼ ਹੈ। ਭਾਈ ਗੁਰਦਾਸ ਜੀ ਚੰਦ ਨਾਲ ਚਕੋਰ ਦੀ ਪ੍ਰੀਤ ਦੇ ਸਬੰਧ ਵਿਚ ਵਾਰਾਂ ਅੰਦਰ ਲਿਖਦੇ ਹਨ :

ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ॥ *(ਵਾਰ 2, ਪਉੜੀ 17)*

ਤਥਾ :

ਚੰਦ ਚਕੋਰ ਪਰੀਤ ਹੈ ਜਗਮਗ ਜੋਤਿ ਉਦੋਤੁ ਕਰੰਦਾ॥ *(ਵਾਰ 17, ਪਉੜੀ 7)*

ਭਗਤ ਰਵਿਦਾਸ ਜੀ ਪਰਮਾਤਮਾ ਨਾਲ ਆਪਣੀ ਪ੍ਰੀਤ ਦੇ ਪ੍ਰਗਟਾਅ ਸਮੇਂ ਅਨੇਕਾਂ ਪ੍ਰਮਾਣਾਂ ਵਿੱਚੋਂ ਇਕ ਪ੍ਰਮਾਣ ਚੰਦ ਚਕੋਰ ਦਾ ਵੀ ਦਰਸਾਉਂਦੇ ਹਨ :

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥

(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 658)

ਫੁੱਲ ਨੂੰ ਜਦ ਬੱਕਰੀ ਵੇਖਦੀ ਹੈ ਤਾਂ ਉਸ ਵਾਸਤੇ ਫੁੱਲ ਇਕ ਭੋਜਨ ਵਾਂਗ ਹੀ ਹੈ, ਪਰ ਭੰਵਰੇ ਵਾਸਤੇ ਫੁੱਲ ਹੋਰ ਮਾਇਨੇ ਰੱਖਦਾ ਹੈ। ਜਦ ਕਿ ਕੁੱਤੇ, ਸੂਅਰ, ਖੋਤੇ, ਕਾਂ ਵਾਸਤੇ ਫੁੱਲ ਦਾ ਕੋਈ ਵੀ ਅਰਥ ਨਹੀਂ ਹੈ।

ਧਰਮ ਦੇ ਸਬੰਧ ਵਿਚ, ਗੁਰੂ ਦੇ ਸਬੰਧ ਵਿਚ, ਪਰਮਾਤਮਾ ਦੇ ਸਬੰਧ ਵਿਚ, ਹਰ ਮਨੁੱਖ ਦੀ ਦ੍ਰਿਸ਼ਟੀ ਵਿਚ ਅੰਤਰ ਦਿਖਾਈ ਦਿੰਦਾ ਹੈ। ਧਰਮ ਦਾ ਮਨੋਰਥ ਮਨੁੱਖ ਨੂੰ ਸਚਿਆਰਾ ਬਣਾਉਣਾ ਹੈ। ਸੱਚਾ ਧਰਮੀ ਮਾਨਵਵਾਦੀ ਹੁੰਦਾ ਹੈ। ਉਹ ਮਨੁੱਖਤਾ ਦੇ ਦੁੱਖਾਂ ਦਰਦਾਂ ਦਾ ਭਾਈਵਾਲ ਬਣ ਕੇ, ਸ਼ੁਭ ਕਰਮਨ ਵਾਸਤੇ ਹਮੇਸ਼ਾ ਤਿਆਰ ਰਹਿੰਦਾ ਹੈ। ਆਪਣੀ ਜ਼ਿੰਦਗੀ ਅੰਦਰ ਖ਼ਾਲਕ ਦੀ ਖ਼ਲਕਤ ਦੀ ਖ਼ਿਦਮਤ ਕਰਦਿਆਂ ਪਰਮ ਜੋਤ ਅੰਦਰ ਲੀਨ ਹੋ ਜਾਂਦਾ ਹੈ। ਆਦਿ ਕਾਲ ਤੋਂ ਪਰਮਾਤਮਾ ਵੱਲੋਂ ਵਰੋਸਾਏ ਨੇਕ ਪਰਉਪਕਾਰੀ ਧਰਮਾਤਮਾ ਇਸ ਸੰਸਾਰ ਦੇ ਕਿਸੇ ਨਾ ਕਿਸੇ ਕੋਨੇ ਅੰਦਰ, ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੁੰਦੇ ਰਹੇ ਹਨ, ਪਰ ਜਗਤ ਦੇ ਲੋਕ ਉਨ੍ਹਾਂ ਨੂੰ ਪਹਿਚਾਣ

ਨਾ ਸਕੇ। ਬਹੁਤ ਘੱਟ ਲੋਕਾਂ ਨੇ ਉਨ੍ਹਾਂ ਪਾਸੋਂ ਉਹ ਕੁਝ ਪ੍ਰਾਪਤ ਕੀਤਾ, ਜਿਸ ਨੂੰ ਉਹ ਜਗਤ ਅੰਦਰ ਵੰਡਣ ਆਏ ਸਨ। ਸ੍ਰੀ ਈਸਾ ਜੀ ਨੂੰ ਮੁਤੱਸਬੀ ਲੋਕਾਂ ਨੇ ਸਲੀਬ ਉੱਪਰ ਟੰਗ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭਿਆਨਕ ਤਸੀਹੇ ਦਿੱਤੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਕਰ ਦਿੱਤਾ।

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ 'ਚ ਸਾਂਝੇ ਭਾਈਚਾਰੇ ਦੀ ਮਜ਼ਬੂਤ ਨੀਂਹ ਰੱਖ ਕੇ ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਂਦਾ, ਉਸੇ ਸਤਿਗੁਰੂ ਜੀ ਨੂੰ ਲੋਕਾਂ ਨੇ ਕੁਰਾਹੀਆ, ਬੇਤਾਲਾ ਅਤੇ ਭੂਤਨਾ ਆਖਣ ਲੱਗਿਆਂ ਗੁਰੇਜ਼ ਨਾ ਕੀਤਾ। ਗੁਰਬਾਣੀ ਅੰਦਰ ਦਰਜ ਹੈ :

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ *(ਮਾਰੂ ਮਹਲਾ ੧, ਪੰਨਾ 991)*

ਮੱਕੇ-ਸ਼ਰੀਫ਼ ਅੰਦਰ ਕਾਅਬੇ-ਖ਼ਾਨੇ ਦੇ ਸੇਵਾਦਾਰਾਂ ਨੇ ਤਾਂ ਸਤਿਗਰੂ ਜੀ ਨੂੰ ਲੱਤ ਮਾਰਨ ਅਤੇ ਕਾਫ਼ਰ ਆਖਣੋਂ ਵੀ ਝਿਜਕ ਨਾ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ :

ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ॥ *(ਵਾਰ 1, ਪਉੜੀ 32)*

ਅੱਜ ਦਾ ਪੜ੍ਹਿਆ-ਲਿਖਿਆ ਮਨੁੱਖ ਅਕਲਾਂ ਦੇ ਘੋੜੇ ਉੱਤੇ ਸੁਆਰ ਹੋ ਕੇ ਖ਼ਿਆਲੀ ਅਸਮਾਨ ਨੂੰ ਛੂੰਹਦਾ ਹੋਇਆ ਹਵਾ ਅੰਦਰ ਉਡਾਰੀਆਂ ਮਾਰ ਰਿਹਾ ਹੈ। ਅਜਿਹੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਸੁਧਾਰਵਾਦੀ ਜਾਂ ਅਨੰਤ ਦਲੀਲਾਂ ਦੇਣ ਵਾਲੇ ਸ੍ਰੇਸ਼ਟ ਵਿਚਾਰਕ ਦਿਖਾਈ ਦਿੰਦੇ ਹਨ, ਪਰ ਬੱਚੇ ਜਾਂ ਵਿਗਿਆਨੀ ਦਾ ਚੰਦ ਨੂੰ ਵੇਖਣਾ ਅਤੇ ਚਕੋਰ ਪੰਛੀ ਵੱਲੋਂ ਚੰਦ ਵੇਖਣਾ, ਜ਼ਮੀਨ ਅਸਮਾਨ ਦਾ ਫ਼ਰਕ ਹੈ। ਬੱਕਰੀ ਵੱਲੋਂ ਫੁੱਲ ਨੂੰ ਵੇਖਣਾ ਤੇ ਭੌਰੇ ਵੱਲੋਂ ਫੁੱਲ ਨੂੰ ਵੇਖਣਾ ਵੱਖ-ਵੱਖ ਮਨੋਭਾਵ ਹਨ। ਗੁਰੂ ਨਾਨਕ ਦੇਵ ਜੀ ਨੂੰ ਭੱਟ ਮਥਰਾ ਜੀ ਪਰਮਾਤਮਾ ਰੂਪ ਬਾਣੀ ਅੰਦਰ ਪ੍ਰਗਟਾਉਂਦੇ ਹਨ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1408)

ਫਿਰ ਭਾਈ ਗੁਰਦਾਸ ਜੀ ਨੇ ਵਾਰਾਂ ਅੰਦਰ ਕਿਹਾ ਕਿ ਨਿਰੰਕਾਰ ਨੇ ਹੀ ਗੁਰੂ ਨਾਨਕ ਦੇਵ ਜੀ ਦਾ ਆਕਾਰ ਪ੍ਰਗਟ ਕੀਤਾ। ਆਪਣਾ ਰੂਪ ਗੁਰੂ ਨਾਨਕ ਰਾਹੀਂ ਦਰਸਾਇਆ :

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥

(ਵਾਰ 24, ਪਉੜੀ 25)

ਭਾਈ ਨੰਦ ਲਾਲ ਜੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਅੰਦਰ

ਸਿਰਮੌਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਹੇਤੇ ਸ਼ਾਇਰ ਸਨ, ਉਹ ਵੀ ਗੁਰੂ ਨਾਨਕ ਦੇਵ ਜੀ ਨੂੰ ਨਾਰਾਇਣ ਸਰੂਪ ਬਿਆਨਦੇ ਹਨ :

ਗੁਰੂ ਨਾਨਕ ਆਮਦ ਨਰਾਇਨ ਸਰੂਪ,
ਹਮਾਨਾ ਨਿਰੰਜਨ ਨਿਰੰਕਾਰ ਰੂਪ। *(ਜੋਤਿ ਬਿਗਾਸ)*

ਭਾਵ, ਗੁਰੂ ਨਾਨਕ ਨਾਰਾਇਣ ਦਾ ਸਰੂਪ ਹੈ। ਨਿਰਸੰਦੇਹ ਉਹ ਨਿਰੰਜਨ ਅਤੇ ਨਿਰੰਕਾਰ ਦਾ ਰੂਪ ਹੈ। ਇਸ ਸਬੰਧ ਵਿਚ ਜਨਮ ਸਾਖੀ ਅੰਦਰ ਗੁਰੂ ਨਾਨਕ ਦੇਵ ਜੀ ਦੇ ਵੇਈਂ ਨਦੀ ਅੰਦਰ ਰਚਾਏ ਕੌਤਕ ਜ਼ਿਕਰਯੋਗ ਹਨ। ਆਪ ਜੀ ਪਰਮਾਤਮਾ ਦੀ ਹਜ਼ੂਰੀ ਅੰਦਰ ਗਏ। ਪਰਮਾਤਮਾ ਨੇ ਗੁਰੂ ਜੀ ਨੂੰ ਪਿਆਰ ਦਾ ਪਿਆਲਾ ਦਿੱਤਾ ਤਾਂ ਸਤਿਗੁਰੂ ਜੀ ਨੇ ਅਕਾਲ ਪੁਰਖ ਜੀ ਦੀ ਉਸਤਤਿ ਕੀਤੀ। ਮੂਲ ਮੰਤ੍ਰ ਪ੍ਰਗਟ ਹੋਇਆ, ਜਿਸ ਰਾਹੀਂ ਪਰਮਾਤਮਾ ਦਾ ਸਰੂਪ ਤੇ ਸੁਭਾਅ ਦੱਸਿਆ ਗਿਆ। ਵਾਹਿਗੁਰੂ ਜੀ ਨੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਬਚਨ ਬਖ਼ਸ਼ਿਸ਼ ਕੀਤੇ :

ਨਾਨਕ ਜਿਸ ਉਪਰ ਤੇਰੀ ਕ੍ਰਿਪਾ, ਉਸ ਉਪਰ ਮੇਰੀ ਕ੍ਰਿਪਾ।
ਜਿਸ ਉਪਰ ਤੇਰੀ ਨਦਰ, ਉਸ ਉਪਰ ਮੇਰੀ ਨਦਰ।
ਮੇਰਾ ਨਾਉ ਪਾਰਬ੍ਰਹਮ ਪਰਮੇਸਰ, ਤੇਰਾ ਨਾਉ ਗੁਰੂ ਪ੍ਰਮੇਸਰ।

ਵਾਹਿਗੁਰੂ ਤੋਂ ਗੁਰੂ ਜੋਤਿ ਪ੍ਰਗਟ ਹੋਈ ਜਾਂ ਕਹਿ ਲਓ ਵਾਹਿਗੁਰੂ ਜੀ ਨੇ ਆਪਣੇ ਆਪ ਨੂੰ ਗੁਰੂ ਰੂਪ ਅੰਦਰ ਪ੍ਰਗਟ ਕੀਤਾ। ਜਿਵੇਂ ਸਾਗਰ ਬੱਦਲਾਂ ਦਾ ਰੂਪ ਬਣ ਕੇ ਸੜਦੀ ਬਲਦੀ ਧਰਤੀ ਨੂੰ ਸ਼ਾਂਤ ਤੇ ਸੀਤਲ ਕਰਨ ਆਉਂਦਾ ਹੈ। ਪੂਰੇ ਸਮੁੰਦਰ ਨੂੰ ਸੰਸਾਰ ਵਾਲੇ ਕਿਥੇ ਤੇ ਕਿਵੇਂ ਰੱਖਣਗੇ ? ਇਸ ਲਈ ਸੰਸਾਰੀਆਂ ਦੀ ਲੋੜ ਪੂਰੀ ਕਰਨ ਖ਼ਾਤਰ ਸਮੁੰਦਰ ਆਪਣੇ ਆਪ ਨੂੰ ਬੱਦਲਾਂ ਦੇ ਰੂਪ ਵਿਚ ਵਟਾ ਕੇ, ਹਰ ਇਕ ਦੇ ਖੇਤਾਂ ਅਤੇ ਘਰਾਂ ਅੰਦਰ ਆ ਜਾਂਦਾ ਹੈ, ਪਰ ਲੋਕ ਸਿਰਫ਼ ਬੱਦਲ ਤੇ ਮੀਂਹ ਵੇਖਦੇ ਹਨ। ਸਮੁੰਦਰ ਨੂੰ ਇੰਜ ਕਰਦਿਆਂ ਵੇਖਣ ਦੀ ਲੋਕਾਂ ਕੋਲ ਵਿਹਲ ਕਿਥੇ ?

ਪ੍ਰਭੂ ਵੀ ਗੁਰੂ ਰੂਪ ਹੋ ਕੇ ਦਸ ਜਾਮਿਆਂ ਅੰਦਰ ਪ੍ਰਗਟ ਹੋਇਆ। ਗੁਰੂ ਜੋਤਿ ਤੇ ਜੁਗਤ ਦੀ ਦਸ ਜਾਮਿਆਂ ਵਿਖੇ ਇਕਸਾਰਤਾ ਪ੍ਰਤੱਖ ਰੂਪ 'ਚ ਇਕ ਹੀ ਹੈ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ 966)

ਕਾਇਆ ਦਾ ਅਰਥ ਸਰੀਰ ਹੈ। ਸਿਰਫ਼ ਸਰੀਰ ਬਦਲੇ, ਗੁਰੂ ਜੋਤਿ ਤੇ ਗੁਰੂ ਜੁਗਤ ਨਹੀਂ ਬਦਲੀ। ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ ਦਸ ਸਰੀਰਾਂ ਅੰਦਰ ਇਕੋ ਗੁਰੂ ਜੋਤਿ ਨੂੰ ਇਕ ਰਸ ਵਰਤਦਾ ਦੇਖਦੀ ਹੈ। *ਜੋਤਿ ਬਿਗਾਸ* ਅੰਦਰ ਆਪ ਜੀ ਲਿਖਦੇ ਹਨ :

ਨਾਨਕ ਸੋ ਅੰਗਦ ਗੁਰ ਦੇਵਨਾ ਸੋ ਅਮਰਦਾਸ ਹਰਿ ਸੇਵਨਾ।
ਸੋ ਰਾਮਦਾਸ ਸੋ ਅਰਜਨਾ ਸੋ ਹਰਿਗੋਬਿੰਦ ਹਰਿ ਪਰਸਨਾ।
ਸੋ ਕਰਤਾ ਹਰਿ ਰਾਇ ਦਾਤਾਰਨੰ ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ।
ਸੋ ਤੇਗ ਬਹਾਦੁਰ ਸਤਿ ਸਰੂਪਨਾ ਸੋ ਗੁਰੂ ਗੋਬਿੰਦ ਸਿੰਘ ਹਰਿ ਕਰੂਪਨਾ।
ਸਭ ਏਕੋ ਏਕੋ ਏਕਨਾ ਨਹੀਂ ਭੇਦ ਨਾ ਕਛੂ ਭੀ ਪੇਖਨਾ।

ਤਥਾ :

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।
ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ।

ਉਹੀ ਗੁਰੂ ਗੋਬਿੰਦ ਸਿੰਘ ਹੈ ਤੇ ਉਹੀ ਗੁਰੂ ਨਾਨਕ ਹੈ। ਉਸ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ।

ਭਾਈ ਸੰਤੋਖ ਸਿੰਘ ਜੀ ਨੇ ਇਕ ਸਾਖੀ ਲਿਖੀ ਹੈ। ਜਾਤ ਤੇ ਕੁਲ ਅੰਦਰ ਮਾਣਮੱਤੇ ਮਨੁੱਖਾਂ ਨੂੰ ਤਾਂ ਗੁਰੂ ਅਮਰਦਾਸ ਜੀ ਦੇ ਅੰਦਰਲੀ ਗੁਰੂ ਜੋਤਿ ਦਾ ਅਹਿਸਾਸ ਵੀ ਨਹੀਂ ਹੋਇਆ। ਹੋਇਆ ਇੰਜ ਕਿ ਗੰਗਾ ਦੀ ਯਾਤਰਾ ਕਰਨ ਵਾਸਤੇ ਲਾਹੌਰ ਦੇ ਸੋਢੀ ਆ ਰਹੇ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਸਾਡਾ 'ਜੇਠਾ' (ਗੁਰੂ ਰਾਮਦਾਸ ਜੀ) ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਨਾਲ ਵਿਆਹਿਆ ਹੈ। ਉਨ੍ਹਾਂ ਵਿਚਾਰ ਕੀਤੀ ਕਿ ਚਲੋ ਚੱਲ ਕੇ ਦੇਖਦੇ ਹਾਂ ਕਿ ਜੇਠੇ ਦਾ ਗੁਰੂ ਅਸਥਾਨ 'ਤੇ ਬਹੁਤ ਸਤਿਕਾਰ ਹੋ ਰਿਹਾ ਹੋਵੇਗਾ।

ਭਾਈਚਾਰੇ 'ਚੋਂ ਸੋਢੀ ਗੋਇੰਦਵਾਲ ਸਾਹਿਬ ਵਿਖੇ ਪਹੁੰਚ ਗਏ। ਗੋਇੰਦਵਾਲ ਸਾਹਿਬ ਨੂੰ ਭੱਟ ਜਲ੍ਹਨ ਜੀ ਨੇ ਸੱਚਖੰਡ ਦੀ ਉਪਮਾ ਦਿੱਤੀ ਹੈ :

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ ॥
(ਸਵਈਏ ਮਹਲੇ ਚਉਥੇ ਕੇ, ਪੰਨਾ 1400)

ਜਿਥੇ ਹਰ ਸਮੇਂ ਅਨੰਦ ਦੀ ਹੀ ਵਰਖਾ ਹੋ ਰਹੀ ਹੈ, ਗੁਰੂ ਮਿਹਰਾਂ ਦੀਆਂ ਨਦੀਆਂ ਵਹਿ ਰਹੀਆਂ ਹਨ, ਉਥੇ ਪਹੁੰਚ ਕੇ ਵੀ ਇਹ ਬਦਕਿਸਮਤ ਮਨੁੱਖ ਖ਼ਾਲੀ ਹੀ ਰਹੇ। ਗੁਰੂ ਪਿਆਰ ਦੇ ਸਾਗਰ ਅੰਦਰ ਤਾਰੀਆਂ ਨਾ ਲਾ ਸਕੇ, ਕਿਉਂਕਿ ਹਿਰਦੇ ਗੁਰੂ ਜੀ ਦੀ ਸ਼ਰਧਾ ਤੋਂ ਖ਼ਾਲੀ ਸਨ।

ਉਸ ਸਮੇਂ ਬਾਉਲੀ ਦੀ ਸੇਵਾ ਹੋ ਰਹੀ ਸੀ। ਭਾਈ ਜੇਠਾ ਜੀ ਆਪਣੇ ਵੱਡੇ ਟੋਕਰੇ ਅੰਦਰ ਮਿੱਟੀ ਭਰ ਕੇ ਬਾਹਰ ਸੁੱਟਣ ਜਾ ਰਹੇ ਸਨ। ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਹਿਰਦੇ ਅੰਦਰ ਗੂੰਜਦੇ ਪਏ ਸਨ :

ਹਸਤੀ ਸਿਰਿ ਜਿਉ ਅੰਕੁਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
(ਸਲੋਕ ਮਃ ੩, ਪੰਨਾ 647)

ਜਿਵੇਂ ਹਾਥੀ ਨੇ ਆਪਣਾ ਸਿਰ ਕੁੰਡੇ ਅੱਗੇ ਰੱਖਿਆ ਹੈ, ਅਹਿਰਣ ਨੇ ਆਪਣਾ ਸਿਰ ਭਾਰੀ ਹਥੌੜੇ ਸਾਹਮਣੇ ਰੱਖਿਆ ਹੈ। ਤਿਵੇਂ ਹੀ ਹੇ ਮਨੁੱਖ! ਤੂੰ ਵੀ ਸੁਚੇਤ ਹੋ ਕੇ ਆਪਣਾ ਮਨ ਤੇ ਤਨ ਗੁਰੂ ਨੂੰ ਸਮਰਪਿਤ ਕਰ। ਹਉਮੈ ਰਹਿਤ ਹੋ ਕੇ ਸੇਵਾ ਦਾ ਰਸ ਮਾਣ। ਜੇਕਰ ਕੋਈ ਵਡਭਾਗਾ ਆਪਣਾ ਆਪਾ ਮਿਟਾ ਕੇ ਇਸ ਤਰ੍ਹਾਂ ਗੁਰੂ ਜੀ ਦੀ ਦੱਸੀ ਕਾਰ ਕਰ ਲੈਂਦਾ ਹੈ, ਤਾਂ ਉਸ ਦੀ ਜੈ ਜੈਕਾਰ ਸਾਰੀ ਸ੍ਰਿਸ਼ਟੀ ਕਰਦੀ ਹੈ, ਭਾਵ ਉਸ ਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਪ੍ਰਾਪਤ ਹੁੰਦਾ ਹੈ।

ਗੁਰੂ ਪਿਆਰ ਅੰਦਰ ਮਿੱਟੀ ਦਾ ਟੋਕਰਾ ਆਪ ਜੀ ਲੈ ਕੇ ਜਾ ਰਹੇ ਸਨ ਤਾਂ ਭਾਈਚਾਰੇ ਦੇ ਪੁਰਖ ਸਾਹਮਣਿਉਂ ਮਿਲ ਪਏ। ਭਾਈ ਜੇਠਾ ਜੀ ਦੇ ਪਾਵਨ ਸੀਸ ਉਪਰ ਮਿੱਟੀ ਦਾ ਟੋਕਰਾ ਵੇਖ ਕੇ ਸੜ ਬਲ ਕੋਲਾ ਹੋ ਗਏ। ਆਖਣ ਲੱਗੇ—ਜੇਠਿਆ! ਤੈਨੂੰ ਇਥੇ ਟੋਕਰੇ ਢੋਅ ਕੇ ਰੋਟੀ ਮਿਲਦੀ ਹੈ। ਸਮਾਜ ਅੰਦਰ ਸਾਡਾ ਨੱਕ ਹੀ ਵਢਾ ਦਿੱਤਾ ਈ। ਅਸੀਂ ਤਾਂ ਸੋਚਿਆ ਸੀ ਕਿ ਤੇਰਾ ਇਥੇ ਬੜਾ ਸਨਮਾਨ ਹੋ ਰਿਹਾ ਹੋਵੇਗਾ। ਸੰਸਾਰੀ ਨੱਕ ਨਮੂਜ ਅਤੇ ਜਾਤ ਬਰਾਦਰੀ ਦੀ ਲਾਜ ਕਰਕੇ ਉਨ੍ਹਾਂ ਨੂੰ ਗੁਰੂ ਜੀ ਦੇ ਦਰ ਘਰ ਦੀ ਮਹਿਮਾ ਨਜ਼ਰ ਨਾ ਆਈ। ਫਿਰ ਸਤਿਗੁਰੂ ਜੀ ਨੂੰ ਵੀ ਉਲਾਂਭੇ ਦੇਣ ਲੱਗ ਪਏ। ਕਰਨ ਕਰਾਵਨਹਾਰ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਗਿਆਨ ਦੇ ਬਚਨਾਂ ਰਾਹੀਂ ਝੰਜੋੜਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਜੇ ਇਹ ਬੰਸ ਜਨਮ ਨਹਿੰ ਧਾਰੇ। ਗਿਰਤਿ ਨਰਕ ਮਹਿੰ ਪਿਤਰ ਤੁਮਾਰੇ।
ਰਾਮਦਾਸ ਕਰ ਜੋਰਿ ਉਚਾਰਾ। ਪਤਿਤ ਉਧਾਰਨ ਬਿਰਦ ਤੁਮਾਰਾ।
ਗੁਰ ਮਹਿਮਾ ਕੀ ਗਯਾਤ ਨ ਪਾਈ। ਕਯਾ ਇਨ ਕੇ ਬਸਿ, ਜਗ ਉਰਝਾਈ।

ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਕਿ ਸ੍ਰੀ ਰਾਮਦਾਸ ਦੇ ਕਰਕੇ ਤੁਹਾਡੇ ਪਿੱਤਰਾਂ ਦਾ ਉੱਧਾਰ ਹੋਇਆ ਹੈ, ਨਹੀਂ ਤੇ ਨਰਕਾਂ ਅੰਦਰ ਪਏ ਰਹਿਣੇ ਸਨ। ਇਨ੍ਹਾਂ ਦੀ ਭਗਤੀ ਦਾ ਫਲ ਕੁਲ ਨੂੰ ਵੀ ਮਿਲਿਆ ਹੈ। ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ! ਇਹ ਸੋਢੀ ਸੰਸਾਰੀ ਲਾਜ ਵਿਚ ਫਸੇ ਹੋਣ ਕਰਕੇ ਗੁਰੂ ਦੀ ਮਹਿਮਾ ਸਮਝਣ ਤੋਂ ਅਗਿਆਨੀ ਹਨ। ਕ੍ਰਿਪਾ ਕਰਕੇ ਇਨ੍ਹਾਂ ਦੇ ਅਵਗੁਣਾਂ ਨੂੰ ਨਾ ਚਿਤਾਰਿਓ :

ਸੁਨਿ ਸਤਿਗੁਰ ਭਏ ਪ੍ਰਸੰਨ। ਰਾਮਦਾਸ! ਤੁਝ ਕੌ ਧੰਨ ਧੰਨ।
ਕਰਿ ਸੇਵਾ ਮੁਝਕੌ ਬਸਿ ਕੀਨਾ। ਮੈਂ ਜਾਨੌ ਤੁਝ ਤੈਂ ਮੁਝ ਚੀਨਾ।

ਬੇਸ਼ੱਕ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਸੋਢੀਆਂ ਨੂੰ ਬਥੇਰਾ ਸਮਝਾਇਆ ਕਿ ਇਸ ਦਰ ਦੀ ਮਹਾਨਤਾ ਨੂੰ ਕਿਤੇ ਮੇਰੇ ਨੇੜਾਂ ਰਾਹੀਂ ਵੇਖੋ। ਇਹ ਦਰ ਮੇਰੇ ਕਲਿਆਣ ਦਾ ਟਿਕਾਣਾ ਹੈ। ਸਤਿਗੁਰੂ ਜੀ ਮੇਰੇ ਹਲਤ ਪਲਤ ਸੰਵਾਰਨਹਾਰ ਹਨ, ਪਰ ਉਨ੍ਹਾਂ ਸੰਸਾਰੀਆਂ ਪਾਸ ਸਤਿਗੁਰੂ ਜੀ ਦੀ ਮਹਿਮਾ ਨੂੰ ਵੇਖਣ ਦੀ ਦਿੱਬ-ਦ੍ਰਿਸ਼ਟੀ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ ਕਰ ਲਿਆ ਸੀ ਕਿ ਗੁਰੂ ਜੋਤਿ ਨੂੰ ਇਕ ਰੂਪ ਵਿਚ ਭਾਗਾਂ ਵਾਲਿਆਂ ਨੂੰ ਹੀ ਵੇਖਣਾ ਨਸੀਬ ਹੋਵੇਗਾ। ਸਰੀਰਕ ਭੇਦਾਂ ਨੂੰ ਅਗਿਆਨੀ ਜਾਨਣਗੇ ਅਤੇ ਗੁਰੂ ਜੋਤਿ ਕੋਲੋਂ ਜੋ ਸਫਲਤਾ ਮਿਲਣੀ ਚਾਹੀਦੀ ਹੈ, ਉਸ ਤੋਂ ਵਿਰਵੇ ਰਹਿਣਗੇ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥
ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥

(ਬਚਿਤ੍ਰ ਨਾਟਕ, ਪਾਤਿਸ਼ਾਹੀ ੧੦)

ਇਕ ਗਾਥਾ ਹੈ। ਚਾਰ ਅੰਨ੍ਹਿਆਂ ਨੇ ਆਪਣੀ ਰਾਇ ਇਕ ਹਾਥੀ ਬਾਰੇ ਦੱਸੀ। ਇਕ ਨੇ ਹਾਥੀ ਦੀ ਲੱਤ ਨੂੰ ਟੋਹ ਕੇ ਕਿਹਾ—ਹਾਥੀ ਥੰਮ੍ਹ ਵਰਗਾ ਹੈ। ਦੂਜੇ ਨੇ ਕੰਨ ਨੂੰ ਛੂਹ ਕੇ ਕਿਹਾ—ਮੈਨੂੰ ਤਾਂ ਛੱਜ ਵਰਗਾ ਜਾਪਦਾ ਹੈ। ਤੀਜੇ ਨੇ ਲੰਮੀ ਪੂਛ ਤੋਂ ਅੰਦਾਜ਼ਾ ਲਾਇਆ ਕਿ ਹਾਥੀ ਮੋਟੇ ਰੱਸੇ ਵਰਗਾ ਹੈ। ਚੌਥੇ ਨੇ ਉਸ ਦੇ ਪੇਟ ਨੂੰ ਹੱਥ ਫੇਰ ਕੇ ਆਖਿਆ—ਮੈਨੂੰ ਤਾਂ ਕੰਧ ਵਾਂਗ ਜਾਪਦਾ ਹੈ, ਪਰ ਜਿਸ ਨੂੰ ਪ੍ਰਭੂ ਨਜ਼ਰ ਦੇਵੇ, ਉਹ ਹੀ ਹਾਥੀ ਦੇ ਪੂਰੇ ਰੂਪ ਨੂੰ ਵੇਖ ਅਤੇ ਵਿਖਾ ਸਕਦਾ ਹੈ।

ਸਾਈਂ ਮੀਆਂ ਮੀਰ ਜੀ ਗੁਰੂ ਅਰਜਨ ਦੇਵ ਜੀ ਪਾਸੋਂ ਖ਼ੁਦਾ ਦੀਆਂ ਝਲਕਾਂ ਅਨੁਭਵ ਕਰਦੇ ਸਨ, ਪਰ ਜਹਾਂਗੀਰ ਬਾਦਸ਼ਾਹ ਦ੍ਰਿਸ਼ਟੀ ਪੱਖੋਂ ਪੂਰਾ ਅੰਧਾ ਸਾਬਤ ਹੋਇਆ। ਉਹ ਤਾਂ ਸੀਤਲਤਾ ਦੇ ਮੁਜੱਸਮੇ ਤੇ ਮਨੁੱਖੀ ਭਾਈਚਾਰੇ ਦੇ ਵਿਸ਼ਵ ਵਿਆਪੀ ਸੱਚੇ ਸੁੱਚੇ ਹਮਦਰਦ ਤੇ ਪਰਉਪਕਾਰੀ ਸਤਿਗੁਰੂ ਜੀ ਨੂੰ ਪਛਾਣ ਹੀ ਨਹੀਂ ਸਕਿਆ। ਫਿਰ ਸਾਈਂ ਮੀਆਂ ਮੀਰ ਜੀ ਦੀ ਦ੍ਰਿਸ਼ਟੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਰੇ ਖ਼ੁਦਾ ਰੂਪ ਵੇਖਣ ਵਾਲੀ ਸੀ, ਪਰ ਸ਼ਾਹਜਹਾਨ ਬਾਦਸ਼ਾਹ ਸ਼ਾਹੀ ਫ਼ੌਜਾਂ ਦੀਆਂ ਚੜ੍ਹਾਈਆਂ ਕਰਵਾਉਂਦਾ ਰਿਹਾ।

ਪੀਰ ਭੀਖਣ ਸ਼ਾਹ ਜੀ ਨੇ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਉਪਰੰਤ ਆਪਣਾ ਪਾਵਨ ਮਸਤਕ ਪੱਛਮ ਦੀ ਬਜਾਏ ਪੂਰਬ ਵੱਲ ਘੰਟਿਆਂ-ਬੱਧੀ ਝੁਕਾਈ ਰੱਖਿਆ।

ਪੀਰ ਬੁੱਧੂ ਸ਼ਾਹ ਫ਼ਕੀਰ ਦੀ ਬੇਗਮ ਖ਼ੁਦਾਪ੍ਰਸਤ, ਪਾਕ ਦਿਲ ਆਤਮਾ ਬੀਬੀ ਨਜ਼ੀਰਾਂ ਆਪਣੇ ਸਕੇ ਭਰਾ ਸੈਦ ਖ਼ਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਅਰੰਮੀ ਵਡਿਆਈਆਂ ਅਕਸਰ ਸੁਣਾਇਆ ਕਰਦੀ ਸੀ। ਸੈਦ ਖ਼ਾਂ ਬਾਦਸ਼ਾਹ ਔਰੰਗਜ਼ੇਬ ਦੀ ਸ਼ਾਹੀ ਸੈਨਾ ਦਾ ਸ਼ਾਹੀ ਜਰਨੈਲ ਸੀ। ਆਪਣੀ ਭੈਣ ਬੀਬੀ ਨਜ਼ੀਰਾਂ ਦੀ ਰਸਨਾ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਸੁਣ ਕੇ ਸੈਦ ਖ਼ਾਂ ਕਹਿ ਦਿੰਦਾ ਕਿ ਮੈਦਾਨੇ-ਜੰਗ ਅੰਦਰ ਹੀ ਉਨ੍ਹਾਂ ਨੂੰ ਦੇਖਾਂਗਾ, ਜਿਨ੍ਹਾਂ ਨੂੰ ਤੁਸੀਂ ਪੀਰਾਂ ਦਾ ਪੀਰ ਕਹਿ ਕੇ ਵਡਿਆਉਂਦੇ ਹੋ। ਫਿਰ ਬੀਬੀ ਨਜ਼ੀਰਾਂ ਦਾ ਮੱਥਾ ਠਣਕਦਾ ਕਿ ਜੇਕਰ ਭਰਾ ਸੈਦ ਖ਼ਾਂ ਫ਼ੌਜਾਂ ਲੈ ਕੇ ਅਨੰਦਪੁਰ ਸਾਹਿਬ ਵੱਲ ਚੜ੍ਹਾਈ ਕਰੇਗਾ ਤਾਂ ਖ਼ੁਦਾ ਨਾ ਕਰੇ ਇਸ ਦੀ ਜ਼ਿੰਦਗੀ ਸਲਾਮਤ ਨਹੀਂ ਰਹੇਗੀ। ਸੋਚਾਂ ਦੇ ਸਮੁੰਦਰ 'ਚ ਡੁੱਬੀ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਚਰਨਾਂ 'ਚ ਦੁਆ ਕਰਨ ਲੱਗ ਪੈਂਦੀ ਕਿ ਸੱਚੇ ਪਾਤਸ਼ਾਹ ਜੀ! ਜੇਕਰ ਸ਼ਾਹੀ ਹੁਕਮ ਦਾ ਬੱਝਾ ਮੇਰਾ ਵੀਰ ਨਾਦਾਨੀ ਕਰ ਕੇ ਚੜ੍ਹਾਈ ਕਰ ਕੇ ਆਵੇ ਤਾਂ ਐਸਾ ਪ੍ਰੇਮ ਦਾ ਤੀਰ ਮਾਰਿਓ ਕਿ ਸੈਦ ਖ਼ਾਂ ਤੁਹਾਡੇ ਚਰਨਾਂ ਦਾ ਸਾਦਕ ਬਣ ਜਾਵੇ। ਬੀਬੀ ਨਜ਼ੀਰਾਂ ਨੇ ਇਕਾਗਰ ਚਿੱਤ ਹੋ ਕੇ ਕਈ ਵਾਰ ਗੁਰੂ ਚਰਨਾਂ 'ਚ ਦੁਆ ਕੀਤੀ। ਇਕ ਸ਼ਾਇਰ ਨੇ ਬੜਾ ਸੋਹਣਾ ਕਿਹਾ ਹੈ :

ਦਰਦ ਜਾਤੀ ਨਹੀਂ ਦਵਾ ਕੇ ਬ਼ਗੈਰ। ਦਵਾ ਮਿਲਤੀ ਨਹੀਂ ਦੁਆ ਕੇ ਬ਼ਗੈਰ।
ਦਰਦ ਜਾਤਾ ਹੈ ਦਵਾ ਕੇ ਸ਼ਾਥ। ਸ਼ਫ਼ਾ ਮਿਲਤੀ ਹੈ ਦੁਆ ਕੇ ਸਾਥ।
ਦੁਆ ਉਨ ਕੀ ਹੋਤੀ ਹੈ ਪੁਰ ਅਸਰ, ਹੋ ਰਿਸ਼ਤਾ ਜਿਨ ਕਾ ਖ਼ੁਦਾ ਕੇ ਸਾਥ।

ਫਿਰ ਇਕ ਦਿਨ ਉਹ ਵੀ ਆ ਗਿਆ, ਜਦੋਂ ਸੈਦ ਖ਼ਾਂ ਫ਼ੌਜਾਂ ਲੈ ਕੇ, ਦੁਸ਼ਮਣ

ਬਣ ਕੇ ਅਨੰਦਪੁਰ ਸਾਹਿਬ ਚੜ੍ਹਾਈ ਕਰਨ ਆਇਆ, ਪਰ ਅਨੰਦਪੁਰ ਦੇ ਮਾਲਕ ਅਤੇ ਅਨੰਦ ਦੇ ਦਾਤੇ ਸਤਿਗੁਰੂ ਜੀ ਦੇ ਦੈਵੀ ਦਰਸ਼ਨਾਂ ਦੀ ਤਾਬ ਨਾ ਝੱਲ ਸਕਿਆ। ਆਪਣੇ ਘੋੜੇ ਤੋਂ ਉਤਰ ਕੇ, ਕ੍ਰਿਪਾਨ ਮਿਆਨ ਅੰਦਰ ਪਾ ਕੇ, ਹੱਥ ਉਪਰ ਉਠਾ ਕੇ, ਪਿਆਰ ਦੀ ਮੁਦਰਾ 'ਚ ਮੂੰਹੋਂ 'ਖ਼ੁਦਾ ਆਇੰਦ ! ਖ਼ੁਦਾ ਆਇੰਦ !!' ਕਹਿੰਦਾ ਹੋਇਆ ਸਾਹਿਬੇ-ਕਮਾਲ ਸਤਿਗੁਰੂ ਜੀ ਦੇ ਮੁਕੱਦਸ ਚਰਨ ਚੁੰਮਣ ਲੱਗ ਪਿਆ। ਸਾਰੀ ਸ਼ਾਹੀ ਫ਼ੌਜ ਹੱਕੀ-ਬੱਕੀ ਹੋ ਕੇ, ਇਹ ਖ਼ੁਦਾਈ ਨਜ਼ਾਰਾ ਵੇਖਦੀ ਰਹੀ।

ਭਾਗ ਉਦੈ ਹੁੰਦਿਆਂ ਹੀ ਮਨੁੱਖ ਦੀ ਸੋਚਣੀ ਤੇ ਕਰਨੀ ਨਿਰਮਲ ਹੋ ਜਾਂਦੀ ਹੈ। ਜਾਤੀ ਹੰਕਾਰ ਨੇ ਹਜ਼ਾਰਾਂ ਸਾਲ ਬ੍ਰਾਹਮਣਾਂ ਨੂੰ ਅੰਨ੍ਹਾ ਬਣਾਈ ਰੱਖਿਆ। ਭਗਤਾਂ ਨੂੰ ਮੰਦਰਾਂ ਵਿੱਚੋਂ ਧੱਕੇ ਮਾਰ ਕੇ ਅਪਮਾਨਿਤ ਕਰਨਾ ਤੇ ਅਖੌਤੀ ਸ਼ੂਦਰਾਂ ਨੂੰ ਦੁਰਕਾਰਨਾ ਆਮ ਵਰਤਾਰਾ ਹੀ ਸੀ, ਪਰ ਕਦੇ-ਕਦੇ ਕਿਸੇ ਬ੍ਰਾਹਮਣ ਦੀ ਨਜ਼ਰ ਦਾ ਮੋਤੀਆ ਪਰਮਾਤਮਾ ਉਤਾਰ ਦਿੰਦਾ ਤਾਂ ਉਹਨੂੰ ਚਮਾਰਾਂ ਵਿਚ ਪੈਦਾ ਹੋਏ ਭਗਤ ਰਵਿਦਾਸ ਜੀ ਵਿੱਚੋਂ ਭਗਵਾਨ ਦੇ ਸਾਖਸ਼ਾਤ ਦਰਸ਼ਨ ਨਜ਼ਰ ਆਉਂਦੇ। ਐਸੇ ਖ਼ੁਸ਼ਕਿਸਮਤ ਬ੍ਰਾਹਮਣ ਦਾ ਮਸਤਕ ਸਭ ਹੱਦ-ਬੰਦੀਆਂ ਨੂੰ ਤੋੜ ਕੇ ਆਪ-ਮੁਹਾਰੇ ਭਗਤ ਰਵਿਦਾਸ ਜੀ ਦੇ ਚਰਨਾਂ ਉਪਰ ਆ ਝੁਕਦਾ। ਗੁਰੂ ਗ੍ਰੰਥ ਸਾਹਿਬ ਅੰਦਰ ਪਾਵਨ ਬਚਨ ਹੈ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥

(ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 1293)

ਤਥਾ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥

(ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 1293)

ਗੁਰੂ ਜੋਤਿ ਪਰਮਾਤਮਾ ਦਾ ਦੈਵੀ ਰੂਪ ਹੈ। ਪਰਮਾਤਮਾ ਤੋਂ ਸਾਰੀ ਕੁਦਰਤ ਉਪਜੀ ਹੈ। ਧਰਮ ਪਰਮ ਪ੍ਰਕਾਸ਼ ਹੈ, ਜੋ ਹਰ ਜ਼ੱਰੇ ਅੰਦਰ ਰੱਬੀ ਨੂਰ ਦਾ ਗਿਆਨ ਦੇ ਕੇ ਜੀਵਨ ਸੁਆਰਥਾਂ ਤੋਂ ਉੱਚਾ ਕਰ ਕੇ, ਸਰਬੱਤ ਦੇ ਕਲਿਆਣ ਦੀ ਅਮਲੀ ਸੇਵਾ ਅੰਦਰ ਉਤਸ਼ਾਹਤ ਕਰਦਾ ਹੈ। ਧਰਮ ਨਾਲ ਇੰਜ ਸਬੰਧ ਬਣਾਈਏ, ਜਿਵੇਂ ਚੰਦ ਦਾ ਚਕੋਰ ਨਾਲ ਹੈ। ਭੌਰੇ ਦਾ ਫੁੱਲ ਨਾਲ ਹੈ। ਗੁਰੂ ਗਿਆਨ ਦੇ ਚਾਨਣੇ ਅੰਦਰ ਪਰਮਾਤਮਾ ਦੀ ਸੁੰਦਰ ਰਚਨਾ 'ਚੋਂ ਸੁੰਦਰ ਪ੍ਰਭੂ ਨਾਲ ਸਾਂਝ ਪਾਈਏ :

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥

(ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਪੰਨਾ 141)

ਆਸਾ ਕਰੀਐ ਰਾਮ ਕੀ

ਹਰ ਮਨੁੱਖ ਦੇ ਮਨ ਅੰਦਰ ਹਰ ਰੋਜ਼ ਅਨੇਕਾਂ ਆਸਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਹਰ ਮਨੁੱਖ ਦਾ ਸੁਭਾਅ-ਸਰੂਪ ਇਕ ਜੈਸਾ ਨਹੀਂ, ਇਸੇ ਤਰ੍ਹਾਂ ਹਰੇਕ ਪ੍ਰਾਣੀ ਦੀਆਂ ਆਸਾਂ-ਖ਼ਾਹਿਸ਼ਾਂ ਵੀ ਇਕ ਜੈਸੀਆਂ ਨਹੀਂ ਹਨ, ਅਲੱਗ-ਅਲੱਗ ਹਨ। ਜੀਵਨ ਛੋਟਾ ਹੁੰਦਾ ਜਾ ਰਿਹਾ ਹੈ, ਪਰ ਆਸਾਂ-ਖ਼ਾਹਿਸ਼ਾਂ ਦਾ ਪਾਸਾਰਾ ਵਧਦਾ ਜਾਂਦਾ ਹੈ। ਮਰਦੇ ਦਮ ਤਕ ਜਿਊਣ ਦੀ ਲਾਲਸਾ ਪਿੱਛਾ ਨਹੀਂ ਛੱਡਦੀ। ਬੇਸ਼ਕ ਜੀਵਨ ਆਸ ਦੇ ਸਹਾਰੇ ਅੱਗੇ ਤੁਰਦਾ ਹੈ। ਪੰਜਾਬੀ ਦੀ ਕਹਾਵਤ ਵੀ ਹੈ—ਜੀਵੇ ਆਸਾ ਮਰੇ ਨਿਰਾਸਾ, ਪਰ ਵਿਅਰਥ ਦੀਆਂ ਆਸਾਂ ਹੀ ਮਨੁੱਖ ਨੂੰ ਨਿਰਾਸ ਕਰ ਕੇ ਰੱਖ ਦਿੰਦੀਆਂ ਹਨ। ਇਕ ਰੁਪਏ ਦੀ ਜਿੰਨੀ ਸਮਰੱਥਾ ਹੈ, ਉਨੀ ਕੁ ਵਸਤੂ ਹੀ ਬਜ਼ਾਰੋਂ ਮਿਲੇਗੀ। ਇਕ ਰੁਪਏ ਦੇ ਬਦਲੇ ਕਾਰ ਜਾਂ ਹਵਾਈ ਜਹਾਜ਼ ਦੀ ਆਸ ਬਣਾ ਲੈਣੀ ਵਿਅਰਥ ਦਾ ਮਾਨਸਿਕ ਬੋਝ ਹੈ।

ਸੰਸਾਰਕ ਖ਼ਾਹਿਸ਼ਾਂ ਤੇ ਆਸਾਂ ਦਾ ਭਾਰ ਮਨੁੱਖ ਨੂੰ ਜੀਵਨ ਤੋਂ ਅਕਾ ਤੇ ਥਕਾ ਦਿੰਦਾ ਹੈ। ਅੰਤ ਝੁਰਦਾ ਹੋਇਆ ਮਨੁੱਖ ਇਸ ਦੁਨੀਆ ਤੋਂ ਅਣਡਿੱਠੀ ਦੁਨੀਆ ਵੱਲ ਚਾਲੇ ਪਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਦੋ ਪਸ਼ੂਆਂ ਅਤੇ ਇਕ ਮਨੁੱਖ ਦਾ ਜ਼ਿਕਰ ਕੀਤਾ ਹੈ, ਜੋ ਪਛਤਾਵੇ ਅੰਦਰ ਬੱਝੇ ਆਪਣੇ-ਆਪਣੇ ਕਰਮ ਤੋਂ ਨਿਰਾਸ ਹੋ ਜਾਂਦੇ ਹਨ। ਮਿਹਨਤ ਤਿੰਨੇ ਬਹੁਤ ਕਰਦੇ ਹਨ, ਪਰ ਪ੍ਰਾਪਤੀ ਹੱਥ ਲੱਗਦੀ ਹੀ ਨਹੀਂ। ਕਬਿੱਤ ਹੈ :

ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ,
ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ ॥
ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ,
ਖਾਤ ਜਾਤ ਬਛਰੋ ਟਟੇਰੋ ਪਛੁਤਾਨੋ ਹੈ ॥
ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ,
ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ ॥
ਤੈਸੇ ਸ੍ਰਪਨੰਤਰਿ ਦਿਸੰਤਰ ਬਿਹਾਇ ਗਈ,
ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ ॥੫੭੬॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਤੇਲੀ ਦਾ ਬਲਦ ਸਾਰਾ ਦਿਨ ਕੋਹਲੂ ਨੂੰ ਗੇੜਦਾ ਹੈ। ਸ਼ਾਮ ਤਕ ਉਸ ਦਾ ਸਰੀਰ ਥਕਾਵਟ ਨਾਲ ਚੂਰ-ਚੂਰ ਹੋ ਜਾਂਦਾ ਹੈ। ਜਦੋਂ ਤੇਲੀ ਸ਼ਾਮ ਨੂੰ ਉਸ ਦੀਆਂ ਅੱਖਾਂ ਖੋਲ੍ਹਦਾ ਹੈ ਤਾਂ ਬਲਦ ਨਿਰਾਸਤਾ ਨਾਲ ਭਰਿਆ ਹੁੰਦਾ ਹੈ, ਕਿਉਂਕਿ ਜਿਥੋਂ

ਸਵੇਰੇ ਤੁਰਿਆ ਸੀ, ਸ਼ਾਮ ਤਕ ਉਥੇ ਦਾ ਉਥੇ ਹੀ ਰਿਹਾ। ਪਹੁੰਚਿਆ ਤਾਂ ਕਿਤੇ ਵੀ ਨਹੀਂ। ਫਿਰ ਇਕ ਅੰਨ੍ਹਾ ਮਨੁੱਖ ਹੈ, ਜੋ ਵਿਚਾਰਾ ਕਈ ਘੰਟੇ ਘਾਹ ਭੂਸ ਨੂੰ ਹੱਥ ਨਾਲ ਵੱਟ ਚਾੜ੍ਹ-ਚਾੜ੍ਹ ਕੇ ਇਕ ਰੱਸਾ ਵੱਟਦਾ ਹੈ, ਪਰ ਉਸ ਦੇ ਪਿੱਛੇ ਖਲੋਤਾ ਵੱਛਾ ਨਾਲੋ ਨਾਲ ਰੱਸਾ ਖਾਈ ਜਾਂਦਾ ਹੈ। ਜਦ ਵਿਚਾਰਾ ਅੰਨ੍ਹਾ ਮਨੁੱਖ ਪਿਛਲੇ ਪਾਸੇ ਹੱਥ ਨਾਲ ਰੱਸਾ ਟੋਹ ਕੇ ਅੰਦਾਜ਼ਾ ਲਾਉਣ ਲੱਗਦਾ ਹੈ ਤਾਂ ਹੈਰਾਨ ਹੋ ਜਾਂਦਾ ਹੈ, ਕਿਉਂਕਿ ਉਸ ਨੇ ਮਿਹਨਤ ਬਹੁਤ ਕੀਤੀ, ਪਰ ਐਵੇਂ ਵਿਅਰਥ ਹੀ ਗਈ। ਤੀਜਾ ਇਕ ਪਿਆਸਾ ਹਿਰਨ ਹੈ, ਜੋ ਪਾਣੀ ਦੀ ਤਲਾਸ਼ ਅੰਦਰ ਭਟਕਦਾ ਹੈ, ਪਰ ਪਾਣੀ ਉਸ ਨੂੰ ਮਿਲਦਾ ਨਹੀਂ। ਸੂਰਜ ਦੀਆਂ ਕਿਰਨਾਂ ਰੇਤੇ ਨੂੰ ਤਪਾ ਕੇ ਪਾਣੀ ਹੋਣ ਦਾ ਭੁਲੇਖਾ ਦਿੰਦੀਆਂ ਹਨ। ਪਿਆਸਾ ਮ੍ਰਿਗ ਦੌੜ ਕੇ ਪਾਣੀ ਤਕ ਜਾਂਦਾ ਹੈ, ਪਰ ਪਾਣੀ ਮਿਲ ਹੁੰਦਾ ਨਹੀਂ। ਉਹ ਤਾਂ ਅੱਖਾਂ ਦਾ ਭਰਮ ਸੀ। ਆਖ਼ਰ ਇਸੇ ਤਰ੍ਹਾਂ ਪਿਆਸਾ ਭਟਕਦਾ ਨਿਰਾਸ ਹੋਇਆ ਹਿਰਨ ਮਾਰੂਥਲ ਵਿਚ ਦਮ ਤੋੜ ਜਾਂਦਾ ਹੈ। ਇਸੇ ਨੂੰ ਕਹਿੰਦੇ ਹਨ-ਮ੍ਰਿਗ-ਤ੍ਰਿਸ਼ਨਾ।

ਉਪਰੋਕਤ ਪ੍ਰਮਾਣਾਂ ਅੰਦਰ ਇਕ ਬਲਦ ਹੈ, ਜਿਸ ਦੀਆਂ ਅੱਖਾਂ ਬੰਨ੍ਹੀਆਂ ਹਨ। ਦੂਜਾ ਵਿਚਾਰਾ ਅੰਨ੍ਹਾ ਮਨੁੱਖ ਹੈ, ਜਿਸ ਦੀਆਂ ਅੱਖਾਂ ਅੰਦਰ ਪ੍ਰਕਾਸ਼ ਨਹੀਂ ਹੈ। ਤੀਜਾ ਹਿਰਨ ਹੈ, ਜਿਸ ਕੋਲ ਸੁੰਦਰ ਅੱਖਾਂ ਤਾਂ ਹਨ, ਪਰ ਅਸਲੀਅਤ ਉਸ ਦੀ ਨਜ਼ਰ ਨਹੀਂ ਆਉਂਦੀ। ਦੁਨੀਆ ਅੰਦਰ ਬਹੁਤ ਮਨੁੱਖ ਐਸੇ ਹਨ, ਜਿਹੜੇ ਖ਼ਾਹਿਸ਼ਾਂ ਤੇ ਆਸਾਂ ਦੇ ਬੋਝ ਹੇਠਾਂ ਬਲਦ ਵਾਂਗ ਦੱਬੇ ਥੱਕੇ ਹੀ ਰਹਿੰਦੇ ਹਨ, ਕਿਉਂਕਿ ਇਕ ਤੋਂ ਬਾਅਦ ਦੂਜੀ ਤੇ ਦੂਜੀ ਤੋਂ ਬਾਅਦ ਤੀਜੀ ਆਸ ਪੈਦਾ ਹੋ ਜਾਂਦੀ ਹੈ। ਅਖ਼ੀਰ ਮਨੁੱਖ ਅਨੰਤ ਆਸਾਂ ਦਿਲ ਅੰਦਰ ਅਧੂਰੀਆਂ ਲੈ ਕੇ ਹੀ ਮਿਟ ਜਾਂਦਾ ਹੈ। ਅੰਨ੍ਹੇ ਮਨੁੱਖ ਵਾਂਗ ਕਈ ਮਨੁੱਖ ਜੀਵਨ ਦੇ ਅਨੇਕਾਂ ਸੁਪਨੇ ਪਾਲ ਲੈਂਦੇ ਹਨ, ਪਰ ਸੁਪਨਾ ਪੂਰਾ ਨਹੀਂ ਹੁੰਦਾ ਤਾਂ ਨਿਰਾਸਤਾ ਦੇ ਆਲਮ ਅੰਦਰ ਪਛਤਾਉਂਦੇ ਹਨ। ਫਿਰ ਕੁਝ ਐਸੇ ਲੋਕ ਹਨ ਜਿਨ੍ਹਾਂ ਕੋਲ ਸਿਆਣਪਾਂ ਅਤੇ ਚਤੁਰਾਈਆਂ ਬਹੁਤ ਹਨ, ਬਹੁਤ ਉਡਾਰੀਆਂ ਮਾਰਦੇ ਹਨ ਪਰ ਜੀਵਨ ਦੇ ਪਰਮ-ਰਸ ਤੋਂ ਖ਼ਾਲੀ ਰਹਿ ਜਾਂਦੇ ਹਨ। ਜੈਸੇ ਸੋਹਣੀਆਂ ਅੱਖਾਂ ਹਿਰਨ ਨੂੰ ਧੋਖਾ ਦਿੰਦੀਆਂ ਹਨ, ਮਨੁੱਖ ਆਪਣੀ ਅਕਲ ਤੋਂ ਹੀ ਧੋਖਾ ਖਾ ਜਾਂਦਾ ਹੈ :

ਤੈਸੇ ਸੁਪਨੰਤਰਿ ਦਿਸੰਤਰ ਬਿਹਾਇ ਗਈ,
ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ॥

ਜੀਵਨ ਅਧੂਰਾ ਹੀ ਲੰਘ ਗਿਆ। ਐਸੇ ਮਨੁੱਖ ਦੀ ਯਾਤਰਾ ਪੂਰੀ ਨਹੀਂ ਹੁੰਦੀ। ਬੰਧਨ ਜੀਵਨ ਅੰਦਰੋਂ ਟੁੱਟਦੇ ਨਹੀਂ ਸਗੋਂ ਯਾਤਰਾ ਲੰਬੀ ਹੋ ਜਾਂਦੀ ਹੈ। ਪਰਮਾਤਮਾ ਦੇ ਹੁਕਮ ਮੁਤਾਬਕ ਅਜਿਹੇ ਪ੍ਰਾਣੀ ਮੁੜ-ਮੁੜ ਸਰੀਰ ਧਾਰਦੇ ਹਨ। ਗੁਰਵਾਕ ਹੈ :

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥
ਬਹੁਤੁ ਸਜਾਇ ਪਇਆ ਦੇਸਿ ਲੰਮੈ॥

(ਮਾਰੂ ਮਹਲਾ ੫ ਘਰੁ ੮ ਅੰਜੁਲੀਆ, ਪੰਨਾ 1020)

ਅਧੂਰੀਆਂ ਆਸਾਂ ਤੇ ਖ਼ਾਹਿਸ਼ਾਂ ਫਿਰ ਜਨਮ ਲਈ ਪ੍ਰੇਰਤ ਕਰਦੀਆਂ ਹਨ। ਸਰੀਰ ਦਾ ਚੋਲ਼ਾ ਤਿਆਗਣ ਸਮੇਂ ਅਗਰ ਅਪੂਰਨ ਆਸਾ ਮਨ ਅੰਦਰ ਬੈਠੀ ਹੈ ਤਾਂ ਮਨੁੱਖ

ਦਾ ਮੁਕਤ ਹੋ ਸਕਣਾ ਅਸੰਭਵ ਹੈ। ਭਗਤ ਤ੍ਰਿਲੋਚਨ ਜੀ ਨੇ ਗੂਜਰੀ ਰਾਗ ਅੰਦਰ ਖ਼ੁਲਾਸਾ ਕੀਤਾ ਹੈ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥

(ਗੂਜਰੀ ਸ੍ਰੀ ਤ੍ਰਿਲੋਚਨ ਜੀਉ, ਪੰਨਾ 526)

ਬਾਰ ਬਾਰ ਦਾ ਜਨਮ ਤੇ ਬਾਰ-ਬਾਰ ਦਾ ਮਰਨ, ਦੁੱਖ ਵੀ ਹੈ, ਬੰਧਨ ਵੀ ਹੈ। ਯਕੀਨਨ ਉਸ ਮਨੁੱਖ ਦੇ ਸਾਰੇ ਦੁਖ ਤੇ ਸਾਰੇ ਬੰਧਨ ਕੱਟੇ ਜਾਂਦੇ ਹਨ, ਜੋ ਕੇਵਲ ਇਕ ਪਰਮਾਤਮਾ ਦੀ ਆਸ ਅੰਦਰ ਟਿਕੇ ਹਨ :

ਏਕ ਊਪਰਿ ਜਿਸੁ ਜਨ ਕੀ ਆਸਾ॥
ਤਿਸ ਕੀ ਕਟੀਐ ਜਮ ਕੀ ਫਾਸਾ॥ *(ਗਉੜੀ ਸੁਖਮਨੀ ਮ: ੫, ਪੰਨਾ 281)*

'ਬਾਵਨ ਅਖਰੀ' ਦੀ ਅਗੰਮੀ ਬਾਣੀ ਅੰਦਰ ਗੁਰੂ ਅਰਜਨ ਦੇਵ ਜੀ ਇਨਸਾਨ ਨੂੰ ਅਕਾਲ ਪੁਰਖ ਜੀ ਦੀ ਆਸ ਅੰਦਰ ਮਨ ਨੂੰ ਟਿਕਾਉਣ ਦੀ ਸੋਝੀ ਬਖ਼ਸ਼ਿਸ਼ ਕਰਦੇ ਹਨ। ਇਕ ਵਾਹਿਗੁਰੂ ਜੀ ਦੀ ਆਸ ਤੋਂ ਬਿਨਾਂ ਬਾਕੀ ਤਾਂ ਭਰਮ ਪਾਲਣਾ ਹੀ ਹੁੰਦਾ ਹੈ :

ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 257)

ਭਗਤ ਰਵਿਦਾਸ ਜੀ ਦਾ ਫ਼ੁਰਮਾਨ ਹੈ ਕਿ ਜਿਹੜੇ ਮਨੁੱਖ ਪਰਮਾਤਮਾ ਤੋਂ ਨਿਰਾਸ ਹੋ ਕੇ ਹੋਰਨਾਂ ਦੀ ਆਸ ਕਰਦੇ ਹਨ, ਉਨ੍ਹਾਂ ਨੂੰ ਨਰਕਾਂ ਤੋਂ ਕੌਣ ਬਚਾ ਸਕਦਾ ਹੈ :

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1377)

ਭਗਤ ਕਬੀਰ ਸਾਹਿਬ ਜੀ ਨੇ ਵੀ ਪਰਮਾਤਮਾ ਦੇ ਨਾਮ ਤੋਂ ਉਚਾਟ ਹੋਏ ਮਨੁੱਖਾਂ ਨੂੰ ਤਾੜਨਾ ਕੀਤੀ ਹੈ :

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥
ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1369)

ਗੁਰ ਇਤਿਹਾਸ ਅੰਦਰ ਬੇਅੰਤ ਐਸੇ ਗੁਰੂ ਪਿਆਰਿਆਂ ਦਾ ਜ਼ਿਕਰ ਹੈ, ਜਿਨ੍ਹਾਂ ਦੇ ਹਿਰਦਿਆਂ ਅੰਦਰ ਸਤਿਗੁਰੂ ਜੀ ਦੇ ਦੀਦਾਰਿਆਂ ਦੀ ਝਲਕ ਦੀ ਆਸ ਬੈਠੀ ਹੈ। ਜੀਵਨ ਦੀ ਆਸ ਤੇ ਉਦੇਸ਼ ਪਰਮਾਤਮਾ ਹੈ, ਗੁਰੂ ਹੈ। ਉਹ ਭਗਤੀ ਅਤੇ ਸੇਵਾ ਲਈ ਹੀ ਜਿਉਂਦੇ ਹਨ ਅਤੇ ਜਗਤ ਉੱਤੇ ਆਏ ਹਨ। ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਮੈਨੂੰ ਭਜਨ ਬੰਦਗੀ ਦੀ ਇੱਛਾ ਜਗਤ ਉੱਤੇ ਲੈ ਕੇ ਆਈ ਹੈ, ਨਹੀਂ ਤਾਂ ਮੈਨੂੰ ਇਸ ਤਰ੍ਹਾਂ ਆਉਣ ਦਾ ਕੋਈ ਸ਼ੌਕ ਨਹੀਂ ਸੀ :

ਹਵਾਇ ਬੰਦਗੀ ਅਫ਼ਰਦ ਦਰ ਵਜੂਦ ਮਰਾ।
ਵਗਰਨਾ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ।

ਕਸ਼ਮੀਰ ਵਿਖੇ ਰਹਿਣ ਵਾਲੇ ਗੁਰਸਿੱਖ ਭਾਈ ਸੇਵਾਦਾਸ ਦੀ ਬਿਰਧ ਮਾਤਾ ਭਾਗਭਰੀ ਚਰਖੇ ਉਪਰ ਰੂੰ ਦੀਆਂ ਤੰਦਾਂ ਕੱਤਦੀ-ਕੱਤਦੀ ਧੰਨ-ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨੂਰਾਨੀ ਦੀਦਾਰਿਆਂ ਲਈ ਅਰਦਾਸਾਂ ਕਰਦੀ ਰਹਿੰਦੀ। ਆਪਣੇ ਹੱਥਾਂ ਨਾਲ ਮਾਤਾ ਨੇ ਸੋਹਣਾ ਬਸਤਰ ਬਣਾਇਆ। ਜੀਵਨ ਦਾ ਲਕਸ਼ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਸਿੱਕ ਸੀ। ਬਾਬਾ ਫ਼ਰੀਦ ਜੀ ਵਾਂਗ ਇਕ ਹੀ ਆਸ ਬਚੀ ਸੀ :

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਸਲੋਕ ਸੇਖ ਫਰੀਦ ਕੇ, ਪੰਨਾ 1382)

ਤਦ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਮਾਤਾ ਜੀ ਨੂੰ ਦਰਸ਼ਨ ਬਖ਼ਸ਼ਣ ਲਈ ਅਤੇ ਪਿਆਰ ਭੇਟਾ ਪ੍ਰਵਾਨ ਕਰਨ ਲਈ ਧਰਮ ਪ੍ਰਚਾਰ ਕਰਦਿਆਂ ਕਸ਼ਮੀਰ ਪਹੁੰਚੇ। ਮਾਤਾ ਜੀ ਨੇ ਦਰਸ਼ਨ ਕਰ ਕੇ ਆਪਣੀ ਪ੍ਰੇਮ ਭੇਟਾ ਗੁਰੂ ਚਰਨਾਂ ਵਿਚ ਰੱਖ ਦਿੱਤੀ। ਜੀਵਨ ਅਨੰਦ-ਅਨੰਦ ਹੋ ਗਿਆ ਅਤੇ ਸਰੀਰ ਦਾ ਚੋਲ਼ਾ ਤਿਆਗ ਦਿੱਤਾ।

ਭਾਈ ਮਨਸੁਖ ਵਪਾਰੀ ਨੇ ਸੰਗਲਾਦੀਪ (ਸ੍ਰੀ ਲੰਕਾ) ਦੇ ਰਾਜੇ ਸ਼ਿਵਨਾਭ ਦੇ ਹਿਰਦੇ ਅੰਦਰ ਗੁਰੂ ਨਾਨਕ ਦੇਵ ਜੀ ਦੇ ਪਿਆਰ ਦੀ ਐਸੀ ਲਟਕ ਲਾਈ ਕਿ ਦਿਨ ਰਾਤ ਰਾਜੇ ਦੀ ਹਾਲਤ ਬਿਰਹਣਾਂ ਵਰਗੀ ਹੋ ਗਈ। ਉਸ ਦੇ ਜੀਵਨ ਦਾ ਮਕਸਦ ਸਿਰਫ਼ ਤੇ ਸਿਰਫ਼ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਹੀ ਰਹਿ ਗਿਆ ਸੀ। ਸਮੁੰਦਰ ਪਾਰ ਕਰ ਕੇ ਗੁਰੂ ਨਾਨਕ ਦੇਵ ਜੀ ਨੇ ਰਾਜੇ ਸ਼ਿਵਨਾਭ ਨੂੰ ਜਾ ਕੇ ਨਿਹਾਲ ਕੀਤਾ। ਬੇਅੰਤ ਨਿਵਾਜ਼ਿਸ਼ਾਂ ਕੀਤੀਆਂ। ਉਸ ਦੇ ਮਨ ਨੂੰ ਸ਼ਬਦ ਦੀ ਅਗੰਮੀ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ।

ਪਾਉਂਟਾ ਸਾਹਿਬ ਵਿਖੇ ਕਾਲਪ ਰਿਸ਼ੀ ਮੁਦਤਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਅਦੁੱਤੀ ਦਰਸ਼ਨਾਂ ਦੀ ਤੜਪ ਅੰਦਰ ਬੈਠਾ ਰਿਹਾ।

ਸ੍ਰੀ ਅੰਮ੍ਰਿਤਸਰ ਵਿਖੇ ਸੰਤੋਖਸਰ ਦੇ ਪਾਵਨ ਸਰੋਵਰ ਦੀ ਪੁਟਾਈ ਸਮੇਂ ਇਕ ਜੋਗੀ ਮੱਠ ਵਿੱਚੋਂ ਨਿਕਲਿਆ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰ ਕੇ ਪ੍ਰਲੋਕ ਸਿਧਾਰ ਗਿਆ। ਸੰਸਰਾਮ ਨਿਵਾਸੀ ਚਾਚਾ ਫੱਗੂ ਜੋ ਗੁਰੂ ਨਾਨਕ ਦੇਵ ਜੀ ਦੇ ਦਰ ਘਰ ਦੇ ਪਿਆਰੇ ਸਿੱਖ ਸਨ, ਸਿੱਖੀ ਦੀ ਸੁਗੰਧੀ ਦੂਰ-ਦੂਰਾਡੇ ਪਹੁੰਚਾਇਆ ਕਰਦੇ ਸਨ।

ਸੰਸਰਾਮ ਵਿਖੇ ਆਪਣਾ ਮਕਾਨ ਤਿਆਰ ਕਰਨ ਸਮੇਂ ਹਵੇਲੀ ਦਾ ਦਰਵਾਜ਼ਾ ਆਮ ਲੋਕਾਂ ਨਾਲੋਂ ਉੱਚਾ ਅਤੇ ਖੁੱਲ੍ਹਾ ਰੱਖਿਆ। ਆਸ ਇਹ ਸੀ ਕਿ ਜਦ ਵੀ ਸਤਿਗੁਰੂ ਤੇਗ਼ ਬਹਾਦਰ ਸਾਹਿਬ ਸਾਨੂੰ ਨਿਹਾਲ ਕਰਨ ਆਉਣ ਤਾਂ ਘੋੜੇ 'ਤੇ ਚੜ੍ਹੇ ਚੜ੍ਹਾਏ ਹੀ ਹਵੇਲੀ ਅੰਦਰ ਲੰਘ ਜਾਣ। ਭੋਲੇ ਲੋਕ ਚਾਚੇ ਫੱਗੂ ਦੀ ਅੰਦਰਲੀ ਆਸ ਅਤੇ ਗੁਰੂ ਪਿਆਰ ਦੀ ਕਹਾਣੀ ਨੂੰ ਨਾ ਸਮਝ ਸਕੇ। ਉਨ੍ਹਾਂ ਕਹਿ ਹੀ ਦਿੱਤਾ ਸੀ—ਚਾਚਾ ਫੱਗੂ! ਇਹ ਉੱਚੀ ਡਿਉੜੀ ਕਾਹਦੇ ਵਾਸਤੇ ਬਣਾ ਦਿੱਤੀ? ਚਾਚੇ ਫੱਗੂ ਨੇ ਕਿਹਾ—ਵੇਖਿਓ! ਮੇਰੇ ਸਤਿਗੁਰੂ ਜੀ ਨੇ ਘੋੜੇ 'ਤੇ ਸੁਆਰ ਹੋ ਕੇ ਹੀ ਡਿਉੜੀ ਰਾਹੀਂ ਹਵੇਲੀ ਅੰਦਰ ਪਹੁੰਚਣਾ ਹੈ।

ਦਿਲਾਂ ਦੀਆਂ ਜਾਨਣਹਾਰ, ਤਿਆਗ, ਵੈਰਾਗ ਦੀ ਮੂਰਤ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਪੂਰਬ-ਉੱਤਰ ਦੀ ਯਾਤਰਾ ਸਮੇਂ ਚਾਚਾ ਫੱਗੂ ਜੀ ਦੇ ਘਰ ਘੋੜੇ ਉਪਰ ਸੁਆਰ ਹੋ ਕੇ ਹੀ ਪਹੁੰਚੇ। ਭੋਲੇ ਲੋਕ ਵੇਖ ਕੇ ਦੰਗ ਰਹਿ ਗਏ। ਜਿਸ ਹਿਰਦੇ ਅੰਦਰ ਗੁਰੂ ਦਾ ਵਾਸਾ ਹੁੰਦਾ ਹੈ, ਪਰਮਾਤਮਾ ਦੀ ਯਾਦ ਹੈ, ਉਥੇ ਸਾਰੀਆਂ ਬਰਕਤਾਂ ਦਾ ਨਿਵਾਸ ਹੁੰਦਾ ਹੈ। ਸ੍ਰੀ ਰਵਿਦਾਸ ਭਗਤ ਜੀ ਆਪਣਾ ਸਾਰਾ ਜੀਵਨ ਪਰਮਾਤਮਾ ਦੇ ਦਰਸ਼ਨਾਂ ਦੀ ਆਸ ਤੋਂ ਕੁਰਬਾਨ ਕਰ ਦਿੰਦੇ ਹਨ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

(ਧਨਾਸਰੀ ਭਗਤ ਰਵਿਦਾਸ ਜੀ ਕੀ, ਪੰਨਾ 694)

ਜਦ ਪਰਮਾਤਮਾ ਦੀ ਆਸ ਦਾ ਸੂਰਜ ਹਿਰਦੇ ਅੰਦਰ ਚੜ੍ਹ ਜਾਵੇ ਤਾਂ ਵਿਅਰਥ ਦੀਆਂ ਆਸਾਂ-ਖ਼ਾਹਿਸ਼ਾਂ ਦਾ ਬੋਝ ਤੇ ਚਿੰਤਾ ਉਤਰ ਜਾਂਦੀ ਹੈ। ਇਕ ਪ੍ਰਭੂ ਦੀ ਆਸ ਨੂੰ ਵਿਸਾਰ ਕੇ ਮਨੁੱਖ ਸੰਸਾਰ ਦੀਆਂ ਅਨੰਤ ਖ਼ਾਹਿਸ਼ਾਂ ਆਸਾਂ ਦੇ ਤੂਫ਼ਾਨ ਅੰਦਰ ਮਿੱਟ ਜਾਂਦਾ ਹੈ। ਗੁਰੂ ਕਰੇ ਹਰ ਮਨੁੱਖ ਦੇ ਮਨ ਮੰਦਰ ਵਿਚ ਪਰਮਾਤਮਾ ਦੀ ਭਗਤੀ ਦਾ ਦੀਪਕ ਜਗੇ। ਹਰ ਪ੍ਰਾਣੀ ਰੱਬੀ ਆਸ ਤੇ ਵਿਸ਼ਵਾਸ ਦੇ ਰੰਗ ਨਾਲ ਭਰ ਜਾਵੇ ਤਾਕਿ ਹਰ ਇਕ ਦਾ ਜੀਵਨ ਸਫਲ ਹੋ ਸਕੇ।

ਮਨ ਦੀ ਭੇਟਾ

ਪਰਮਾਤਮਾ ਦੀ ਪ੍ਰਾਪਤੀ ਕਿਹੜੀ ਭੇਟਾ ਦਿੱਤਿਆਂ ਹੋ ਸਕਦੀ ਹੈ ? ਪਰਮਾਰਥ ਦੇ ਮਾਰਗ ਦੇ ਪਾਂਧੀਆਂ ਲਈ ਇਹ ਇਕ ਅਹਿਮ ਸੁਆਲ ਹੈ। ਠੀਕ ਹੈ ਧਨ-ਦੌਲਤ, ਸੋਨਾ, ਚਾਂਦੀ ਆਦਿ ਦੀ ਅਹਿਮੀਅਤ ਦੁਨੀਆ ਅੰਦਰ ਬਹੁਤ ਜ਼ਿਆਦਾ ਹੈ। ਇਸ ਦੁਨੀਆ ਦਾ ਸਾਰਾ ਧੰਦਾ ਅਤੇ ਵਿਉਪਾਰ, ਸਾਰੀ ਖ਼ਰੀਦੋ-ਫ਼ਰੋਖ਼ਤ, ਸੁੱਖ-ਸਹੂਲਤਾਂ ਦੇ ਸਾਧਨ, ਧਨ-ਦੌਲਤ ਦੇ ਆਸਰੇ ਹੀ ਹਨ। ਫਿਰ ਕੁਝ ਹੱਦ ਤਕ ਪਦਵੀਆਂ, ਚੌਧਰਾਂ ਆਦਿ ਵੀ ਦੌਲਤ ਨਾਲ ਖ਼ਰੀਦੀਆਂ ਤੇ ਵੇਚੀਆਂ ਜਾਂਦੀਆਂ ਹਨ। ਫਿਰ ਮਾਣ-ਸਨਮਾਨ ਵੀ ਵਿਕਦੇ ਹਨ। ਇਨ੍ਹਾਂ ਦਾ ਵੀ ਮੁੱਲ ਪੈਂਦਾ ਹੈ। ਵਸਤੂਆਂ ਦਾ ਮੁੱਲ ਤਾਂ ਹੈ ਹੀ, ਮਨੁੱਖ ਦਾ ਈਮਾਨ ਵੀ ਵਿਕਦਾ ਹੈ। ਕੀਮਤ ਮਿਲਣੀ ਚਾਹੀਦੀ ਹੈ। ਹਜ਼ਾਰਾਂ ਸਾਲਾਂ ਤੋਂ ਐਸਾ ਹੁੰਦਾ ਰਿਹਾ ਹੈ। ਚਾਣਕੀਯ ਨੇ ਚਾਰ ਨੀਤੀਆਂ ਵਿੱਚੋਂ ਇਕ ਦਾਮ ਨੂੰ ਵੀ ਰੱਖਿਆ ਹੈ—ਸਾਮ, ਦਾਮ, ਦੰਡ, ਭੇਦ। ਕਿਸੇ ਦੀ ਸ਼ਰਨ ਪੈ ਜਾਣਾ ਜਾਂ ਦੌਲਤ ਨਾਲ ਆਦਮੀ ਖ਼ਰੀਦ ਲੈਣੇ ਜਾਂ ਦੰਡਿਤ ਕਰ ਕੇ ਦਬਾ ਲੈਣਾ ਜਾਂ ਭੇਦ ਦੇਣਾ, ਪਾੜੋ ਤੇ ਰਾਜ ਕਰੋ, ਆਪਣਾ ਧੜਾ ਮਜ਼ਬੂਤ ਕਰਨ ਵਾਸਤੇ ਅਜੋਕੇ ਸਮੇਂ ਅੰਦਰ ਖ਼ਰੀਦੋ-ਫ਼ਰੋਖ਼ਤ ਦਾ ਧੰਦਾ ਜ਼ੋਰ-ਸ਼ੋਰ ਨਾਲ ਚੱਲਦਾ ਪਿਆ ਹੈ। ਜਿੰਨਾ ਕੋਈ ਇਸ ਧੰਦੇ ਵਿਚ ਮਾਹਿਰ ਹੈ, ਉਨਾ ਹੀ ਵੱਡਾ ਰਾਜਨੀਤਕ ਹੈ।

ਪਰ ਪਰਮਾਤਮਾ ਦੇ ਸਬੰਧ ਵਿਚ ਐਸਾ ਨਹੀਂ ਚੱਲਦਾ। ਧਨ-ਦੌਲਤ, ਸੋਨਾ-ਚਾਂਦੀ ਪਰਮਾਤਮਾ ਨੂੰ ਰਿਝਾਅ ਨਹੀਂ ਸਕਦੇ। ਕਬੀਰ ਸਾਹਿਬ ਜੀ ਦਾ ਬਚਨ ਹੈ :

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥ *(ਗਉੜੀ ਕਬੀਰ ਜੀ ਤਿਪਦੇ, ਪੰਨਾ 327)*

ਸਾਡੀ ਸੰਸਾਰਕ ਦ੍ਰਿਸ਼ਟੀ ਤੋਂ ਕੰਚਨ ਸੋਨਾ ਬੜਾ ਕੀਮਤੀ ਹੈ। ਜਿਸ ਮਨੁੱਖ ਕੋਲ ਸੋਨਾ ਚਾਂਦੀ ਦੌਲਤ ਜ਼ਿਆਦਾ ਹੈ, ਉਹ ਅਮੀਰੀ ਦੀ ਸਿਖਰਲੀ ਪੌੜੀ 'ਤੇ ਬੈਠਾ ਹੈ। ਜਿਸ ਕੋਲ ਸੋਨਾ, ਦੌਲਤ ਥੋੜਾ ਹੈ ਜਾਂ ਨਹੀਂ ਹੈ, ਉਹ ਹੀ ਗ਼ਰੀਬ ਹੈ। ਅਮੀਰੀ ਅਤੇ ਗ਼ਰੀਬੀ ਦਾ ਇਹੋ ਹੀ ਪੈਮਾਨਾ ਹੈ ਸੰਸਾਰੀਆਂ ਪਾਸ, ਜਿਸ ਨਾਲ ਅਸੀਂ ਮਨੁੱਖ ਦੀ ਸ਼ਖ਼ਸੀਅਤ ਨੂੰ ਨਾਪਦੇ ਹਾਂ, ਪਰ ਧਰਮ ਦੀ ਦੁਨੀਆ ਅੰਦਰ ਇਹ ਪੈਮਾਨਾ ਨਹੀਂ ਚੱਲਦਾ। ਧਰਮ ਦੀ ਦੁਨੀਆ ਅੰਦਰ ਜੋ ਅਮੀਰੀ ਦਾ ਪੈਮਾਨਾ ਹੈ ਉਹ ਹੈ ਸ਼ੁਭ ਕਰਨੀ ਅਤੇ ਪ੍ਰਭੂ ਦਾ ਸਿਮਰਨ। ਜੈਸੇ ਭਾਈ ਗੁਰਦਾਸ ਜੀ ਲਿਖਦੇ ਹਨ :

ਤੈਸੇ ਗਿਆਨ ਗੋਸਟ ਕਹਤ ਨ ਰਹਤ ਪਾਵੈ,
ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ ॥ *(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)*

ਤਥਾ :

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥ *(ਸਿਰੀਰਾਗੁ ਮਹਲਾ ੧ ਘਰੁ ੪, ਪੰਨਾ 25)*

ਇਕ ਸ਼ਾਇਰ ਦੇ ਵੀ ਬੋਲ ਹਨ :

ਅਮਲ ਸੇ ਜ਼ਿੰਦਗੀ ਬਨਤੀ ਹੈ ਜੰਨਤ ਭੀ ਜਹੰਨਮ ਭੀ,
ਯੇ ਖ਼ਾਕੀ ਆਪਨੀ ਫ਼ਿਤਰਤ ਸੇ ਨਾ ਨੂਰੀ ਹੈ ਨਾ ਨਾਰੀ ਹੈ।

ਰੱਬੀ ਪੁਰਸ਼ਾਂ ਨੇ ਆਖਿਆ ਹੈ, ਜਿਸ ਮਨੁੱਖ ਕੋਲ ਦਇਆ ਨਹੀਂ, ਖਿਮਾ ਨਹੀਂ, ਸੰਤੋਖ ਨਹੀਂ, ਸੀਲ ਸੁਭਾਅ ਨਹੀਂ, ਪ੍ਰੇਮ ਨਹੀਂ, ਸ਼ੁਭ ਕਰਮਨ ਦਾ ਚਾਉ ਨਹੀਂ, ਬੰਦਗੀ ਨਹੀਂ, ਉਹ ਦੌਲਤ ਨਾਲ ਮਾਲਾ-ਮਾਲ ਹੁੰਦਾ ਹੋਇਆ ਵੀ ਗ਼ਰੀਬ ਹੈ, ਮੁਫ਼ਲਸ ਹੈ ਅਤੇ ਤਰਸ ਦਾ ਪਾਤਰ ਹੈ :

ਕਹਿ ਕਬੀਰ ਨਿਰਧਨੁ ਹੈ ਸੋਈ ॥
ਜਾ ਕੇ ਹਿਰਦੈ ਨਾਮੁ ਨ ਹੋਈ ॥ *(ਭੈਰਉ ਕਬੀਰ ਜੀ, ਪੰਨਾ 1159)*

ਬਨਾਰਸ ਦੇ ਕਿਸੇ ਚੌਕ ਅੰਦਰ ਬੈਠੇ ਭਗਤ ਰਵਿਦਾਸ ਜੀ ਭਗਤੀ ਕਰਕੇ ਸੰਸਾਰ ਅੰਦਰ ਸਭ ਤੋਂ ਅਮੀਰ ਹਨ। ਬਾਹਰੋਂ ਬਹੁਤ ਗ਼ੁਰਬਤ ਦਿਖਾਈ ਦਿੰਦੀ ਹੈ। ਤਨ ਉਪਰ ਬਸਤਰ ਵੀ ਸਾਦੇ ਜਿਹੇ ਹਨ। ਲੋਕਾਂ ਦੀਆਂ ਟੁੱਟੀਆਂ ਜੁੱਤੀਆਂ ਵੀ ਗੰਢਦੇ ਹਨ ਅਤੇ ਜੁੱਤੀ ਗੰਢਾਉਣ ਵਾਲੇ ਨੂੰ ਪ੍ਰਭੂ ਪਿਆਰ ਦੇ ਬਚਨ ਸੁਣਾ-ਸੁਣਾ ਕੇ ਉਸ ਦੇ ਟੁੱਟੇ ਮਨ ਨੂੰ ਵੀ ਰੱਬ ਨਾਲ ਜੋੜ ਦਿੰਦੇ ਹਨ। ਪਿਤਾ-ਪੁਰਖੀ ਕਿੱਤਾ ਜੀਵਨ-ਨਿਰਬਾਹ ਮਾਤਰ ਕਰਦੇ ਹਨ। ਪਰਮਾਤਮਾ ਦੀ ਬੰਦਗੀ ਕਰ-ਕਰ ਕੇ ਅਮੋਲਕ ਹੀਰੇ ਬਣ ਗਏ ਹਨ। ਇਹ ਵੱਖਰੀ ਗੱਲ ਹੈ ਕਿ ਇਹ ਹੀਰਾ ਚੀਥੜਿਆਂ ਵਿਚ ਛੁਪਿਆ ਹੋਇਆ ਹੈ। ਦੁਨਿਆਵੀ ਦ੍ਰਿਸ਼ਟੀ ਤੋਂ ਗ਼ਰੀਬ ਹਨ, ਪਰ ਧਰਮ ਦੀ ਦ੍ਰਿਸ਼ਟੀ ਤੋਂ ਸੱਚੇ ਧਨਾਢ ਹਨ। ਭਾਈ ਗੁਰਦਾਸ ਜੀ ਲਿਖਦੇ ਹਨ :

ਭਗਤੁ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ ॥
ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ ॥
ਜਿਉ ਕਰਿ ਮੈਲੈ ਚੀਥੜੈ ਹੀਰਾ ਲਾਲ ਅਮੋਲੁ ਪਲੇਟਾ ॥
ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤ ਸਹੇਟਾ ॥
(ਵਾਰ 10, ਪਉੜੀ 17)

ਐਸੀ ਹੈ ਕੋਲ ਅਮੀਰੀ, ਜੋ ਕੋਈ ਘਟਾ ਨਹੀਂ ਸਕਦਾ, ਜਿਸ ਦੇ ਹੁੰਦਿਆਂ ਸਦਾ ਖੇੜੇ ਅਤੇ ਚੜ੍ਹਦੀ ਕਲਾ ਬਣੀ ਰਹਿੰਦੀ ਹੈ। ਇਸ ਅਮੀਰੀ ਨੂੰ ਗੁਰਮਤਿ ਨੇ ਸਤਿਕਾਰਿਆ ਵੀ ਹੈ ਅਤੇ ਵਡਿਆਇਆ ਵੀ ਹੈ। ਖ਼ਜ਼ਾਨਿਆਂ ਦੇ ਮਾਲਕ ਤੇ ਹਿੰਦੋਸਤਾਨ ਦੇ ਸਿੰਘਾਸਨ ਉੱਤੇ ਬੈਠੇ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮੇ' ਰਾਹੀਂ ਕਹਿ ਹੀ ਦਿੱਤਾ ਕਿ ਐ ਬਾਦਸ਼ਾਹ! ਤੈਨੂੰ ਜੇਕਰ ਫ਼ੌਜਾਂ ਅਤੇ ਦੌਲਤ ਦਾ ਮਾਨ ਹੈ ਤਾਂ ਸਾਨੂੰ ਅਕਾਲ ਪੁਰਖ ਦੀ ਓਟ ਹੈ :

ਤੁਰਾ ਗਰ ਨਜ਼ਰ ਹਸਤ ਲਸ਼ਕਰ ਵਜ਼ਰ ॥
ਕਿ ਮਾਰਾ ਨਿਗਾਹ ਸਤ ਯਜ਼ਦਾਂ ਸ਼ੁਕਰ ॥ *(ਜ਼ਫ਼ਰਨਾਮਾ, ਪਾਤਿਸ਼ਾਹੀ ੧੦)*

ਗੁਰੂ ਅਰਜਨ ਦੇਵ ਜੀ ਨੇ ਚਉਬੋਲੇ ਸਿਰਲੇਖ ਹੇਠ ਬਾਣੀ ਅੰਦਰ ਇਕ ਗਾਥਾ ਦਾ ਜ਼ਿਕਰ ਕੀਤਾ ਹੈ। ਰਾਵਣ ਨੇ ਆਪਣੇ ਇਸ਼ਟ ਦੀ ਪ੍ਰਸੰਨਤਾ ਧਨ, ਸੋਨੇ ਨਾਲ ਨਹੀਂ, ਸਗੋਂ ਆਪਣੇ ਸਿਰ ਕੱਟ ਕੇ ਭੇਟ ਕਰ ਕੇ ਪ੍ਰਾਪਤ ਕੀਤੀ। ਹਾਲਾਂਕਿ ਰਾਵਣ ਕੋਈ ਗ਼ਰੀਬ ਕੰਗਾਲ ਨਹੀਂ ਸੀ। ਉਹ ਜਾਣਦਾ ਸੀ ਕਿ ਇਸ਼ਟ ਦੇ ਪਿਆਰ ਨੂੰ ਦੌਲਤ ਨਾਲ ਨਹੀਂ ਪ੍ਰਾਪਤ ਕੀਤਾ ਜਾ ਸਕਦਾ :

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥

(ਚਉਬੋਲੇ ਮਹਲਾ ੫, ਪੰਨਾ 1363)

ਰਾਜੇ ਜਨਕ ਨੇ ਜਦ ਗੁਰੂ ਦੀ ਚਾਹਤ ਬਣਾਈ ਤਾਂ ਅਸ਼ਟਾਵਕ੍ਰ ਰਿਸ਼ੀ ਨੂੰ ਉਸ ਨੇ ਆਪਣਾ ਮਨ ਭੇਟ ਕੀਤਾ ਸੀ। ਤਦ ਰਾਜੇ ਜਨਕ ਨੂੰ ਗੁਰੂ ਗਿਆਨ ਪ੍ਰਾਪਤ ਹੋਇਆ ਸੀ। ਪਰਮਾਤਮਾ ਦੀ ਭੇਟਾ ਮਨ ਹੀ ਹੈ। ਗੁਰਵਾਕ ਹੈ :

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ *(ਗਉੜੀ ਸੁਖਮਨੀ ਮ: ੫, ਪੰਨਾ 286)*

ਬੈਰੂਨੀ ਦੁਨੀਆ ਦੇ ਬਾਦਸ਼ਾਹਾਂ ਦੀ ਅੰਦਰਲੀ ਹਾਲਤ ਭਗਤੀ ਬਿਨਾਂ ਕੰਗਾਲਾਂ ਤੋਂ ਵੀ ਬਦਤਰ ਹੁੰਦੀ ਹੈ। ਅਨੰਤ ਰਾਜੇ ਇਸ ਪ੍ਰਿਥਵੀ ਉਪਰ ਆਪਣੇ ਹੁਕਮ ਚਲਾ-ਚਲਾ ਕੇ ਗਏ ਹਨ, ਪਰ ਭਗਤੀ ਤੋਂ ਝੋਲੀ ਖ਼ਾਲੀ ਰਹੇ। ਅਜਿਹੇ ਰਾਜੇ ਭੀੜੇ ਰਾਹ (ਨਰਕਾਂ) ਦੇ ਪਾਂਧੀ ਬਣੇ। ਵਾਰ ਆਸਾ ਅੰਦਰ ਗੁਰੂ ਜੀ ਦਾ ਫ਼ੁਰਮਾਨ ਹੈ :

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥ *(ਵਾਰ ਆਸਾ, ਪਉੜੀ, ਪੰਨਾ 470)*

ਤਥਾ :

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥
ਭੂਤ ਭਵਿੱਖ ਭਵਾਨ ਕੇ ਭੂਪਤ ਕਉਨੁ ਗਨੈ ਨਹੀਂ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥

(ਤ੍ਵਪ੍ਰਸਾਦਿ ਸਵੱਯੇ, ਪਾ: ੧੦)

ਭਗਤੀਹੀਣ ਮਨੁੱਖ ਕੰਗਾਲ ਦੀ ਤਰ੍ਹਾਂ ਹੀ ਹੈ। ਜਿਸ ਮਨੁੱਖ ਨੇ ਆਪਣੇ ਮਨ ਨੂੰ ਪਰਮਾਤਮਾ ਦੀ ਭੇਟਾ ਕਰ ਦਿੱਤਾ, ਉਹ ਹੀ ਭਗਤੀ ਦੇ ਰੰਗ ਵਿਚ ਰੰਗਿਆ ਹੋਵੇਗਾ। ਉੱਚੀ ਸੋਭਾ ਉਸ ਦੀ ਹੋਵੇਗੀ, ਵੱਡੀ ਕੁਲ ਵਾਲਾ ਬਣੇਗਾ ਤੇ ਅਸਲ ਧਨਾਢ ਹੋਵੇਗਾ :

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ *(ਗਉੜੀ ਸੁਖਮਨੀ ਮ: ੫, ਪੰਨਾ 294)*

ਮਨ ਤੋਂ ਬਿਨਾਂ ਹੋਰ ਕੋਈ ਭੇਟਾ ਨਹੀਂ। ਮਨ ਦੇ ਪਿੱਛੇ ਹੀ ਸਭ ਕੁਝ ਭੇਟ ਹੈ। ਮਨ ਨਹੀਂ ਰੱਖਿਆ ਭੇਟਾ, ਹੋਰ ਬਹੁਤ ਕੁਝ ਰੱਖਿਆ ਤਾਂ ਇਹ ਭੇਟਾ ਵਿਖਾਵਾ ਜਾਂ

ਹਉਮੈ ਦਾ ਪ੍ਰਗਟਾਵਾ ਹੋਵੇਗੀ। ਮਨ ਭੇਟਾ ਹੋ ਗਿਆ, ਨਾਲ ਆਪਣੇ ਆਪ ਸਭ ਕੁਝ ਭੇਟ ਹੋ ਗਿਆ। ਮਨ ਕੀ ਹੈ—ਆਪਣੀ ਮਰਜ਼ੀ, ਆਪਣੇ ਵਿਚਾਰ। ਮਨ ਦੇ ਨਾਲ ਤਨ ਤੇ ਤਨ ਦੇ ਆਸਰੇ ਧਨ ਆਦਿ। ਬਸ ਧਰਮ ਨੇ ਇਹੋ ਇਕ ਭੇਟਾ ਦੱਸੀ ਹੈ। ਜਿਸ ਨੂੰ ਇਹ ਮੁੱਲ ਦੇਣਾ ਆ ਜਾਵੇ, ਉਸ ਦੀ ਪ੍ਰਭੂ ਨਾਲ, ਵਾਹਿਗੁਰੂ ਜੀ ਨਾਲ, ਪੱਕੀ ਸਾਂਝ ਬਣ ਜਾਂਦੀ ਹੈ :

ਮਨੁ ਤਨੁ ਤੇਰਾ ਧਨੁ ਭੀ ਤੇਰਾ ॥
ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ *(ਮਾਝ ਮਲਾਰ ੫, ਪੰਨਾ 106)*

ਫਿਰ ਐਸੀ ਪ੍ਰੀਤ ਨੂੰ ਕੋਈ ਵੀ ਤੋੜ ਨਹੀਂ ਸਕਦਾ :

ਮੂ ਲਾਲਨ ਸਿਉ ਪ੍ਰੀਤਿ ਬਨੀ ॥ਰਹਾਉ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥

(ਬਿਲਾਵਲੁ ਮਹਲਾ ੫, ਪੰਨਾ 827)

ਸਤਿਸੰਗਤ ਤੇ ਕੁਸੰਗਤ

ਮਨੁੱਖ ਨੂੰ ਆਪਣੀ ਜ਼ਿੰਦਗੀ ਅੰਦਰ ਪਰਮ ਅਨੰਦ ਪ੍ਰਾਪਤ ਕਰਨ ਲਈ ਸਤਿਸੰਗਤ ਦੀ ਜ਼ਰੂਰਤ ਹੈ। ਉਨ੍ਹਾਂ ਪੁਰਸ਼ਾਂ ਦੀ ਸੰਗਤ, ਜਿਨ੍ਹਾਂ ਕੋਲ ਬੈਠਿਆਂ ਸਤਿਗੁਰੂ ਜੀ ਦੀ ਸ਼ਰਧਾ ਬਣੇ। ਵਾਹਿਗੁਰੂ ਦਾ ਭਰੋਸਾ ਪੱਕਾ ਹੋਵੇ। ਅਜਿਹੀ ਸੰਗਤ ਤੋਂ ਸਾਵਧਾਨਤਾ ਦੀ ਲੋੜ ਹੈ, ਜਿਥੇ ਬੈਠਿਆਂ ਗੁਰੂ ਪਿਆਰ ਘਟੇ ਅਤੇ ਮਨ ਪਰਮਾਤਮਾ ਦੀ ਹਸਤੀ ਤੋਂ ਮੁਨਕਰ ਹੋਵੇ। ਭਾਈ ਨੰਦ ਲਾਲ ਜੀ ਦੇ 'ਜ਼ਿੰਦਗੀਨਾਮਾ' ਅੰਦਰ ਬਚਨ ਹਨ :

ਆਂ ਹਜੂਮਿ ਖ਼ੁਸ਼ ਕਿ ਬਹਿਰਿ ਯਾਦਿ ਊ-ਸਤ।
ਆਂ ਹਜੂਮਿ ਖ਼ੁਸ਼ ਕਿ ਹੱਕ ਬੁਨਿਆਦਿ ਊ-ਸਤ।

ਉਹ ਸਤਿਸੰਗ ਸੁਭਾਗਾ ਹੈ, ਜੋ ਰੱਬ ਦੀ ਯਾਦ ਲਈ ਹੋਵੇ। ਉਹ ਸਤਿਸੰਗ ਸੁਭਾਗਾ ਹੈ, ਜਿਸ ਦੀ ਨੀਂਹ ਸਤਿ ਉੱਤੇ ਹੋਵੇ। ਫਿਰ ਇਕ ਸ਼ੇਅਰ ਅੰਦਰ ਕੁਸੰਗਤ ਤੋਂ ਸੁਚੇਤ ਕਰਦੇ ਹਨ :

ਆਂ ਹਜੂਮਿ ਬਦ ਕਿ ਸ਼ੈਤਾਨੀ ਬਵਦ।
ਆਕਬਤ ਅਜ਼ ਵੈ ਪਸ਼ੇਮਾਨੀ ਬਵਦ।

ਉਹ ਇਕੱਠ ਭੈੜਾ ਹੈ, ਜਿਥੇ ਸ਼ੈਤਾਨੀ ਦੇ ਕੰਮ ਹੋਵਣ ਅਤੇ ਜਿਸ ਤੋਂ ਅੱਗੇ ਨੂੰ ਪਛਤਾਵਾ ਲੱਗਦਾ ਹੋਵੇ। ਖ਼ਲਾਅ ਅੰਦਰ ਕੁਝ ਇਸ ਤਰ੍ਹਾਂ ਦੇ ਜਰਮ ਹਨ ਜੋ ਸਰੀਰ ਅੰਦਰ ਪ੍ਰਵੇਸ਼ ਕਰ ਜਾਣ ਤਾਂ ਸਰੀਰ ਰੋਗੀ ਹੋ ਜਾਂਦਾ ਹੈ। ਮਨੁੱਖਾਂ ਦੇ ਸਮੂਹ ਅੰਦਰ ਅਤੇ ਕੁਝ ਅਸ਼ਰਧਕ ਲਿਖਤਾਂ ਅੰਦਰ ਐਸੇ ਵਿਚਾਰ ਹਨ, ਜਿਨ੍ਹਾਂ ਦੇ ਮਨ ਅੰਦਰ ਪ੍ਰਵੇਸ਼ ਹੁੰਦਿਆਂ ਹੀ ਮਨੁੱਖ ਰੱਬੀ ਹਸਤੀ ਤੋਂ ਬੇਮੁਖ ਹੋ ਜਾਂਦਾ ਹੈ। ਸਤਿਗੁਰੂ ਤੋਂ ਤੋੜ ਦਿੰਦੇ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਲਿਖਦੇ ਹਨ :

ਕਾਹੂ ਦਸਾ ਕੇ ਪਵਨ ਗਵਨ ਕੈ ਬਰਖਾ ਹੈ,
ਕਾਹੂ ਦਸਾ ਕੋ ਪਵਨ ਬਾਦਰ ਬਿਲਾਤ ਹੈ॥
ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ,
ਕਾਹੂ ਜਲ ਪਾਨ ਬਿਆਪੈ ਬ੍ਰਿਥਾ ਬਿਲਲਾਤ ਹੈ॥
ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ,
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ॥
ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੁਇ,
ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ॥੫੪੯॥ *(ਕਬਿੱਤ ਸਵੱਯੇ)*

ਕਿਸੇ ਪਾਸਿਓਂ ਹਵਾ ਦੇ ਚੱਲਣ ਨਾਲ ਬੱਦਲ ਆਉਂਦੇ ਹਨ। ਭਰਪੂਰ ਵਰਖਾ ਹੁੰਦੀ ਹੈ। ਤਪਸ਼ ਮਿਟਦੀ ਹੈ, ਪਰ ਹਵਾ ਉਲਟ ਦਿਸ਼ਾ ਵਿਚ ਚੱਲਣ ਲੱਗ ਪਵੇ ਤਾਂ ਬੱਦਲਾਂ ਨੂੰ ਉਡਾ ਕੇ ਲੈ ਜਾਂਦੀ ਹੈ। ਤਪਸ਼ ਤੇ ਪਰੇਸ਼ਾਨੀਆਂ ਵੱਧ ਜਾਂਦੀਆਂ ਹਨ। ਇਸੇ ਤਰ੍ਹਾਂ ਕਿਸੇ ਜਗ੍ਹਾ ਦਾ ਪਾਣੀ ਸਰੀਰ ਨੂੰ ਅਰੋਗਤਾ ਦੇਈ ਰੱਖਦਾ ਹੈ, ਪਰ ਕਿਸੇ ਜਗ੍ਹਾ ਦਾ ਪਾਣੀ ਸਰੀਰ ਨੂੰ ਰੋਗ ਗ੍ਰਸਤ ਕਰ ਦਿੰਦਾ ਹੈ। ਇੰਜ ਹੀ ਚੁੱਲ੍ਹੇ ਅੰਦਰ ਮਰਯਾਦਾ ਪੂਰਵਕ ਅਗਨੀ ਭੋਜਨ ਪਕਵਾਨ ਤਿਆਰ ਕਰਨ ਵਿਚ ਮਦਦਗਾਰ ਹੁੰਦੀ ਹੈ, ਪਰ ਕਿਸੇ ਜਗ੍ਹਾ ਅਗਨੀ ਘਰਾਂ ਨੂੰ ਜਲਾ ਕੇ ਮਨੁੱਖ ਦਾ ਪੱਲਾ ਹੰਝੂਆਂ ਨਾਲ ਭਰ ਦੇਂਦੀ ਹੈ।

ਇਸੇ ਤਰ੍ਹਾਂ ਕੁਝ ਪੁਰਸ਼ਾਂ ਦੀ ਸੰਗਤ ਹਿਰਦੇ ਅੰਦਰ ਗੁਰੂ ਦਾ ਪਿਆਰ ਪੱਕਾ ਕਰਦੀ ਹੈ। ਪਰਮਾਤਮਾ ਦਾ ਭਰੋਸਾ ਮਿਲਦਾ ਹੈ, ਪਰ ਕਈ ਮਨੁੱਖਾਂ ਦੀ ਸੰਗਤ ਅਸ਼ਰਧਕ ਬਣਾ ਦਿੰਦੀ ਹੈ। ਸੁਰਤ ਨੀਵੀਂ ਡਿੱਗ ਜਾਂਦੀ ਹੈ। ਜੀਵਨ ਭੋਗਾਂ ਤਕ ਸੀਮਤ ਹੋ ਕੇ ਰਹਿ ਜਾਂਦਾ ਹੈ। ਮਨ ਇਕ ਪੰਛੀ ਵਾਂਗ ਹੈ, ਜਿਸ ਵੀ ਬ੍ਰਿਛ 'ਤੇ ਬੈਠੇਗਾ, ਉਸ ਦੇ ਹੀ ਫਲ ਖਾਣ ਲੱਗ ਪੈਂਦਾ ਹੈ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥
(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1369)

ਜਿਹੋ ਜਿਹਾ ਮਨੁੱਖ ਨੂੰ ਸੰਗ ਸਾਥ ਜੀਵਨ 'ਚ ਮਿਲਦਾ ਹੈ, ਉਹੋ ਜਿਹਾ ਹੀ ਇਸ ਦਾ ਸੁਭਾਅ ਬਣ ਜਾਂਦਾ ਹੈ। ਟੁੱਟਿਆਂ ਲਾਗੇ ਬੈਠੇ ਤਾਂ ਟੁੱਟ ਜਾਂਦਾ ਹੈ। ਜੁੜਿਆਂ ਲਾਗੇ ਬੈਠੇ ਤਾਂ ਜੁੜਨ ਦਾ ਚਾਉ ਪੈਦਾ ਹੋ ਜਾਂਦਾ ਹੈ।

ਇਕ ਬੜੀ ਪਿਆਰੀ ਕਥਾ ਹੈ। ਆਦਿ ਭਗਤ ਪ੍ਰਹਿਲਾਦ ਜੀ ਦੇ ਹਿਰਦੇ ਅੰਦਰ ਪਰਮਾਤਮਾ ਦਾ ਵਿਸ਼ਵਾਸ ਇਕ ਸਿਦਕਵਾਨ ਇਸਤਰੀ ਦੇ ਸਿਦਕ ਨੂੰ ਵੇਖ ਕੇ ਬਣਿਆ। ਇਕ ਔਰਤ ਜਿਸ ਨੇ ਰੱਬ ਦੀ ਬੇਅੰਤ ਸ਼ਕਤੀ ਦੀਆਂ ਕਥਾ ਕਹਾਣੀਆਂ ਸੁਣੀਆਂ ਸਨ, ਉਸ ਦੇ ਕੋਲ ਬਾਲ ਪ੍ਰਹਿਲਾਦ ਜਾ ਖੜਾ ਹੋਇਆ। ਉਸ ਔਰਤ ਨੇ ਅੱਖਾਂ ਬੰਦ ਕੀਤੀਆਂ ਸਨ ਅਤੇ ਧਿਆਨ ਮਗਨ ਹੋ ਕੇ ਹੱਥ ਬੰਨ੍ਹ ਅਰਦਾਸਾਂ ਕਰ ਰਹੀ ਸੀ ਕਿ ਹੇ ਪਰਮਾਤਮਾ ਜੀ ! ਮੈਥੋਂ ਬਹੁਤ ਵੱਡੀ ਭੁੱਲ ਹੋ ਗਈ ਹੈ। ਹੁਣ ਤੂੰ ਹੀ ਇਨ੍ਹਾਂ ਬੱਚਿਆਂ ਨੂੰ ਬਚਾ ਸਕਦਾ ਏਂ। ਜਦ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਬਾਲ ਪ੍ਰਹਿਲਾਦ ਨੇ ਉਸ ਔਰਤ ਪਾਸੋਂ ਪੁੱਛਿਆ ਕਿ ਚਾਚੀ ! ਤੈਥੋਂ ਕੀ ਭੁੱਲ ਹੋ ਗਈ ? ਕਿਹੜੇ ਬੱਚਿਆਂ ਨੂੰ ਬਚਾਉਣ ਵਾਸਤੇ ਕਿਸ ਦੇ ਅੱਗੇ ਬੇਨਤੀਆਂ ਕਰ ਰਹੀ ਸੈਂ ? ਉਸ ਔਰਤ ਨੇ ਬਾਲ ਪ੍ਰਹਿਲਾਦ ਨੂੰ ਦੱਸਿਆ ਕਿ ਮੈਂ ਮਿੱਟੀ ਦੇ ਭਾਂਡੇ ਬਣਾਏ ਸਨ। ਉਨ੍ਹਾਂ ਭਾਂਡਿਆਂ ਵਿੱਚੋਂ ਇਕ ਭਾਂਡੇ ਅੰਦਰ ਬਿੱਲੀ ਨੇ ਆਪਣੇ ਬੱਚਿਆਂ ਨੂੰ ਜਨਮ ਦਿੱਤਾ ਸੀ। ਭਾਂਡੇ ਪਕਾਉਣ ਸਮੇਂ ਮੈਂ ਉਨ੍ਹਾਂ ਬੱਚਿਆਂ ਵਾਲਾ ਭਾਂਡਾ ਵੱਖਰਾ ਕਰਨਾ ਭੁੱਲ ਗਈ। ਹੁਣ ਮੈਂ ਲੱਕੜਾਂ ਨੂੰ ਅੱਗ ਲਗਾ ਚੁੱਕੀ ਹਾਂ ਤਾਂ ਮੈਨੂੰ ਬੱਚਿਆਂ ਦਾ ਚੇਤਾ ਆਇਆ ਹੈ। ਮੈਥੋਂ ਬਹੁਤ ਵੱਡੀ ਭੁੱਲ ਹੋ ਗਈ ਹੈ। ਹੁਣ ਤਾਂ ਬੱਚਿਆਂ ਨੂੰ ਜੇ ਪਰਮਾਤਮਾ ਚਾਹਵੇ ਤਾਂ ਉਹ ਹੀ ਬਚਾਅ ਸਕਦਾ ਹੈ। ਮੇਰੇ ਵੱਸ ਹੁਣ ਕੁਝ ਨਹੀਂ ਰਿਹਾ। ਪ੍ਰਹਿਲਾਦ ਨੇ ਕਿਹਾ ਕਿ ਰੱਬ

ਅੱਗ ਵਿੱਚੋਂ ਵੀ ਬਚਾਅ ਲੈਂਦਾ ਹੈ ? ਤਾਂ ਔਰਤ ਨੇ ਕਿਹਾ—ਹਾਂ ! ਉਸ ਦੇ ਹੱਥ ਸਾਰੀ ਤਾਕਤ ਹੈ।

ਪ੍ਰਹਿਲਾਦ ਨੇ ਕਿਹਾ ਕਿ ਜਦੋਂ ਅੱਗ ਠੰਡੀ ਹੋਵੇਗੀ, ਮੈਂ ਵੀ ਵੇਖਾਂਗਾ। ਜਦ ਭਾਂਡਿਆਂ ਵਾਲੀ ਅੱਗ ਠੰਡੀ ਹੋਈ ਤਾਂ ਔਰਤ ਨੇ ਕੀ ਵੇਖਿਆ ਕਿ ਸਾਰੇ ਭਾਂਡੇ ਪੱਕ ਗਏ ਹਨ ਪਰ ਬਲੂੰਗੜਿਆਂ ਵਾਲਾ ਭਾਂਡਾ ਕੱਚਾ ਹੀ ਰਿਹਾ ਅਤੇ ਬੱਚੇ ਸੜਨੋਂ ਬਚ ਗਏ। ਇਹ ਕ੍ਰਿਸ਼ਮਾ ਵੇਖ ਕੇ ਬਾਲ ਪ੍ਰਹਿਲਾਦ ਦੇ ਮਨ ਅੰਦਰ ਪਰਮਾਤਮਾ ਦੀ ਸਰਬ ਸ਼ਕਤੀਵਾਨ ਹਸਤੀ ਦਾ ਭਰੋਸਾ ਪੱਕਾ ਹੋ ਗਿਆ। ਸਿਦਕਵਾਨਾਂ ਦੇ ਕੋਲ ਬੈਠਿਆਂ ਸਿਦਕ ਮਿਲਦਾ ਹੈ। ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ *(ਗਉੜੀ ਸੁਖਮਨੀ ਮ: ੫, ਪੰਨਾ 285)*

ਸਚਿਆਰਿਆਂ ਕੋਲੋਂ ਸਤਿ ਦੀ ਛੁਹ ਮਿਲਦੀ ਹੈ। ਕੂੜਿਆਰਾਂ ਦੀ ਸੰਗਤ ਕੂੜ ਦਾ ਰੰਗ ਚੜ੍ਹਾ ਦਿੰਦੀ ਹੈ।

ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥
(ਗਉੜੀ ਕੀ ਵਾਰ ਮਹਲਾ ੪, ਪੰਨਾ 314)

ਬਾਬਾ ਸ਼ੇਖ਼ ਫ਼ਰੀਦ ਜੀ ਨੇ ਸਤਿਸੰਗਤ ਸਰੋਵਰ ਨਾਲ ਸਾਂਝ ਬਣਾਉਣ ਦੀ ਪ੍ਰੇਰਨਾ ਦਿੱਤੀ ਹੈ ਅਤੇ ਕੁਸੰਗਤ ਦੇ ਅਲੂਦਗੀ ਭਰੇ ਛੱਪੜਾਂ ਤੋਂ ਸਾਵਧਾਨ ਕੀਤਾ ਹੈ। ਹੀਰੇ, ਮੋਤੀ, ਜਵਾਹਰਾਤ ਤਾਂ ਸਤਿਸੰਗਤ ਅੰਦਰੋਂ ਪ੍ਰਾਪਤ ਹੁੰਦੇ ਹਨ, ਛੱਪੜਾਂ ਦੇ ਚਿੱਕੜ ਨਾਲ ਤਾਂ ਹੱਥ ਹੀ ਲਿਬੜਦੇ ਹਨ :

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ *(ਸਲੋਕ ਸੇਖ ਫਰੀਦ ਕੇ, ਪੰਨਾ 1380)*

ਤਥਾ :

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍ ॥ *(ਸਲੋਕ ਮਹਲਾ ੩, ਪੰਨਾ 1416)*

ਗੁਰਮੁਖਾਂ ਦੇ ਸੰਗ ਵਿੱਚੋਂ ਨਾਮ ਦਾ ਸੁਆਦ ਪ੍ਰਾਪਤ ਹੁੰਦਾ ਹੈ :

ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
(ਵਡਹੰਸ ਕੀ ਵਾਰ ਮਹਲਾ ੪, ਪੰਨਾ 587)

ਗੁਰੂ ਕੇ ਪਿਆਰ ਵਾਲਿਆਂ ਦੀ ਸੰਗਤ ਕਰ ਕੇ ਪਾਪਾਂ ਦੇ ਸੰਸਕਾਰ ਮਿੱਟਦੇ ਹਨ। ਪਰਉਪਕਾਰੀ ਵੀਚਾਰ ਮਨ ਅੰਦਰ ਗੌਲਣ ਲੱਗ ਪੈਂਦੇ ਹਨ। ਜੀਵਨ-ਯਾਤਰਾ ਸਫਲਤਾ ਦੀ ਤਰਫ਼ ਤੁਰਨੀ ਸ਼ੁਰੂ ਹੋ ਜਾਂਦੀ ਹੈ :

ਸਾਧਸੰਗਿ ਮਿਟਿ ਜਾਤ ਬਿਕਾਰ ॥
ਸਭ ਤੇ ਊਚ ਏਹੋ ਉਪਕਾਰ ॥ *(ਗਉੜੀ ਮਹਲਾ ੫, ਪੰਨਾ 198)*

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ *ਗੁਰੂ ਨਾਨਕ ਚਮਤਕਾਰ* ਅੰਦਰ ਇਕ ਸਾਖੀ ਵਰਣਨ ਕੀਤੀ ਹੈ। ਸੋਨੇ ਦੀਆਂ ਮੋਹਰਾਂ ਦੇ ਕੋਲੇ ਬਣੇ ਅਤੇ ਸੂਲੀ ਦਾ ਦੁਖ ਸੂਲ ਰਾਹੀਂ ਕੱਟਿਆ ਗਿਆ। ਕੁਸੰਗਤ ਫਲ ਤੇ ਸਤਿਸੰਗਤ ਫਲ।

ਦੋ ਮਨੁੱਖ ਇਕ ਮੁਹੱਲੇ ਅੰਦਰੋਂ ਚੱਲਦੇ ਹਨ। ਇਕ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਅੰਦਰ ਬੈਠ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਦਾ ਹੈ। ਫਿਰ ਦੀਵਾਨ ਦੀ ਸਮਾਪਤੀ ਉਪਰੰਤ ਵਾਪਸ ਘਰ ਆ ਜਾਂਦਾ ਹੈ, ਪਰ ਦੂਜਾ ਇਕ ਵੇਸਵਾ ਦੇ ਦਰਵਾਜ਼ੇ ਦਸਤਕ ਦਿੰਦਾ ਹੈ। ਇਸ ਤਰ੍ਹਾਂ ਕੁਝ ਵਕਤ ਲੰਘ ਗਿਆ। ਇਕ ਦਿਨ ਦੋਵਾਂ ਨੇ ਆਪਣੇ ਮੁਹੱਲੇ 'ਚੋਂ ਅੱਗੜ-ਪਿੱਛੜ ਆਉਂਦਿਆਂ ਆਪਣੇ-ਆਪਣੇ ਬਾਰੇ ਦੱਸਿਆ, ਫਿਰ ਇਕੱਠੇ ਹੀ ਵਾਪਸ ਮੁਹੱਲੇ ਆਉਣ ਦਾ ਵਾਅਦਾ ਕੀਤਾ। ਬਣੀ ਜਿਹੜਾ ਵੀ ਪਹਿਲਾਂ ਵਾਪਸ ਆਵੇ, ਉਹ ਬ੍ਰਿਛ ਹੇਠਾਂ ਬੈਠ ਕੇ ਦੂਜੇ ਦਾ ਇੰਤਜ਼ਾਰ ਕਰੇ। ਕੁਸੰਗੀ ਮਨੁੱਖ ਵੇਸਵਾ ਦੇ ਦਰਵਾਜ਼ੇ ਤਾਲਾ ਲੱਗਾ ਵੇਖ ਕੇ ਪਹਿਲਾਂ ਬ੍ਰਿਛ ਹੇਠਾਂ ਆ ਕੇ ਬੈਠ ਗਿਆ ਤੇ ਬੈਠਾ-ਬੈਠਾ ਧਰਤੀ ਨੂੰ ਖੋਦਣ ਲੱਗ ਪਿਆ। ਉਸ ਨੂੰ ਇਕ ਸੋਨੇ ਦੀ ਮੋਹਰ ਨਜ਼ਰ ਆਈ। ਬੜਾ ਖ਼ੁਸ਼ ਹੋਇਆ। ਜਦ ਮਿੱਟੀ ਨੂੰ ਹੋਰ ਪੁੱਟਿਆ ਤਾਂ ਬਰਤਨ ਨਜ਼ਰ ਆਇਆ। ਜਦ ਉਸ ਬਰਤਨ ਨੂੰ ਵੇਖਿਆ ਤਾਂ ਕੋਲਿਆਂ ਨਾਲ ਭਰਿਆ ਪਿਆ ਸੀ। ਮਨ ਬੜਾ ਹੈਰਾਨ ਤੇ ਦੁਖੀ ਹੋਇਆ।

ਇੰਨੇ ਚਿਰ ਨੂੰ ਗੁਰੂ ਨਾਨਕ ਜੀ ਦੀ ਹਜ਼ੂਰੀ ਦਾ ਰਸ ਮਾਨਣ ਵਾਲਾ ਸਤਿਸੰਗੀ ਵੀ ਪਹੁੰਚ ਗਿਆ, ਪਰ ਲੰਗੜਾ ਕੇ ਤੁਰਦਾ ਸੀ। ਕੁਸੰਗੀ ਨੇ ਉਸ ਨੂੰ ਲੰਗੜਾਉਣ ਬਾਰੇ ਪੁੱਛਿਆ ਤਾਂ ਸਤਸੰਗੀ ਨੇ ਕਿਹਾ ਕਿ ਜਦ ਮੈਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਤੁਰਨ ਲੱਗਾ ਤਾਂ ਇਕ ਕੰਡਾ ਪੈਰ ਹੇਠਾਂ ਚੁੱਭ ਗਿਆ, ਉਸ ਕਰਕੇ ਜ਼ਰਾ ਕੁ ਪੀੜ ਹੋ ਰਹੀ ਹੈ। ਕੁਸੰਗੀ ਨੇ ਕਿਹਾ ਕਿ ਮੈਨੂੰ ਇਕ ਮੋਹਰ ਤੇ ਕੋਲਿਆਂ ਦਾ ਬਰਤਨ ਮਿੱਟੀ ਵਿੱਚੋਂ ਲੱਭਾ ਹੈ, ਤੈਨੂੰ ਕੰਡੇ ਦੀ ਪੀੜ। ਇਸ ਦਾ ਕੀ ਕਾਰਨ ਹੈ ? ਸਤਿਸੰਗੀ ਨੇ ਆਖਿਆ ਕਿ ਇਸ ਬਾਰੇ ਤਾਂ ਸਤਿਗੁਰੂ ਜੀ ਹੀ ਸਮਝਾ ਸਕਦੇ ਹਨ। ਚੱਲ, ਦੋਵੇਂ ਉਨ੍ਹਾਂ ਪਾਸ ਚੱਲੀਏ। ਸਤਿਗੁਰੂ ਜੀ ਪਾਸੋਂ ਜਦ ਬੇਨਤੀ ਕਰਕੇ ਪੁੱਛਿਆ ਤਾਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਗੰਮੀ ਦਿਬ-ਦ੍ਰਿਸ਼ਟੀ ਰਾਹੀਂ ਜਾਣ ਕੇ ਦੱਸਿਆ ਕਿ ਬਦਰਾਹ 'ਤੇ ਚੱਲਣ ਵਾਲੇ ਦੇ ਸ਼ੁਭ ਕਰਮ ਸੜ ਕੇ ਕੋਇਲੇ ਬਣ ਗਏ। ਸਿਰਫ਼ ਇਕ ਹੀ ਚੰਗਾ ਕਰਮ ਰਹਿ ਗਿਆ ਜੋ ਸੋਨੇ ਦੀ ਮੋਹਰ ਬਣ ਨਜ਼ਰ ਆਇਆ। ਭਾਵ ਸੋਨੇ ਵਾਂਗ ਕੀਮਤੀ ਗੁਣ-ਕਰਮ ਕੁਸੰਗਤ ਦੀ ਅਗਨੀ ਅੰਦਰ ਜਲ ਜਾਂਦੇ ਹਨ।

ਸਤਿਸੰਗੀ ਪੁਰਸ਼ ਦੇ ਕਿਸੇ ਪੂਰਬਲੇ ਮਾੜੇ ਕਰਮ ਕਰਕੇ ਇਸ ਨੂੰ ਸੂਲੀ ਦਾ ਦੁੱਖ ਸਹਿਣਾ ਪੈਣਾ ਸੀ ਪਰ ਸਤਿਸੰਗਤ ਰਾਹੀਂ ਵਾਹਿਗੁਰੂ ਜੀ ਨਾਲ ਜੁੜਨ ਕਰਕੇ ਭਿਆਨਕ ਸੂਲੀ ਦਾ ਦੁੱਖ ਕੰਡੇ (ਸੂਲ) ਦੀ ਮਾਮੂਲੀ ਪੀੜ ਰਾਹੀਂ ਕੱਟਿਆ ਗਿਆ। ਦੋਵਾਂ ਪੁਰਸ਼ਾਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਆਪਣੇ ਮਸਤਕ ਰੱਖ ਦਿੱਤੇ ਅਤੇ ਸਤਿਸੰਗਤ ਦੀ ਸ੍ਰੇਸ਼ਟ ਮਹਿਮਾ ਹਿਰਦੇ ਅੰਦਰ ਵਸਾਈ। ਭੱਟ ਕੀਰਤ ਜੀ ਨੇ ਗੁਰੂ ਸੰਗਤ ਕਰਨ ਨੂੰ ਸਭ ਤੋਂ ਉੱਤਮ ਮਾਰਗ ਆਖਿਆ ਹੈ। ਗੁਰੂ ਸੰਗਤ ਮਾਨਣ ਵਾਲੇ ਵਡਭਾਗੇ ਗੁਰਸਿੱਖ ਦੇ ਅੰਦਰੋਂ ਜਮਾਂ ਦਾ ਡਰ ਵੀ ਮੁੱਕ ਜਾਂਦਾ ਹੈ :

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
(ਸਵਈਏ ਮਹਲੇ ਚਉਥੇ ਕੇ, ਪੰਨਾ 1406)

ਭਾਈ ਗੁਰਦਾਸ ਜੀ ਸੱਚੇ ਸਤਿਗੁਰੂ ਜੀ ਦੀ ਸੰਗਤ ਕਰਨ ਵਾਲੇ ਸਿੱਖ ਤੋਂ ਆਪਣੇ ਆਪ ਨੂੰ ਕੁਰਬਾਨ ਕਰਦੇ ਹਨ :

ਕੁਰਬਾਣੀ ਤਿਨਾ ਗੁਰ ਸਿਖਾ ਸਾਧ ਸੰਗਤਿ ਚਲਿ ਜਾਇ ਜੁੜੰਦੇ ॥

(ਵਾਰ 12, ਪਉੜੀ 2)

ਇਕ ਸਾਖੀ ਹੈ :

ਗੁਰੂ ਅੰਗਦ ਦੇਵ ਜੀ ਪਾਸ ਇਕ ਗੁਰਸਿੱਖ ਭਾਈ ਕਿਦਾਰੀ ਜੀ ਆਏ। ਅਰਦਾਸ ਕੀਤੀ ਕਿ ਮਹਾਰਾਜ ਜੀ! ਸਾਰਾ ਸੰਸਾਰ ਕਾਮ ਤੇ ਕਰੋਧ ਦੀਆਂ ਅਗਨੀਆਂ ਵਿਚ ਸੜ ਰਿਹਾ ਹੈ, ਕ੍ਰਿਪਾ ਕਰਕੇ ਮੈਨੂੰ ਬਚਾਅ ਲਵੋ। ਸਤਿਗੁਰੂ ਜੀ ਨੇ ਆਖਿਆ ਕਿ ਜਿਵੇਂ ਜੰਗਲ ਵਿਚ ਅੱਗ ਲੱਗ ਜਾਵੇ ਤਾਂ ਹਿਰਨ ਜੰਗਲ ਅੰਦਰੋਂ ਦੌੜ ਕੇ ਨਦੀ ਵਿਚ ਵੜ ਜਾਂਦੇ ਹਨ, ਉਹ ਅੱਗ ਤੋਂ ਬਚ ਜਾਂਦੇ ਹਨ, ਇਸੇ ਤਰ੍ਹਾਂ ਸਤਿਸੰਗਤ ਰੂਪੀ ਨਦੀ ਅੰਦਰ ਜੋ ਵਡਭਾਗੇ ਆਉਂਦੇ ਹਨ ਤੇ ਸ਼ਬਦ ਅੰਦਰ ਸੁਖਤ ਦੀ ਚੁੱਭੀ ਮਾਰਦੇ ਹਨ, ਉਨ੍ਹਾਂ ਦੇ ਮਨ ਸੀਤਲ ਹੋ ਜਾਂਦੇ ਹਨ। ਤਾਂ ਤੇ ਭਾਈ ਕਿਦਾਰੀ ਜੀ, ਤੁਸੀਂ ਸਤਿਸੰਗਤ ਕਰਿਆ ਕਰੋ ਤੇ ਸਿੱਖਾਂ ਦੀ ਟਹਿਲ ਕਰਿਆ ਕਰੋ। ਭਾਈ ਕਿਦਾਰੀ ਜੀ ਦਾ ਏਸੇ ਕਰਕੇ ਉੱਧਾਰ ਹੋਇਆ।

ਭਾਈ ਗੁਰਦਾਸ ਜੀ ਨੇ ਕੁਝ ਵਿਕਾਰੀ ਤੇ ਇਲਤੀ ਪੁਰਸ਼ਾਂ ਦੇ ਮਨਾਂ ਅੰਦਰ ਦੇਖਿਆ ਕਿ ਇਹ ਉਹ ਕਰਮ ਕਰਦੇ ਹਨ, ਜਿਨ੍ਹਾਂ ਨੂੰ ਸਮਾਜ, ਕਾਨੂੰਨ, ਧਰਮ, ਗੁਨਾਹਗਾਰ ਮੰਨਦਾ ਹੈ। ਕਾਨੂੰਨ ਸਜ਼ਾ ਵੀ ਦਿੰਦਾ ਹੈ, ਪਰ ਫਿਰ ਵੀ ਇਹ ਲੋਕ ਆਪਣੇ ਸੁਭਾਅ ਅਨੁਸਾਰ ਮਾੜੇ ਕਰਮਾਂ ਦਾ ਤਿਆਗ ਨਹੀਂ ਕਰਦੇ। ਪਰ ਸਤਿਸੰਗਤ ਅੰਦਰੋਂ ਹਮੇਸ਼ਾ ਹੀ ਬਖ਼ਸ਼ਿਸ਼ ਮਿਲਦੀ ਹੈ ਤਾਂ ਗੁਰਸਿੱਖ ਸਤਿਸੰਗਤ ਦਾ ਭਲਾ ਕਿਵੇਂ ਤਿਆਗ ਕਰ ਸਕਦੇ ਹਨ, ਭਾਵ ਗੁਰੂ ਪਿਆਰੇ ਹਮੇਸ਼ਾ ਸਤਿਸੰਗਤ ਮਾਣਦੇ ਹਨ :

ਮਾਰਬੇ ਕੋ ਤ੍ਰਾਸ ਦੇਖਿ ਚੋਰ ਨ ਤਜਤ ਚੋਰੀ,
ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ ॥
ਬੇਸ੍ਵਾ-ਰਤਿ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ,
ਜੁਆਰੀ ਨ ਸਰਬਸੁ ਹਾਰੇ ਸੈ ਥਕਤ ਹੈ ॥
ਅਮਲੀ ਨ ਅਮਲ ਤਜਤ ਜਿਉ ਧਿਕਾਰ ਕੀਏ,
ਦੁੱਖ ਦੁਖ ਲੋਗ ਬੇਦ ਸੁਨਤ ਛਕਤ ਹੈ ॥
ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ,
ਗੁਰਸਿਖ ਸਾਧ ਸੰਗਿ ਛਾਡਿ ਕਿਉ ਸਕਤ ਹੈ ॥੩੨੩॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਮਹਾਨ ਹੈ ਉਹ ਸਤਿਸੰਗੀ ਜੋ ਸਤਿਸੰਗਤ ਕਰਦਿਆਂ ਸਤਿ ਸਰੂਪ ਪਰਮਾਤਮਾ ਨਾਲ ਆਪਣੇ ਮਨ ਨੂੰ ਜੋੜ ਲੈਂਦਾ ਹੈ। ਸੱਚੇ ਸਤਿਸੰਗੀ ਦੇ ਮਨ ਅੰਦਰੋਂ ਈਰਖਾ, ਦ੍ਵੈਸ਼, ਲੋਭ, ਘਿਰਣਾ, ਹੰਕਾਰ, ਸੁਆਰਥ ਮਿਟ ਜਾਂਦੇ ਹਨ। ਐਸਾ ਗੁਰਮੁਖ ਜੀਵਨ-ਮੁਕਤ ਹੋ ਜਾਂਦਾ ਹੈ।

ਮੌਤ ਤੋਂ ਜੀਵਨ ਤਕ

ਇਕ ਤਨ ਦੀ ਮੌਤ ਹੈ ਜਿਸ ਨਾਲ ਜੀਵਨ ਦਾ ਅੰਤ ਹੋ ਜਾਂਦਾ ਹੈ। ਦੂਸਰੀ ਮਨ ਦੀ ਮੌਤ ਹੈ ਜਿਸ ਨਾਲ ਪਰਮ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਗੁਰੂ ਜੀ ਦਾ ਕਥਨ ਹੈ :

ਮਨੁ ਮਰੈ ਧਾਤੁ ਮਰਿ ਜਾਇ ॥
ਬਿਨੁ ਮਨ ਮੂਏ ਕੈਸੇ ਹਰਿ ਪਾਇ ॥ *(ਧਨਾਸਰੀ ਮਹਲਾ ੩, ਪੰਨਾ 665)*

ਤਥਾ :

ਮਨ ਮਾਰੇ ਬਿਨੁ ਭਗਤਿ ਨ ਹੋਈ ॥ *(ਗਉੜੀ ਕਬੀਰ ਜੀ, ਪੰਨਾ 329)*

ਤਥਾ :

ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬ੍ਰਹਮੁ ਸੋਇ ॥ *(ਗਉੜੀ ਗੁਆਰੇਰੀ ਮਹਲਾ ੩, ਪੰਨਾ 159)*

ਤਨ ਦੇ ਅੰਤ ਦਾ ਸਮਾਂ ਤਾਂ ਪਰਮਾਤਮਾ ਵੱਲੋਂ ਪੱਕਾ ਨੀਯਤ ਹੁੰਦਾ ਹੈ, ਇਹ ਕੁਦਰਤੀ ਹੈ, ਪਰ ਮਨ ਦੀ ਮੌਤ ਤਾਂ ਆਪਣੇ ਹੱਥੀਂ ਕਰਨੀ ਪੈਂਦੀ ਹੈ। ਅਨੇਕਾਂ ਰਿਸ਼ੀਆਂ-ਮੁਨੀਆਂ ਨੂੰ ਮਨ ਨੇ ਭਟਕਾਇਆ। ਇਸ ਨੂੰ ਮਾਰਨ ਵਾਸਤੇ ਜੋ ਤਰੀਕੇ ਅਜ਼ਮਾਏ ਗਏ, ਉਹ ਕਾਰਗਰ ਸਿਧ ਨਾ ਹੋ ਸਕੇ। ਇੰਜ ਜਾਣੋ ਜਿਵੇਂ ਮਾਰਨਾ ਤਾਂ ਸੱਪ ਨੂੰ ਸੀ ਪਰ ਕੁੱਟਦੇ ਵਰਮੀ ਨੂੰ ਰਹੇ :

ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥

(ਆਸਾ ਮਹਲਾ ੫, ਪੰਨਾ 381)

ਸੋ ਮਨ ਮਾਰਿਆਂ ਹੀ ਪਰਮ ਸੁੱਖ ਮਿਲ਼ਦਾ ਹੈ। ਤਨ ਬਿਨਸਨ ਨਾਲ ਵੀ ਮਨ ਨਹੀਂ ਮਰਦਾ। ਅਗਲੇ ਜਨਮ ਲਈ ਪ੍ਰੇਰਤ ਕਰਦਾ ਹੈ। ਧਰਮ ਮਨ ਨੂੰ ਮਿਟਾਂਦਾ ਹੈ। ਇਸ ਦਾ ਸੁਭਾਅ ਬਦਲਾਉਂਦਾ ਹੈ। ਬਦਲੇ ਸੁਭਾਅ ਨੂੰ ਹੀ ਧਾਰਮਿਕ ਸ਼ਬਦਾਵਲੀ ਵਿਚ ਮਨ ਦਾ ਮਾਰਨਾ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸੱਜਣ ਦਾ ਮਨ ਮਾਰਿਆ, ਸੁਭਾਅ ਬਦਲਿਆ। ਠੱਗ, ਕਾਤਲ, ਜ਼ਾਲਮ ਅੰਦਰੋਂ ਚਲੇ ਗਏ। ਦਇਆ, ਪ੍ਰੇਮ, ਸੇਵਾ, ਭਗਤੀ ਅੰਦਰ ਵੱਸ ਗਏ। ਕੌਡੇ ਰਾਖਸ਼ ਦਾ ਸੁਭਾਵ ਬਦਲਿਆ। ਨੂਰ ਸ਼ਾਹ ਜੋਗਣ ਦਾ ਮਨ ਬਦਲਿਆ। ਜਦ ਵੀ ਬੰਦਾ ਸੁਧਰਦਾ ਹੈ ਤਾਂ ਮਨ ਮਰਦਾ ਹੈ, ਸੋਚਣੀ ਤੇ ਕਰਨੀ ਬਦਲਦੀ ਹੈ। ਸਤਿਗੁਰੂ ਜੀ ਦੀ ਵਿਚਾਰ ਨੂੰ ਮੰਨਿਆਂ ਹੀ ਪਹਿਲੀ ਸੋਚਣੀ ਤੇ ਸੰਸਕਾਰ ਮਿਟਦੇ ਹਨ। ਇਹ ਹੀ ਹੈ—ਮੌਤ ਤੋਂ ਜੀਵਨ ਵੱਲ ਯਾਤਰਾ।

ਮਨੁੱਖ ਇਕ ਐਸੇ ਜੀਵਨ ਦੀ ਲਾਲਸਾ ਰੱਖਦਾ ਹੈ, ਜਿਸ ਅੰਦਰ ਸਹਿਜ ਅਤੇ ਸੁਖ ਹੋਵਣ। ਦੁੱਖਾਂ ਸੰਤਾਪਾਂ ਦਾ ਪੂਰਨ ਅੰਤ ਹੋ ਜਾਵੇ।

ਇਸ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਗਿਆਸੂ ਪਾਸੋਂ ਜੋ ਭੇਟਾ ਮੰਗਦੇ ਹਨ, ਉਹ ਇਹ ਕਿ ਪਰਮ ਜੀਵਨ ਦੀ ਚਾਹਤ ਕਰਨ ਵਾਲਿਆ, ਪਹਿਲਾਂ ਮਰਨਾ ਪ੍ਰਵਾਨ ਕਰ। ਜੀਵਨ ਦੀ ਲਾਲਸਾ ਛੱਡ। ਫਿਰ ਸਾਡੇ ਪਾਸ ਪਰਮ ਜੀਵਨ ਵਾਸਤੇ ਆ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਸਲੋਕ ਮ: ੫, ਪੰਨਾ 1102)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਜੀਵਨ ਦੀ ਮੰਗ ਕਰਨ ਵਾਲਿਆਂ ਨੂੰ ਵੰਗਾਰ ਪਾਈ ਹੈ। ਪਹਿਲਾਂ ਆਪਣਾ ਮਨ ਸਾਨੂੰ ਦਿਉ। ਮੇਰੀ ਗਲੀ ਵੱਲ ਆਵਣ ਵਾਲੇ! ਜੇ ਤੈਨੂੰ ਪਿਆਰ ਦੀ ਖੇਡ ਖੇਡਣ ਦਾ ਚਾਅ ਹੈ ਤਾਂ ਆਪਣਾ ਸਿਰ ਲੈ ਕੇ ਆ। ਸਿਰ ਅੰਦਰ ਸੋਚ ਹੈ, ਮਨ ਹੈ। ਆਪਣਾ ਮਨ ਸਾਨੂੰ ਦੇਹ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ 1412)

ਉਂਜ ਤਾਂ ਮਨ ਦੀਆਂ ਤਰੰਗਾਂ ਅਤੇ ਖ਼ਾਹਿਸ਼ਾਂ ਦੇ ਗ਼ੁਲਾਮ ਮਨੁੱਖ ਰੋਜ਼ ਹੀ ਇਸ ਦੁਨੀਆ ਤੋਂ ਵਿਦਾ ਹੋ ਰਹੇ ਹਨ, ਪਰ ਭਗਤ ਕਬੀਰ ਜੀ ਕਹਿੰਦੇ ਹਨ ਕਿ ਜਿਵੇਂ ਮਨੁੱਖਾਂ ਨੂੰ ਜ਼ਿੰਦਗੀ ਜਿਊਣ ਦਾ ਪਤਾ ਨਹੀਂ, ਮਰਨ ਦਾ ਵੀ ਗਿਆਨ ਨਹੀਂ :

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1365)

ਬਿਹਾਗੜੇ ਰਾਗ ਦੀ ਵਾਰ ਅੰਦਰ ਭਗਤ ਕਬੀਰ ਜੀ ਦੇ ਸਲੋਕ ਦੇ ਭਾਵ ਨੂੰ ਗੁਰੂ ਅਮਰਦਾਸ ਜੀ ਨੇ ਖੋਲ੍ਹਣ ਦੀ ਕ੍ਰਿਪਾਲਤਾ ਕੀਤੀ ਹੈ ਕਿ ਐਸੀ ਮਰਨੀ ਕਿਵੇਂ ਮਰਿਆ ਜਾਂਦਾ ਹੈ। ਐਸੀ ਮਰਨੀ ਤਾਂ ਗੁਰ ਪ੍ਰਸਾਦੀ ਜੀਵਤ ਮਰਨਾ ਹੈ। ਆਪਣਾ ਆਪ ਬਦਲਣਾ ਹੈ। ਗੁਰੂ ਨੇ ਸਿੱਖ ਨੂੰ ਅੰਦਰੋਂ ਬਾਣੀ ਰਾਹੀਂ ਸੰਵਾਰਿਆ, ਬਾਹਰੋਂ ਬਾਣੇ ਰਾਹੀਂ ਸੰਵਾਰਿਆ। ਸਤਿਗੁਰੂ ਜੀ ਨੇ ਸਿੱਖ ਨੂੰ ਬਾਣੀ ਰਾਹੀਂ ਆਪਣੀ ਸੀਰਤ (ਸੁਭਾਅ) ਬਖ਼ਸ਼ੀ ਹੈ ਅਤੇ ਪੰਜ ਕੱਕਾਰਾਂ ਰਾਹੀਂ ਆਪਣਾ ਸਰੂਪ ਬਖ਼ਸ਼ਿਆ ਹੈ।

ਤਾਂ ਸਾਹਿਬ ਗੁਰੂ ਅਮਰਦਾਸ ਜੀ ਨੇ ਸਦ ਜੀਵਨ ਦੇ ਰਹੱਸ ਨੂੰ ਖੋਲ੍ਹਿਆ ਹੈ :

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥ *(ਮ: ੩, ਪੰਨਾ 555)*

ਦੁੱਖਾਂ ਵਿੱਚੋਂ ਦੋ ਦੁਖ ਬਹੁਤ ਵੱਡੇ ਹਨ। ਇਕ ਜਨਮ ਤੇ ਮਰਨ ਦਾ ਦੁਖ। ਦੂਜਾ ਪਰਮਾਤਮਾ ਨੂੰ ਭੁੱਲ ਜਾਣ ਦਾ ਦੁਖ। ਸਤਿਗੁਰੂ ਜੀ ਨੇ ਉਚਾਰਨ ਕੀਤਾ ਹੈ :

ਵਿਣੁ ਭੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ *(ਮ: ੫, ਪੰਨਾ 958)*

ਮਨੁੱਖ ਪਰਮਾਤਮਾ ਕੋਲੋਂ ਸਭ ਕੁਝ ਮੰਗਦਾ ਹੈ, ਪਰ ਪਰਮਾਤਮਾ ਨੂੰ ਨਹੀਂ ਮੰਗਦਾ। ਰੱਬ ਨੂੰ ਨਾ ਮੰਗਣਾ ਹੀ ਵੱਡਾ ਦੁਖ ਹੈ। ਸਤਿਗੁਰੂ ਜੀ ਨਾਲ ਪਿਆਰ ਦੀ ਸਾਂਝ ਪਾਇਆਂ ਜਨਮ ਮਰਨ ਦਾ ਦੁਖ ਵੀ ਉਤਰ ਜਾਂਦਾ ਹੈ ਅਤੇ ਪਰਮਾਤਮਾ ਵੀ ਹਰ ਛਿਨ ਚੇਤੇ ਰਹਿੰਦਾ ਹੈ। ਭੱਟ ਟਲ੍ਹ ਜੀ ਦੇ ਬਚਨ ਹਨ :

ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥

(ਸਵਈਏ ਮਹਲੇ ਦੂਜੇ ਕੇ, ਪੰਨਾ 1392)

ਭੱਟ ਟਲ੍ਹ ਜੀ ਆਖਦੇ ਹਨ—ਹੇ ਮਨੁੱਖ! ਸੁਤੇ-ਸਿਧ ਸੁਭਾਵਿਕ ਕਿਰਤ ਵਿਰਤ ਕਰਦਿਆਂ ਗੁਰੂ ਦੀ ਬਾਣੀ ਨੂੰ ਦਿਨ ਰਾਤ ਮਨ 'ਚ ਵਸਾ ਕੇ ਰੱਖ। ਗੁਰੂ ਜੀ ਦੇ ਦਰਸ਼ਨਾਂ ਦਾ ਫਲ ਹੈ, ਜਨਮ ਮਰਨ ਦੁੱਖ ਦਾ ਮਿਟ ਜਾਣਾ। ਗੁਰੂ ਬਾਣੀ ਦੇ ਹਿਰਦੇ ਵਿਚ ਵਾਸਾ ਹੋਣ ਕਰਕੇ ਪਹਿਲਾਂ ਬਣਿਆ ਸੁਭਾਅ ਮਿਟ ਜਾਂਦਾ ਹੈ। ਖ਼ੁਦੀ, ਬਖ਼ੀਲੀ, ਖਿਚੋਤਾਣ, ਸੁਆਰਥ, ਛਲ, ਕਪਟ, ਅਹੰ, ਅਵਗੁਣਾਂ ਦੀ ਮੈਲ ਧੁਪ ਜਾਂਦੀ ਹੈ। ਐਸਾ ਵਡਭਾਗਾ ਗੁਰਮੁਖ ਆਪ ਜੀਵਨ-ਮੁਕਤ ਹੁੰਦਾ ਹੈ ਅਤੇ ਦੂਜਿਆਂ ਲਈ ਸਹਾਇਕ ਅਤੇ ਪ੍ਰੇਰਨਾ-ਸਰੋਤ ਬਣਦਾ ਹੈ। ਗੁਰੂ ਤੇਗ਼ ਬਹਾਦਰ ਜੀ ਫ਼ੁਰਮਾਉਂਦੇ ਹਨ :

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ *(ਸਲੋਕ ਮਹਲਾ ੯, ਪੰਨਾ 1427)*

ਧਰਮੀ ਮਨੁੱਖ ਲਈ ਪਰਾਈ ਵਸਤੂ ਅਖਾਜ ਹੁੰਦੀ ਹੈ। ਪਰਾਇਆ ਸੋਨਾ ਵੀ ਉਨ੍ਹਾਂ ਲਈ ਕੋਈ ਮਹੱਤਵ ਨਹੀਂ ਰੱਖਦਾ। ਦੂਜੇ ਦੀ ਵਸਤੂ ਨੂੰ ਮਿੱਟੀ ਜਾਣ ਕੇ ਮਨ ਮੈਲਾ ਨਹੀਂ ਹੋਣ ਦਿੰਦੇ। ਇਹ ਹੈ ਨਵੇਂ ਜੀਵਨ ਦੀ ਇਕ ਝਲਕ। ਮਨ ਦੀ ਐਸੀ ਮੌਤ ਜੋ ਗੁਰੂ ਸ਼ਬਦ ਰਾਹੀਂ ਗੁਰੂ ਜੀ ਦੀ ਕ੍ਰਿਪਾ ਨਾਲ ਨਸੀਬ ਹੁੰਦੀ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਜੁਗਤ ਅਨੁਸਾਰੀ ਗੁਰਮੁਖ ਬਾਰੇ ਫ਼ੁਰਮਾਇਆ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

(ਸੋਰਠਿ ਮਹਲਾ ੯, ਪੰਨਾ 633)

ਇਕ ਬਹੁਤ ਪਿਆਰੀ ਕਥਾ ਹੈ। ਭਗਤ ਰਵਿਦਾਸ ਜੀ ਨੂੰ ਇਕ ਸਾਧੂ ਪੁਰਸ਼ ਮਿਲਿਆ। ਉਸ ਨੇ ਦੇਖਿਆ ਕਿ ਰਵਿਦਾਸ ਜੀ ਸੱਚੇ ਪਰਮਾਤਮਾ ਦੇ ਭਗਤ ਹਨ ਅਤੇ ਭਗਤਾਂ ਨੂੰ ਪਿਆਰ ਕਰਨ ਵਾਲੇ ਹਨ। ਯਥਾ-ਸ਼ਕਤ ਦਰ ਆਏ ਦੀ ਜਲ-ਪ੍ਰਸ਼ਾਦੇ ਨਾਲ ਸੇਵਾ ਕਰਦੇ ਹਨ। ਕਮਾਈ ਇਨ੍ਹਾਂ ਦੀ ਥੋੜੀ ਹੈ। ਇਨ੍ਹਾਂ ਨੂੰ ਪਾਰਸ ਦੇ ਦੇਈਏ, ਜਿਸ ਨਾਲ ਇਹ ਸੋਨਾ ਬਣਾ ਕੇ ਆਪਣਾ ਵੀ ਗੁਜ਼ਾਰਾ ਵਧੀਆ ਚਲਾ ਲੈਣ ਅਤੇ ਆਏ ਗਏ ਦੀ ਸੇਵਾ ਵੀ ਹੋਰ ਵਧੀਆ ਕਰ ਲੈਣ। ਸਾਧੂ ਪੁਰਸ਼ ਨੇ ਭਗਤ ਜੀ ਨੂੰ ਆਖਿਆ—ਦੇਖੋ ਭਗਤ ਜੀ! ਮਾਇਆ ਦੀ ਹਰ ਆਦਮੀ ਨੂੰ ਜ਼ਰੂਰਤ ਹੈ। ਮਾਇਆ ਬਿਨਾਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਮੈਂ ਤੁਹਾਨੂੰ ਖ਼ੁਸ਼ ਹੋ ਕੇ ਪਾਰਸ ਦਿੰਦਾ ਹਾਂ। ਤੁਸੀਂ ਇਸ ਨਾਲ ਮਨ ਚਾਹੀ ਦੌਲਤ ਬਣਾ ਸਕਦੇ ਹੋ।

ਭਗਤ ਜੀ ਨੇ ਕਿਹਾ—ਭਗਵਾਨ ਦੀ ਕ੍ਰਿਪਾ ਨਾਲ ਮੈਂ ਜੋ ਮਿਹਨਤ ਮਜ਼ਦੂਰੀ ਕਰਦਾ ਹਾਂ, ਮੇਰਾ ਮਨ ਉਸ ਵਿਚ ਸੰਤੁਸ਼ਟ ਹੈ। ਪ੍ਰਭੂ ਦੀ ਬਖ਼ਸ਼ਿਸ਼ ਨਾਲ ਮੈਨੂੰ ਪੂਰਨ ਪ੍ਰਸੰਨਤਾ ਮਿਲੀ ਹੋਈ ਹੈ। ਪਾਰਬ੍ਰਹਮ ਨੇ ਕੋਈ ਕਮੀ ਰੱਖੀ ਹੀ ਨਹੀਂ, ਪਰ ਸਾਧੂ ਬਦੋ-ਬਦੀ ਪਾਰਸ ਭਗਤ ਜੀ ਨੂੰ ਦੇ ਗਿਆ। ਭਗਤ ਜੀ ਨੇ ਚੁੱਕ ਕੇ ਆਪਣੀ ਕੁਟੀਆ ਦੀ ਛੱਤ ਵਿਚ ਟੰਗ ਛੱਡਿਆ। ਕਾਫ਼ੀ ਲੰਮੇ ਸਮੇਂ ਬਾਅਦ ਉਹ ਸਾਧੂ ਦੁਬਾਰਾ ਵਾਪਸ ਆਇਆ ਤਾਂ ਭਗਤ ਜੀ ਤੋਂ ਪਾਰਸ ਬਾਰੇ ਪੁੱਛਿਆ। ਭਗਤ ਜੀ ਨੇ ਆਖਿਆ—ਜਦੋਂ ਦੇ ਤੁਸੀਂ ਇਥੇ ਰੱਖ ਗਏ ਸੀ, ਉਦੋਂ ਤੋਂ ਹੀ ਉਹ ਛੱਤ ਵਿਚ ਟੰਗਿਆ ਪਿਆ ਹੈ। ਅੱਜ ਕਿਰਪਾ ਕਰਕੇ ਵਾਪਸ ਲੈ ਜਾਇਓ।

ਜਿਸ ਨੂੰ ਪਰਮਾਤਮਾ ਨੇ ਪਰਮ ਜੀਵਨ ਦੀ ਬਖ਼ਸ਼ਿਸ਼ ਕਰ ਦਿੱਤੀ ਹੈ, ਉਨ੍ਹਾਂ ਦੀ ਸੋਚ-ਵਿਚਾਰ ਤੇ ਕਰਨੀ ਪੁਨੀਤ ਹੋ ਜਾਂਦੀ ਹੈ। ਉਨ੍ਹਾਂ ਦੇ ਲਹੂ ਅੰਦਰ ਲਾਲਚ ਦਾ ਰੰਗ ਨਹੀਂ ਹੁੰਦਾ। ਉਸ ਦਾ ਹਿਰਦਾ ਪ੍ਰਭੂ ਦਾ ਮੰਦਰ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ :

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥

(ਸਲੋਕ ਸੇਖ ਫਰੀਦ ਕੇ, ਮ: ੩, ਪੰਨਾ 1380)

ਆਮ ਮਨੁੱਖ ਜਿਸ ਜੀਵਨ ਨੂੰ ਜੀਵਨ ਸਮਝਦੇ ਹਨ, ਉਹ ਇਕ ਭਰਮ ਹੈ। ਮੌਤ ਦਾ ਸਹਿਮ ਹਰ ਵੇਲੇ ਬਣਿਆ ਰਹਿੰਦਾ ਹੈ। ਜ਼ਿੰਦਗੀ ਨਾਲ ਮੋਹ ਪ੍ਰਬਲ ਹੁੰਦਾ ਹੈ। ਭੈਅ-ਗ੍ਰਸਤ ਜੀਵਨ ਅੰਦਰ ਮੌਤ ਦਾ ਸਹਿਮ ਹਰ ਵੇਲੇ ਬਣਿਆ ਰਹਿੰਦਾ ਹੈ। ਬਾਦਸ਼ਾਹ ਸਿਕੰਦਰ ਨੇ ਸੰਸਾਰ ਨੂੰ ਜਿੱਤਣ ਦਾ ਸੰਕਲਪ ਕੀਤਾ। ਉਸ ਨੇ ਫ਼ੌਜਾਂ ਨੂੰ ਯੂਨਾਨ ਤੋਂ ਤੋਰਿਆ। ਇਕ ਸੰਤ ਡਾਇਓਨੀਜ਼ ਮਿਲਿਆ। ਉਸ ਨੇ ਬਾਦਸ਼ਾਹ ਨੂੰ ਪੁੱਛਿਆ ਕਿ ਏਨਾ ਲਾਮ-ਲਸ਼ਕਰ ਲੈ ਕੇ ਕਿਧਰ ਚੜ੍ਹਾਈ ਕੀਤੀ ਹੈ? ਸਿਕੰਦਰ ਨੇ ਕਿਹਾ—ਸੰਤ ਜੀ! ਸੰਸਾਰ ਨੂੰ ਜਿੱਤਣ ਦਾ ਸੰਕਲਪ ਬਣਾਇਆ ਹੈ। ਸੰਤ ਜੀ ਨੇ ਪੁੱਛਿਆ—ਸੰਸਾਰ ਨੂੰ ਜਿੱਤ ਕੇ ਕੀ ਕਰੋਗੇ? ਬਾਦਸ਼ਾਹ ਨੇ ਕਿਹਾ—ਫਿਰ ਆਰਾਮ ਕਰਾਂਗੇ। ਤਦ ਸੰਤ ਡਾਇਓਨੀਜ਼ ਨੇ ਆਪਣੇ ਕੁੱਤੇ ਨੂੰ ਆਵਾਜ਼ ਮਾਰ ਕੇ ਕਿਹਾ ਕਿ ਆ ਏਧਰ ਵੇਖ! ਬਾਦਸ਼ਾਹ ਸੰਸਾਰ ਜਿੱਤ ਕੇ ਆਰਾਮ ਕਰਨਾ ਚਾਹੁੰਦਾ ਹੈ। ਇਸ ਨਾਲੋਂ

ਇਹ ਗੱਲ ਚੰਗੀ ਹੈ ਕਿ ਅਸੀਂ ਬਿਨਾਂ ਸੰਸਾਰ ਜਿੱਤਿਆਂ ਹੀ ਆਰਾਮ ਕਰ ਰਹੇ ਹਾਂ। ਸੰਸਾਰ ਨੂੰ ਜਿੱਤਣ ਨਾਲ ਵੀ ਆਰਾਮ ਭਾਗਾਂ ਵਿਚ ਨਸੀਬ ਨਹੀਂ ਹੁੰਦਾ।

ਜਦ ਸੰਸਾਰ ਜਿੱਤਣ ਦਾ ਸੰਕਲਪ ਲੈਣ ਵਾਲਾ ਬਾਦਸ਼ਾਹ ਸਿਕੰਦਰ ਇਸ ਫ਼ਾਨੀ ਦੁਨੀਆ ਤੋਂ ਕੂਚ ਕਰਨ ਲੱਗਾ ਤਾਂ ਉਸ ਦੀ ਹਾਲਤ ਵੇਖਣ ਯੋਗ ਸੀ। ਆਪਣੇ ਵਜ਼ੀਰ ਅਹਿਲਕਾਰਾਂ ਅੱਗੇ ਤਰਲੇ ਲੈਂਦਾ ਹੈ ਕਿ ਕੋਈ ਬਚਾਅ ਲਵੇ। ਵੈਦਾਂ ਹਕੀਮਾਂ ਨੂੰ ਘਗਿਆ ਕੇ ਪੁੱਛਦਾ ਹੈ ਕਿ ਕੋਈ ਮੌਤ ਦੀ ਦਵਾ ਹੈ ਤਾਂ ਮੈਨੂੰ ਦਿਉ। ਮਾਇਆ ਦੇ ਖ਼ਜ਼ਾਨਿਆਂ ਨੂੰ ਫ਼ਰਿਆਦਾਂ ਕਰਦਾ ਹੈ। ਬਕੌਲੇ ਇਕ ਸ਼ਾਇਰ :

ਜ਼ਰ ਸਿਕੰਦਰ ਨੇ ਜਮਾਂ ਕਰ ਕਹਿ ਦੀਆ ਮੈਂ ਹੂੰ ਖ਼ੁਦਾ,
ਵਕਤ ਪੜਨੇ ਪਰ ਕਜ਼ਾ ਕਾ ਸਭ ਹੋਨੇ ਲਗੇ ਜੁਦਾ।

ਸਭ ਮੁਲਕ ਯੂਨਾਨ ਕੇ ਹਿਕਮਤ ਗਰੋਂ ਸੇ ਯੂੰ ਕਹਾ,
ਏ ਤਬੀਬੋ ਇਸ ਵਕਤ ਹੈ ਮੌਤ ਕੀ ਕੋਈ ਦਵਾ।

ਅਪਨੀ ਰਯਤ ਅਰ ਵਜ਼ੀਰੋਂ ਬੇਗਮੋਂ ਸੇ ਯੂੰ ਕਹਾ,
ਹੈ ਕੋਈ ਮੁਝ ਕੋ ਬਚਾਨੇ ਕੇ ਲੀਏ ਅਹਿਲੇ ਵਫ਼ਾ।

ਫੇਰ ਦੌਲਤ ਕਾ ਲਗਾ ਕਰ ਹਾਥ ਮੇਂ ਲੇ ਕਰ ਕਹਾ,
ਤੁਝ ਸੇ ਹੀ ਗਰ ਹੋ ਸਕੇ ਤੋ ਆਜ ਮੁਝ ਕੋ ਲੇਂ ਬਚਾ।

ਚਲਤੇ ਚਲਤੇ ਯੂੰ ਕਹਨੇ ਲਗੇ, ਜਨਾਜ਼ੇ ਪਰ ਮਿਰੇ,
ਹਾਥ ਖ਼ਾਲੀ ਹੈਂ, ਕਫ਼ਨ ਸੇ ਬਾਹਰ, ਹੈ ਮੇਰੀ ਰਜ਼ਾ।

ਔਰ ਸਿਕੰਦਰ ਕਾ ਜਨਾਜ਼ਾ ਕੂਚਾ ਕੂਚਾ ਮੇਂ ਫਿਰੇ,
ਤਾਂ ਕਿ ਸਭ ਕੋ ਬਾਖ਼ਬਰ ਕਰੇ ਯੇਹ ਆਖ਼ਿਰ ਕਾ ਸਮਾਂ।

ਤਨ ਦੀ ਮੌਤ ਨਾਲ ਸਭ ਨਾਲੋਂ ਸਬੰਧ ਟੁੱਟ ਜਾਂਦਾ ਹੈ, ਪਰ ਮਨ ਦੀ ਮੌਤ ਨਾਲ ਅਵਗੁਣਾਂ ਤੋਂ ਸਬੰਧ ਟੁੱਟਦਾ ਹੈ। ਪਰਮਾਤਮਾ ਨਾਲ ਸਬੰਧ ਜੁੜਦਾ ਹੈ। ਇਕ ਮਾਨਵਵਾਦੀ ਪਰਮ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਧਰਮ ਇਸ ਪਰਮ ਜੀਵਨ ਦੀ ਪ੍ਰਾਪਤੀ ਦਾ ਸਾਧਨ ਹੈ। ਧਾਰਮਿਕ ਜਗਤ ਅੰਦਰ ਜਿਨ੍ਹਾਂ ਨੂੰ ਇਹ ਅਵਸਥਾ ਪ੍ਰਾਪਤ ਹੋਈ, ਪਹਿਲਾਂ ਉਨ੍ਹਾਂ ਨੇ ਆਪਣੇ ਮਨ ਨੂੰ ਮਾਰਿਆ। ਮਨ ਦੇ ਸੁਭਾਅ ਨੂੰ ਗੁਰ-ਸ਼ਬਦ ਦੁਆਰਾ ਬਦਲਿਆ। ਬਦਲੇ ਸੁਭਾਅ ਨੂੰ ਧਾਰਮਿਕ ਸ਼ਬਦਾਵਲੀ 'ਚ ਮਰਨਾ ਆਖਦੇ ਹਨ। ਇਸ ਤੋਂ ਬਾਅਦ ਹੀ ਪਰਮ ਜੀਵਨ ਦਾ ਪਰਮ ਰਸ ਪ੍ਰਾਪਤ ਹੁੰਦਾ ਹੈ।

ਸਫ਼ਰ ਤੇ ਮੰਜ਼ਲ

ਅਧਿਆਤਮਕ ਸਫ਼ਰ ਦੀ ਸ਼ੁਰੂਆਤ ਜ਼ਬਾਨ ਦੁਆਰਾ ਗੁਰਮੰਤ੍ਰ ਦੇ ਜਪ ਤੋਂ ਸ਼ੁਰੂ ਹੁੰਦੀ ਹੈ। ਮੰਜ਼ਲ ਹੈ ਪਰਮਾਤਮਾ :

ਵਾਹਿਗੁਰੂ ਗੁਰੂ ਮੰਤ੍ ਹੈ ਜਪ ਹਉਮੈਂ ਖੋਈ ॥ *(ਵਾਰ 13, ਪਉੜੀ 2)*

ਜਿਸ ਮਨੁੱਖ ਨੇ ਅਜੇ ਅਧਿਆਤਮਕ ਸਫ਼ਰ ਦੀ ਸ਼ੁਰੂਆਤ ਹੀ ਨਹੀਂ ਕੀਤੀ; ਉਸ ਲਈ ਮੰਜ਼ਲ ਮਹਿਜ਼ ਕਲਪਨਾ ਹੀ ਹੈ। ਪਰਮਾਤਮਾ ਦਾ ਨਾਮ ਸਿਮਰ-ਸਿਮਰ ਕੇ ਨਾਮ ਰਸਿਕ ਪੁਰਸ਼ ਦਾ ਚਿੱਤ ਪਰਮਾਤਮਾ ਨਾਲ ਜੁੜ ਜਾਂਦਾ ਹੈ ਤਾਂ ਦੁੱਖਾਂ ਦਾ ਖ਼ਾਤਮਾ ਹੋ ਜਾਂਦਾ ਹੈ। ਸੁਖ ਸਹਿਜ ਵਿਚ ਬਿਰਤੀ ਅਨੰਦਿਤ ਰਹਿੰਦੀ ਹੈ। ਪਰਮ ਖੇੜਾ ਪ੍ਰਾਪਤ ਹੁੰਦਾ ਹੈ :

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ *(ਜਪੁਜੀ)*

ਫਿਰ ਤਾਂ ਮਨ ਮਾਇਆ ਤੋਂ ਉਪਜੇ ਵਿਕਾਰਾਂ 'ਤੇ ਜੇਤੂ ਹੋ ਜਾਂਦਾ ਹੈ। ਸਭ ਬੰਧਨ ਟੁੱਟ ਜਾਂਦੇ ਹਨ। ਆਵਾਗਉਣ ਮੁੱਕ ਜਾਂਦਾ ਹੈ। ਜਨਮ-ਜਨਮ ਵਿਚਲੇ ਚੱਕਰ ਕੱਟੇ ਜਾਂਦੇ ਹਨ :

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥
(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 258)

ਗੁਰਮੁਖ ਮਾਇਆ ਵਿਚ ਰਹਿੰਦਿਆਂ ਇੰਜ ਨਿਰਲੇਪ ਰਹਿੰਦਾ ਹੈ ਜਿਵੇਂ ਕਮਲ ਦਾ ਫੁੱਲ ਪਾਣੀ ਅੰਦਰ ਰਹਿੰਦਾ ਹੋਇਆ ਪਾਣੀ ਦੇ ਅੰਦਰ ਡੁੱਬਦਾ ਨਹੀਂ, ਸਗੋਂ ਉਸ ਦੇ ਪ੍ਰਭਾਵ ਤੋਂ ਉੱਚਾ ਸੂਰਜ ਵੱਲ ਮੁੱਖੜਾ ਰੱਖਦਾ ਹੈ। ਗੁਰਵਾਕ ਹੈ :

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥
(ਮਾਰੂ ਮਹਲਾ ੪, ਪੰਨਾ 1070)

ਨਾਮ ਰਸਿਕ ਨੂੰ ਧੀਆਂ, ਪੁੱਤਰ, ਪਦਾਰਥ, ਪਦਵੀ, ਦੌਲਤ ਬੰਧਨ ਨਹੀਂ ਬਣਦੇ। ਵੈਸੇ ਵੀ ਸੰਸਾਰਕ ਸੰਬੰਧੀ ਤੇ ਦੁਨੀਆ ਦੇ ਪਦਾਰਥ ਯਾਤਰਾ ਦੇ ਪੜਾਅ ਹੀ ਹਨ, ਮੰਜ਼ਲ ਨਹੀਂ। ਜੋ ਇਨ੍ਹਾਂ ਨੂੰ ਮੰਜ਼ਲ ਸਮਝ ਕੇ ਇਨ੍ਹਾਂ ਤਕ ਹੀ ਸੁਰਤ ਅਟਕਾ ਕੇ ਬੈਠ ਗਿਆ, ਉਹ ਹੀ ਸੰਸਾਰੀ ਹੈ। ਜੋ ਇਨ੍ਹਾਂ ਪੜਾਵਾਂ ਤੋਂ ਅੱਗੇ ਨਿਕਲ ਗਿਆ, ਉਹ ਹੀ ਭਗਤ ਹੈ, ਬ੍ਰਹਮ ਗਿਆਨੀ ਹੈ।

ਅਧਿਆਤਮਕ ਮੰਡਲਾਂ ਦੀ ਸਿਖਰਤਾ 'ਤੇ ਪਹੁੰਚਣ ਵਾਸਤੇ ਨਾਮ ਅਭਿਆਸੀ ਨੂੰ ਬਹੁਤ ਹਿੰਮਤ ਦੀ ਲੋੜ ਹੁੰਦੀ ਹੈ। ਗੁਰੂ ਜੀ ਦੇ ਚਰਨਾਂ ਵਿੱਚ ਬਾਰ-ਬਾਰ ਬਖ਼ਸ਼ਿਸ਼ ਦੀ ਮੰਗ, ਅਰਦਾਸ ਕਰਨੀ ਪੈਂਦੀ ਹੈ। ਜੈਸੇ ਧਰਤੀ ਤੋਂ ਉੱਠ ਕੇ ਜੋ ਵੀ ਉਪਗ੍ਰਹਿ ਪੁਲਾੜ ਨੂੰ ਜਾਂਦਾ ਹੈ, ਉਸ ਨੂੰ ਧਰਤੀ ਦੀ ਕਸ਼ਿਸ਼ ਵਿੱਚੋਂ ਨਿਕਲਣ ਵਾਸਤੇ ਬੜੀ ਸ਼ਕਤੀ ਲਾਉਣੀ ਪੈਂਦੀ ਹੈ। ਧਰਤੀ ਦੀ ਖਿੱਚ ਇਕ ਖ਼ਾਸ ਹੱਦ ਤਕ ਹੈ। ਉਸ ਤੋਂ ਅੱਗੇ ਦੂਜੇ ਨਛੱਤਰਾਂ ਦੀ ਖਿੱਚ ਸ਼ੁਰੂ ਹੋ ਜਾਂਦੀ ਹੈ।

ਅਧਿਆਤਮਕ ਦੁਨੀਆ ਦੀ ਗਾਥਾ ਵੀ ਐਸੀ ਹੀ ਹੈ। ਸੰਸਾਰ ਦੇ ਪਦਾਰਥ ਧਰਤੀ ਉਪਰ ਹੀ ਹਨ ਤਾਂ ਮਨੁੱਖ ਦੀ ਸੁਰਤ ਵੀ ਧਰਤੀ ਦੀ ਤਰਫ਼ ਹੀ ਬਾਰ-ਬਾਰ ਆਉਂਦੀ ਹੈ। ਕੋਈ ਨਾਮ-ਅਭਿਆਸੀ ਜਦ ਪਹਿਲੇ ਪਹਿਲੇ ਅਭਿਆਸ ਕਰਦਾ ਹੈ ਤਾਂ ਧਿਆਨ ਪਦਾਰਥਾਂ ਉੱਤੇ ਆ ਕੇਂਦਰਿਤ ਹੋ ਜਾਂਦਾ ਹੈ। ਹੱਥ ਵਿਚ ਗੁਟਕਾ ਹੈ, ਜਪੁਜੀ ਸਾਹਿਬ ਪੜ੍ਹਦਾ ਹੈ, ਮਨ ਕਾਮਨਾਵਾਂ ਦੀ ਤਰਫ਼ ਚਲਾ ਜਾਂਦਾ ਹੈ। ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਮਨ ਆਪਣੀ ਵਸਾਈ ਹੋਈ ਦੁਨੀਆ ਦੀ ਸੈਰ 'ਤੇ ਨਿਕਲ ਜਾਂਦਾ ਹੈ। ਇਸ ਤਰ੍ਹਾਂ ਅਨੇਕਾਂ ਵਾਰ ਹੁੰਦਾ ਹੈ।

ਉੱਚ ਅਮਲ ਵਿਹੂਣੇ ਫ਼ਲਸਫ਼ੇ ਦੀ ਸੁਰਤ ਤਾਂ ਹਮੇਸ਼ਾ ਹੀ ਹੇਠਾਂ ਨਿਵਾਣਾਂ ਦੀ ਤਰਫ਼ ਚੱਲਦੀ ਹੈ। ਇੱਲ ਭਾਵੇਂ ਕਿੰਨੀਆਂ ਵੀ ਉੱਚੀਆਂ ਉਡਾਣਾਂ ਭਰਦੀ ਹੋਵੇ; ਪਰਬਤ, ਦਰਿਆ, ਜੰਗਲਾਂ ਬੇਲਿਆਂ ਉਪਰ ਉੱਡਦੀ ਦਿੱਸਦੀ ਹੈ ਪਰ ਬੈਠਦੀ ਮੁਰਦਾਰ ਉੱਤੇ ਹੀ ਹੈ। ਹੇਠਾਂ ਧਰਤੀ 'ਤੇ ਮੁਰਦਾ ਦੇਖ ਕੇ ਉੱਡਣਾ ਹੀ ਭੁੱਲ ਜਾਂਦੀ ਹੈ :

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥
(ਗਉੜੀ ਕੀ ਵਾਰ ਮਹਲਾ ੫, ਪੰਨਾ 322)

ਬੜੀ ਪ੍ਰਬਲ ਹੈ ਸੰਸਾਰ ਦੀ ਖਿੱਚ। ਇਹ ਚਮਕ ਦਮਕ ਮਨੁੱਖ ਨੂੰ ਸੁਭਾਇਮਾਨ ਤੇ ਭੁਲਾਇਮਾਨ ਕਰ ਕੇ ਰੱਖ ਦਿੰਦੀ ਹੈ। ਸੁਰਤ ਹੇਠਾਂ ਨਾ ਡਿੱਗੇ ਤਾਂ ਬੜੀ ਸਾਵਧਾਨਤਾ ਚਾਹੀਦੀ ਹੈ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ *(ਗਉੜੀ ਸੁਖਮਨੀ ਮ: ੫, ਪੰਨਾ 295)*

ਜੈਸੇ ਪਾਣੀ ਉਪਰ ਚੜ੍ਹਾਉਣਾ ਹੈ ਤਾਂ ਪ੍ਰੈਸ਼ਰ ਬਣਾਉਣਾ ਪੈਂਦਾ ਹੈ। ਮਨ ਪ੍ਰਭੂ ਦੇ ਚਿੰਤਨ ਦੁਆਰਾ ਹੀ ਸੰਸਾਰ ਤੋਂ ਉਪਰ ਉਠੇਗਾ। ਠੀਕ ਹੈ ਚਿੱਕੜ ਤਾਂ ਆਪਣਾ ਪ੍ਰਭਾਵ ਬਣਾ ਕੇ ਰੱਖਦਾ ਹੈ। ਸੁਰਤ ਅਕਸਰ ਹੀ ਫਸੀ ਰਹਿੰਦੀ ਹੈ :

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥
(ਕਾਨੜਾ ਮਹਲਾ ੪, ਪੰਨਾ 1311)

ਬਾਬਾ ਫ਼ਰੀਦ ਜੀ ਪ੍ਰਮਾਰਥ 'ਤੇ ਚੱਲਣ ਵਾਲਿਆਂ ਨਾਲ ਇਕ ਵੀਚਾਰ ਸਾਂਝਾ ਕਰਦੇ ਹਨ ਕਿ ਚਿੱਕੜ ਤਾਂ ਆਵੇਗਾ ਹੀ—ਮੋਹ ਬਣ ਕੇ, ਵਾਸਨਾ ਬਣ ਕੇ, ਲੋਭ ਬਣ ਕੇ, ਸੁਰਤ ਨੂੰ ਘੁੱਟ ਕੇ ਫੜ ਲੈਂਦਾ ਹੈ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥

(ਸਲੋਕ ਸੇਖ ਫਰੀਦ ਕੇ, ਪੰਨਾ 1379)

ਪਿਆਰੇ ਨੂੰ ਮਿਲਣ ਦੀ ਤਾਂਘ ਪੈਦਾ ਹੋਈ, ਪਰ ਕੀ ਕਰੀਏ ? ਨਾਲ ਹੀ ਮਿਲਣ 'ਚ ਰੁਕਾਵਟਾਂ ਖੜੀਆਂ ਹਨ। ਅਹੰਕਾਰ ਆ ਜਾਂਦਾ ਹੈ, ਲੋਭ ਆ ਜਾਂਦਾ ਹੈ। ਈਰਾਨੀ ਸੰਤ ਸ਼ੇਖ਼ ਸਾਅਦੀ ਜੀ ਨੇ ਕਿਹਾ ਕਿ ਮੈਂ ਖ਼ੁਦਾ ਨੂੰ ਆਵਾਜ਼ ਦਿੱਤੀ ਕਿ ਖ਼ੁਦਾ ਆ, ਮੇਰੇ ਸਿੰਘਾਸਨ 'ਤੇ ਬੈਠ। ਖ਼ੁਦਾ ਨੇ ਕਿਹਾ ਕਿ ਮੈਨੂੰ ਕਿਥੇ ਬਿਠਾਵੇਂਗਾ ? ਵੇਖ ਤੇਰੇ ਹਿਰਦੇ ਦੇ ਸਿੰਘਾਸਨ 'ਤੇ ਕੋਈ ਹੋਰ ਹੀ ਬੈਠਾ ਹੈ। ਮੇਰੇ ਬੈਠਣ ਦੀ ਜਗ੍ਹਾ ਕਿਥੇ ਹੈ ? ਸਾਅਦੀ ਜੀ ਕਹਿੰਦੇ ਹਨ ਕਿ ਮੈਂ ਵੇਖਿਆ ਹਿਰਦੇ ਦੇ ਸਿੰਘਾਸਨ 'ਤੇ ਕਦੇ ਲੋਭ ਬੈਠਾ ਹੈ, ਕਦੇ ਅਹੰਕਾਰ ਬੈਠ ਜਾਂਦਾ ਹੈ, ਕਦੇ ਮੋਹ ਬੈਠ ਜਾਂਦਾ ਹੈ। ਇਨ੍ਹਾਂ ਕੋਲੋਂ ਹਿਰਦੇ ਦੇ ਸਿੰਘਾਸਨ ਨੂੰ ਖ਼ਾਲੀ ਕਰਵਾਈਏ ਤਾਂ ਹੀ ਖ਼ੁਦਾ ਬੈਠੇਗਾ। ਖ਼ੁਦਾ ਨੂੰ ਮਿਲਣ ਦੀ ਤਾਂਘ ਤਾਂ ਪ੍ਰਬਲ ਹੈ। ਹਉਮੈ ਦੀ ਵਰਖਾ ਹੋ ਰਹੀ ਹੈ। ਆਸਾ ਮਨਸਾ ਦੀ ਕੰਬਲੀ ਭਾਰੀ ਹੋਈ ਜਾਂਦੀ ਹੈ। ਸੁਰਤ ਦਾ ਤੁਰਨਾ ਮੁਸ਼ਕਲ ਹੈ।

ਪਰ ਐ ਮਨੁੱਖ ! ਤੂੰ ਘਬਰਾ ਨਾ ਜਾਵੀਂ। ਗੁਰੂ ਦਾ ਆਸਰਾ ਲੈ ਕੇ ਸਹਿਜੇ-ਸਹਿਜੇ ਤੁਰਿਆ ਚੱਲ। ਪਿਆਰੇ ਦੇ ਨੇਹੁੰ ਨੂੰ ਕੀਮਤੀ ਹੀਰੇ ਵਾਂਗ ਸੰਭਾਲ ਕੇ ਰੱਖੀਂ। ਇਹ ਚਿੱਕੜ ਕੁਝ ਹੱਦ ਤਕ ਹੀ ਹੈ। ਆਸਾ ਮਨਸਾ ਦੀ ਕੰਬਲੀ ਦਾ ਬੋਝ ਵੀ ਕੁਝ ਸਮੇਂ ਤਕ ਹੈ। ਅਗਲੇ ਸਫ਼ਰ ਉੱਤੇ ਤਾਂ ਮਿਲਾਪ ਦਾ ਪਰਮ ਰਸ ਹੈ। ਬਹਾਰਾਂ ਹੀ ਬਹਾਰਾਂ ਹਨ। ਖੇੜਿਆਂ ਭਰੇ ਬਗ਼ੀਚੇ ਹਨ :

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਸਲੋਕ ਸੇਖ ਫਰੀਦ ਕੇ, ਪੰਨਾ 1379)

ਇਕ ਸੁਆਲ ਪੈਦਾ ਹੁੰਦਾ ਹੈ ਕਿ ਇਹ ਚਿੱਕੜ ਰੁਕਾਵਟਾਂ ਕਿਸ ਨੇ ਪੈਦਾ ਕੀਤੇ ਜੋ ਸੁਰਤ ਨੂੰ ਅਟਕਾਈ ਰੱਖਦੇ ਹਨ, ਪਿਆਰੇ ਦੇ ਨੇਹੁੰ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਦਾ ਉੱਤਰ ਹੈ ਕਿ ਜਿਸ ਨੇ ਦਿਨ ਬਣਾਇਆ, ਰਾਤ ਵੀ ਉਸੇ ਨੇ ਹੀ ਬਣਾਈ ਹੈ :

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ *(ਆਸਾ ਮਹਲਾ ੧, ਪੰਨਾ 349)*

ਤਥਾ :

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ 918)

ਬ੍ਰਹਮ ਗਿਆਨ ਦੀ ਅਵਸਥਾ ਤੋਂ ਸਾਰਾ ਤਮਾਸ਼ਾ ਪ੍ਰਭੂ ਦਾ ਆਪਣਾ ਚੋਜ ਹੀ ਹੈ :

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥

(ਵਾਰ ਆਸਾ, ਮਹਲਾ ੨, ਪੰਨਾ 475)

ਸੰਸਾਰੀ ਸੋਚ ਤੋਂ ਨਿਰੰਕਾਰੀ ਸੋਚ ਤਕ ਪਹੁੰਚਣ ਦਾ ਸਫ਼ਰ ਜੋ ਹੈ, ਇਹ ਹੀ

ਹੈ ਅਧਿਆਤਮਕ ਪੰਧ। ਇਸ ਸਫ਼ਰ ਉੱਤੇ ਅਨੇਕਾਂ ਰੁਕਾਵਟਾਂ ਪਰਮਾਤਮਾ ਵੱਲੋਂ ਬੁਝਾਰਤਾਂ ਪਾਈਆਂ ਗਈਆਂ ਹਨ, ਜਿਨ੍ਹਾਂ ਨੂੰ ਜਗਿਆਸੂ ਨੇ ਸਤਿਗੁਰੂ ਜੀ ਦੀ ਉਸਤਤਿ ਰਾਹੀਂ, ਗਿਆਨ ਦੀ ਰੋਸ਼ਨੀ ਅੰਦਰ ਸਮਝ ਕੇ ਬੁੱਝਣਾ ਹੈ। ਇਥੇ ਆ ਕੇ ਅਭਿਆਸੀ ਨੇ ਬਾਰ-ਬਾਰ ਸਤਿਗੁਰੂ ਜੀ ਪਾਸੋਂ ਮਿਹਰ ਦੀ ਜਾਚਨਾ ਕਰਨੀ ਹੈ :

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ *(ਜਪੁਜੀ)*

ਤਥਾ :

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

(ਸਿਰੀਰਾਗੁ ਮਹਲਾ ਪਹਿਲਾ ੧, ਘਰੁ ੧, ਪੰਨਾ 14)

ਚੱਲਣ ਵਾਲਾ ਹੀ ਮੰਜ਼ਲ 'ਤੇ ਪਹੁੰਚਦਾ ਹੈ। ਸ਼ੋਮਣੀ ਭਗਤ ਕਬੀਰ ਜੀ ਕਹਿੰਦੇ ਹਨ ਕਿ ਦਰਵਾਜ਼ਾ ਖੜਕਾਉਂਦੇ ਹੀ ਰਹਿਣਾ ਚਾਹੀਦੈ, ਆਖ਼ਰ ਖੁੱਲ੍ਹੇਗਾ ਹੀ। ਲਗਨ ਹੀ ਮੰਜ਼ਲ 'ਤੇ ਪਹੁੰਚਾਂਦੀ ਹੈ :

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1376)

ਚੱਲਦੀ ਹੋਈ ਨਦੀ ਹੀ ਸ਼ਹੁ ਸਾਗਰ ਦਾ ਰੂਪ ਬਣਦੀ ਹੈ। ਭਾਵੇਂ ਨਦੀ ਦੇ ਰਸਤੇ ਵਿਚ ਵੀ ਆਪਣੇ ਤਰ੍ਹਾਂ ਦੀਆਂ ਰੁਕਾਵਟਾਂ ਆਉਂਦੀਆਂ ਹਨ। ਭਾਈ ਵੀਰ ਸਿੰਘ ਜੀ ਨੇ 'ਇੱਛਾ ਬਲ' ਝਰਨੇ ਨਾਲ ਵਾਰਤਾਲਾਪ ਕਰ ਕੇ ਲਗਨ ਦੀ ਮਹਾਨਤਾ ਨੂੰ ਪ੍ਰਗਟਾਇਆ ਹੈ :

ਪ੍ਰਸ਼ਨ : ਸੰਝ ਹੋਈ ਪਰਛਾਵੇਂ ਛਿਪ ਗਏ, ਕਿਉਂ ਇੱਛਾ ਬਲ ਤੂੰ ਜਾਰੀ।
ਨੈਂ ਸਰੋਦ ਕਰ ਰਹੀ ਉਵੇਂ, ਤੇ ਟੁਰਨੋਂ ਭੀ ਨਹੀਂ ਹਾਰੀ।
ਸੈਲਾਨੀ ਤੇ ਪੰਛੀ ਮਾਲੀ, ਹਨ ਸਭ ਆਰਾਮ ਵਿਚ ਆਏ,
ਸਹਿਮ ਸੁਆਦਲਾ ਛਾ ਰਿਹਾ ਸਾਰੇ, ਕੁਦਰਤ ਟਿਕ ਗਈ ਸਾਰੀ।
ਉੱਤਰ : ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ,
ਨਿਹੁੰ ਵਾਲੇ ਨੈਣਾਂ ਦੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨਾ ਕੋਈ, ਸੋ ਚਾਲ ਪਏ ਨਿੱਤ ਵਹਿੰਦੇ।

ਭਾਈ ਗੁਰਦਾਸ ਜੀ ਨੇ ਬਹੁਤ ਸੁੰਦਰ ਕਿਹਾ ਹੈ ਕਿ ਰਤਨਾਂ ਹੀਰਿਆਂ ਨੂੰ ਵੇਖਣ ਵਾਲਾ ਮਨੁੱਖ ਇਕ ਦਿਨ ਪਾਰਖੂ ਹੋ ਜਾਂਦਾ ਹੈ। ਸਰੋਤਾ ਇਕ ਦਿਨ ਤਾਂ ਗਿਆਨ ਦਾ ਸਾਗਰ ਹੋ ਜਾਂਦਾ ਹੈ। ਫੁੱਲਾਂ ਦੀ ਸੁਗੰਧੀ ਸੁੰਘਣ ਵਾਲਾ ਮਨੁੱਖ ਗਾਂਧੀ (ਸੁਗੰਧੀ ਦਾ ਗਿਆਨੀ) ਹੋ ਜਾਂਦਾ ਹੈ। ਗਾਇਣ ਦਾ ਅਭਿਆਸੀ ਇਕ ਵਧੀਆ ਗਾਇਕ ਬਣ ਜਾਂਦਾ ਹੈ। ਲੇਖ ਲਿਖਦਿਆਂ ਮਨੁੱਖ ਲੇਖਕ ਬਣ ਜਾਂਦਾ ਹੈ। ਵਸਤੂ ਪਦਾਰਥ ਚੱਖਣ ਵਾਲਾ ਹਰ ਰਸ ਦਾ ਜਾਨਣ ਵਾਲਾ ਬਣ ਜਾਂਦਾ ਹੈ। ਚੱਲਣ ਵਾਲਾ ਮੰਜ਼ਲ 'ਤੇ ਪਹੁੰਚਦਾ

ਹੈ। ਗੁਰੂ ਜੀ ਦੇ ਸ਼ਬਦ ਨੂੰ ਖੋਜਣ ਵਾਲਾ ਗੁਰ-ਸ਼ਬਦ ਅੰਦਰ ਲਿਵਲੀਨ ਹੋ ਜਾਂਦਾ ਹੈ। ਉਸ ਮਨੁੱਖ ਦੀ ਜੀਵਨ-ਯਾਤਰਾ ਸਕਾਰਥੀ ਅਤੇ ਅਨੰਦ-ਮਈ ਹੋ ਜਾਂਦੀ ਹੈ, ਜੋ ਗੁਰ-ਸ਼ਬਦ ਨਾਲ ਪਿਆਰ ਦੀ ਸਾਂਝ ਬਣਾ ਕੇ ਅਭਿਆਸੀ ਬਣ ਜਾਂਦਾ ਹੈ :

ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ,
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥
ਸੂੰਘਤ ਸੂੰਘਤ ਸੈਂਧਾ ਜੈਸੇ ਤਉ ਸੁਬਾਸੀ ਹੋਤ,
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ॥
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,
ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ॥
ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ,
ਖੋਜਤ ਖੋਜਤ ਗੁਰ ਸਬਦੁ ਲਿਵ ਲੀਨ ਹੈ॥੪੮੮॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਜੀਵਨ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਮਨੁੱਖਾ ਦੇਹ ਦੀ ਮਹਾਨਤਾ ਸਮਝ ਵੀ ਆਉਂਦੀ ਹੈ ਅਤੇ ਜੀਵਨ-ਯਾਤਰਾ ਵੀ ਸਫਲ ਹੁੰਦੀ ਹੈ। ਮੰਜ਼ਲ ਦੂਰ ਨਹੀਂ, ਦੂਰੀ ਸਿਰਫ਼ ਨਾ ਤੁਰਨ ਕਰਕੇ ਹੈ। ਅੱਖਾਂ ਦੇ ਖੁੱਲ੍ਹਦਿਆਂ ਰੋਸ਼ਨੀ ਨਾਲ ਸਬੰਧ ਬਣ ਜਾਂਦਾ ਹੈ। ਗੁਰਮੰਤ੍ਰ ਦੀ ਕਮਾਈ, ਪ੍ਰਭੂ ਚਿੰਤਨ ਦੁਆਰਾ ਹੀ ਪ੍ਰਭੂ ਵਿਚ ਅਭੇਦ ਹੋਈਦਾ ਹੈ :

ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ।

•